@Qpatrika @qaumipatrika punjabi instagram.com/ qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 28 June 2025

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ਨੀਵਾਰ 28 ਜੂਨ 2025, 14 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 228, qpatrika@gmail.com ਫੋਨ : 9971359517 www.qaumipatrika.org

## ਗਲੋਬਲ ਚੁਣੌਤੀਆਂ ਦੇ ਬਾਵਜੂਦ ਭਾਰਤ ਦੀ ਅਰਥਵਿਵਸਥਾ ਵਿਖਾ ਰਹੀ ਹੈ ਮਜ਼ਬੂਤੀ: ਆਰ. ਬੀ. ਆਈ.

ਕੌਮੀ ਪਤ੍ਰਿਕਾ

ਮੁੰਬਈ 27 ਜੂਨ। ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਨੇ ਨੂੰ ਆਪਣੇ ਜੂਨ ਬੁਲੇਟਿਨ 'ਚ ਕਿਹਾ ਕਿ ਗਲੋਬਲ ਬੇਭਰੋਸਗੀਆਂ ਦੇ ਬਾਵਜੂਦ ਭਾਰਤ ਦੇ ਉਦਯੋਗਕ ਅਤੇ ਸੇਵਾ ਖੇਤਰਾਂ 'ਚ ਆਰਥਿਕ ਗਤੀਵਿਧੀਆਂ ਮਜ਼ਬੂਤ ਬਣੀਆਂ ਹੋਈਆਂ ਹਨ। ਬੁਲੇਟਿਨ 'ਚ ਪ੍ਰਕਾਸ਼ਿਤ 'ਅਰਥਵਿਵਸਥਾ ਦੀ ਸਥਿਤੀ' ਸਿਰਲੇਖ ਵਾਲੇ ਲੇਖ 'ਚ ਦੱਸਿਆ ਗਿਆ ਕਿ ਵਪਾਰ ਨੀਤੀ ਦੀ ਬੇਭਰੋਸਗੀ ਅਤੇ ਭੂ-ਸਿਆਸੀ ਤਣਾਵਾਂ ਦੇ ਵਧਣ ਨਾਲ ਗਲੋਬਲ ਅਰਥਵਿਵਸਥਾ 'ਚ ਅਸਥਿਰਤਾ ਦਾ ਮਾਹੌਲ ਹੈ। ਆਰ. ਬੀ. ਆਈ. ਦੇ ਜੂਨ ਬੁਲੇਟਿਨ 'ਚ ਪ੍ਰਕਾਸ਼ਿਤ 'ਅਰਥਵਿਵਸਥਾ ਦੀ ਸਥਿਤੀ' ਸਿਰਲੇਖ ਵਾਲੇ ਲੇਖ 'ਚ ਕਿਹਾ ਗਿਆ ਕਿ ਵਪਾਰ ਨੀਤੀ ਬੇਭਰੋਸਗੀਆਂ ਅਤੇ ਭੂ-ਸਿਆਸੀ ਤਣਾਅ 'ਚ ਵਾਧੇ ਦੇ ਦੋਹਰੇ ਝਟਕੇ ਕਾਰਨ ਗਲੋਬਲ ਅਰਥਵਿਵਸਥਾ ਉਥਲ-ਪੁਥਲ ਦੀ ਸਥਿਤੀ 'ਚ ਹੈ। ਇਸ 'ਚ ਕਿਹਾ ਗਿਆ, "ਵਧੀ ਹੋਈ ਗਲੋਬਲ ਬੇਭਰੋਸਗੀ ਦੀ ਇਸ ਸਥਿਤੀ 'ਚ ਮਈ, 2025 ਲਈ ਵੱਖ-ਵੱਖ ਉੱਚ ਫ?ਰੀਕੁਐਂਸੀ ਇੰਡੈਕਸ ਭਾਰਤ 'ਚ ਉਦਯੋਗਕ ਅਤੇ ਸੇਵਾ ਖੇਤਰਾਂ 'ਚ ਮਜ਼ਬੂਤ ਆਰਥਿਕ ਗਤੀਵਿਧੀਆਂ ਵੱਲ ਇਸ਼ਾਰਾ ਕਰਦੇ ਹਨ।

## ਕੋਲਕਾਤਾ ਰੇਪ ਕੇਸ ਮਾਮਲੇ 'ਚ ਮਹਿਲਾ ਕਮਿਸ਼ਨ ਨੇ ਪੁਲਸ ਕਮਿਸ਼ਨਰ ਨੂੰ ਲਿਖੀ ਚਿੱਠੀ

ਨੈਸ਼ਨਲ ਡੈਸਕ 27 ਜੂਨ। ਕੋਲਕਾਤਾ ਦੇ ਆਰ.ਜੀ. ਕਰ ਹਸਪਤਾਲ 'ਚ ਮਹਿਲਾ ਡਾਕਟਰ ਨਾਲ ਹੋਏ ਜਬਰ-ਜਨਾਹ ਮਗਰੋਂ ਉੱਥੋਂ ਹੀ ਇਕ ਹੋਰ ਖ਼ਬਰ ਸਾਹਮਣੇ ਆਈ ਹੈ, ਜਿੱਥੇ ਬੀਤੇ ਦਿਨ ਇਕ ਲਾਅ ਕਾਲਜ ਦੀ ਵਿਦਿਆਰਥਣ ਨੂੰ ਉਸੇ ਦੇ 2 ਸੀਨੀਅਰ ਵਿਦਿਆਰਥੀ ਤੇ ਇਕ ਪਾਸ ਆਊਟ ਨੌਜਵਾਨ ਨੇ ਹਵਸ ਦਾ ਸ਼ਿਕਾਰ ਬਣਾਇਆ। ਇਸ ਮਾਮਲੇ 'ਚ ਪੁਲਸ ਨੇ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਮਾਮਲੇ ਦੀ ਅਗਲੇਰੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਹੈ। ਇਹ ਮਾਮਲਾ ਧਿਆਨ 'ਚ ਆਉਣ ਮਗਰੋਂ ਹੁਣ ਰਾਸ਼ਟਰੀ ਮਹਿਲਾ ਕਮਿਸ਼ਨ ਨੇ ਵੀ ਇਸ ਮਾਮਲੇ 'ਚ ਦਖ਼ਲ ਦਿੱਤਾ ਹੈ ਤੇ ਪੀੜਤ ਵਿਦਿਆਰਥਣ ਦੇ ਹੱਕ 'ਚ ਆਵਾਜ਼ ਉਠਾਈ ਹੈ। ਮਹਿਲਾ ਕਮਿਸ਼ਨ ਦੀ ਚੇਅਰਪਰਸਨ ਵਿਜਯਾ ਰਾਹਤਕਰ ਨੇ ਮਾਮਲੇ ਦਾ ਸੂ-ਮੋਟੂ ਨੋਟਿਸ ਲੈਂਦੇ ਹੋਏ ਕੋਲਕਾਤਾ ਪੁਲਸ ਕਮਿਸ਼ਨਰ ਨੂੰ ਚਿੱਠੀ ਲਿਖ ਮਾਮਲੇ ਦੀ ਤੇਜ਼ੀ ਨਾਲ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਪੁਲਸ ਨੂੰ 3 ਦਿਨਾਂ ਅੰਦਰ ਕਾਰਵਾਈ ਦੀ ਰਿਪੋਰਟ ਪੇਸ਼ ਕਰਨ ਦਾ ਵੀ ਹੁਕਮ ਸੁਣਾਇਆ ਹੈ। ਉਨ੍ਹਾਂ ਪੀੜਤ ਦੇ ਹੱਕ 'ਚ ਆਵਾਜ਼ ਉਠਾਉਂਦਿਆਂ ਉਸ ਨੂੰ ਹਰ ਤਰ੍ਹਾਂ ਦੀ ਮੈਡੀਕਲ, ਮਾਨਸਿਕ ਤੇ ਕਾਨੂੰਨੀ ਮਦਦ ਦਿਵਾਉਣ 'ਤੇ ਵੀ ਜ਼ੋਰ ਦਿੱਤਾ ਤੇ ਉਸ ਨੂੰ ਬੀ.ਐੱਨ.ਐੱਸ. ਦੀ ਧਾਰਾ 396 ਦੇ ਤਹਿਤ ਮੁਆਵਜ਼ਾ ਦਿਵਾਉਣ ਦਾ ਵੀ ਆਦੇਸ਼ ਸੁਣਾਇਆ।

## ਦਿੱਲੀ ਦੇ ਬਵਾਨਾ ਵਿੱਚ ਦਿਨ-ਦਿਹਾੜੇ ਗੈਂਗਵਾਰ

ਨਵੀਂ ਦਿੱਲੀ 27 ਜੂਨ। ਦਿੱਲੀ ਦੇ ਬਵਾਨਾ ਇਲਾਕੇ ਵਿੱਚ ਦਿਨ-ਦਿਹਾੜੇ ਗੈਂਗਵਾਰ ਦੀ ਇੱਕ ਘਟਨਾ ਸਾਹਮਣੇ ਆਈ ਹੈ। ਸਵੇਰ ਦੀ ਸੈਰ ਲਈ ਨਿਕਲੇ ਦੀਪਕ ਨਾਮ ਦੇ ਇੱਕ ਵਿਅਕਤੀ ਨੂੰ ਬਦਮਾਸ਼ਾਂ ਨੇ ਗੋਲੀ ਮਾਰ ਦਿੱਤੀ। ਜਿਸ ਵਿਅਕਤੀ ਨੂੰ ਮਾਰਿਆ ਗਿਆ ਹੈ ਉਹ ਗੈਂਗਸਟਰ ਮਨਜੀਤ ਮਾਹਲ ਦਾ ਰਿਸ਼ਤੇਦਾਰ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ। ਇਸ ਦੇ ਨਾਲ ਹੀ ਸਥਾਨਕ ਲੋਕਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਹਮਲੇ ਦੇ ਪਿੱਛੇ ਦੇ ਕਾਰਨਾਂ ਦਾ ਵੀ ਪਤਾ ਲਗਾਇਆ ਜਾ ਰਿਹਾ ਹੈ। ਜੇਕਰ ਦਿੱਲੀ ਪੁਲਿਸ ਦੇ ਸੂਤਰਾਂ ਦੀ ਮੰਨੀਏ ਤਾਂ ਇਸ ਕਤਲ ਪਿੱਛੇ ਲੰਡਨ ਵਿੱਚ ਰਹਿਣ ਵਾਲਾ ਬਦਨਾਮ ਗੈਂਗਸਟਰ ਨੰਦੂ ਦਾ ਹੱਥ ਹੋ ਸਕਦਾ ਹੈ। ਫਰਾਰ ਨੰਦੂ ਵਿਰੁੱਧ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਗਿਆ ਹੈ। ਦਰਅਸਲ, ਨੰਦੂ ਅਤੇ ਮਨਜੀਤ ਮਾਹਲ ਵਿਚਕਾਰ ਸਾਲਾਂ ਤੋਂ ਦੁਸ਼ਮਣੀ ਚੱਲ ਰਹੀ ਹੈ ਜਿਸ ਵਿੱਚ ਹੁਣ ਤੱਕ ਦੋਵਾਂ ਪਾਸਿਆਂ ਤੋਂ ਇੱਕ ਦਰਜਨ ਲੋਕ ਮਾਰੇ ਜਾ ਚੁੱਕੇ ਹਨ। ਮਨਜੀਤ ਨਾਲ ਦੁਸ਼ਮਣੀ ਕਾਰਨ ਨੰਦੂ ਨੇ 2 ਸਾਲ ਪਹਿਲਾਂ ਇੱਕ ਭਾਜਪਾ ਨੇਤਾ ਦਾ ਕਤਲ ਵੀ ਕੀਤਾ ਸੀ। ਦੀਪਕ ਨੂੰ ਕਈ ਗੋਲੀਆਂ ਲੱਗੀਆਂ ਅਤੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਹਮਲੇ ਵਿੱਚ ਦੀਪਕ ਦੀ ਧੀ ਜ਼ਖਮੀ ਹੋ ਗਈ।

# 'ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣਾ ਦੋਵਾਂ ਦੇਸ਼ਾਂ ਦੇ ਹਿੱਤ 'ਚ ਹੈ': ਰਾਜਨਾਥ ਸਿੰਘ



ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 27 ਜੂਨ। ਸ਼ੰਘਾਈ ਸਹਿਯੋਗ ਸੰਗਠਨ ਦੀ ਮੀਟਿੰਗ 'ਚ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਚੀਨ ਦੇ ਰੱਖਿਆ ਮੰਤਰੀ ਡੋਂਗ ਜੂਨ ਵਿਚਕਾਰ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਹ ਮੀਟਿੰਗ ਚੀਨ ਦੇ ਕਿੰਗਦਾਓ ਸ਼ਹਿਰ 'ਚ ਹੋਈ। ਮੀਟਿੰਗ ਦੌਰਾਨ ਰਾਜਨਾਥ ਸਿੰਘ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤ ਅਤੇ ਚੀਨ ਨੂੰ ਕਿਸੇ ਵੀ ਨਵੇਂ ਤਣਾਅ ਤੋਂ ਬਚਣਾ ਚਾਹੀਦਾ ਹੈ ਅਤੇ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣਾ ਦੋਵਾਂ ਦੇਸ਼ਾਂ ਦੇ ਹਿੱਤ 'ਚ ਹੈ। ਇਸ ਗੱਲਬਾਤ ਦੌਰਾਨ ਕੈਲਾਸ਼ ਮਾਨਸਰੋਵਰ ਯਾਤਰਾ 'ਤੇ ਵੀ ਚਰਚਾ ਹੋਈ। ਇਹ ਯਾਤਰਾ ਪਿਛਲੇ ਛੇ ਸਾਲਾਂ ਤੋਂ ਮੁਲਤਵੀ ਸੀ। ਰਾਜਨਾਥ ਸਿੰਘ ਨੇ ਦੱਸਿਆ ਕਿ ਹੁਣ ਇਹ ਧਾਰਮਿਕ ਯਾਤਰਾ ਦੁਬਾਰਾ ਸ਼ੁਰੂ ਕੀਤੀ ਜਾ ਰਹੀ ਹੈ। ਧਿਆਨ ਦੇਣ ਯੋਗ ਹੈ ਕਿ ਇਹ ਯਾਤਰਾ 2020 ਵਿੱਚ ਕੋਵਿਡ-19 ਮਹਾਮਾਰੀ ਕਾਰਨ ਰੋਕ ਦਿੱਤੀ ਗਈ ਸੀ। ਇਸ ਤੋਂ ਬਾਅਦ ਗਲਵਾਨ ਘਾਟੀ 'ਚ ਭਾਰਤ ਅਤੇ ਚੀਨ ਵਿਚਕਾਰ ਫੌਜੀ ਟਕਰਾਅ ਕਾਰਨ ਇਸਨੂੰ ਦੁਬਾਰਾ ਸ਼ੁਰੂ ਨਹੀਂ ਕੀਤਾ ਜਾ ਸਕਿਆ। ਹੁਣ ਜਦੋਂ ਗੱਲਬਾਤ ਦਾ ਦੌਰ ਦੁਬਾਰਾ ਸ਼ੁਰੂ ਹੋ ਰਿਹਾ ਹੈ, ਤਾਂ ਯਾਤਰਾ ਦੀ ਮੁੜ ਸ਼ੁਰੂਆਤ ਨੂੰ ਇੱਕ ਸਕਾਰਾਤਮਕ ਸੰਕੇਤ ਮੰਨਿਆ ਜਾ ਰਿਹਾ ਹੈ। ਰਾਜਨਾਥ ਸਿੰਘ ਦੀ ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ ਜਦੋਂ ਭਾਰਤ ਅਤੇ ਚੀਨ ਵਿਚਕਾਰ ਸਰਹੱਦੀ ਵਿਵਾਦ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਰਹੱਦਾਂ 'ਤੇ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣਾ ਮਹੱਤਵਪੂਰਨ ਹੈ। ਦੋਵਾਂ ਦੇਸ਼ਾਂ ਨੂੰ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੋਂ ਬਚਣਾ ਚਾਹੀਦਾ ਹੈ। ਮੀਟਿੰਗ ਦੌਰਾਨ, ਰਾਜਨਾਥ ਸਿੰਘ ਨੇ ਚੀਨੀ ਰੱਖਿਆ ਮੰਤਰੀ ਨੂੰ ਬਿਹਾਰ ਦੀ ਰਵਾਇਤੀ ਮਧੂਬਨੀ ਪੇਂਟਿੰਗ ਭੇਟ ਕੀਤੀ। ਇਸ ਕਲਾ ਨੂੰ ਮਿਥਿਲਾ ਪੇਂਟਿੰਗ ਵੀ ਕਿਹਾ ਜਾਂਦਾ ਹੈ, ਜੋ ਕਿ ਬਿਹਾਰ ਦੇ ਮਿਥਿਲਾ ਖੇਤਰ ਵਿੱਚ ਪ੍ਰਚਲਿਤ ਹੈ। ਇਹ ਪੇਂਟਿੰਗ ਆਪਣੇ ਵਧੀਆ ਡਿਜ਼ਾਈਨ, ਚਮਕਦਾਰ ਰੰਗਾਂ ਅਤੇ ਰਵਾਇਤੀ ਕਬਾਇਲੀ ਚਿੱਤਰਾਂ ਲਈ ਜਾਣੀ ਜਾਂਦੀ ਹੈ। ਜਦੋਂ SCO ਰੱਖਿਆ ਮੰਤਰੀਆਂ ਦੀ ਇਸ ਮੀਟਿੰਗ ਵਿੱਚ ਇੱਕ ਸਾਂਝੇ ਦਸਤਾਵੇਜ਼ 'ਤੇ ਦਸਤਖਤ ਕਰਨ ਦਾ ਸਮਾਂ ਆਇਆ, ਤਾਂ ਰਾਜਨਾਥ ਸਿੰਘ ਨੇ ਇਸ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਰਿਪੋਰਟਾਂ ਅਨੁਸਾਰ, ਦਸਤਾਵੇਜ਼ ਵਿੱਚ ਅੱਤਵਾਦ ਵਰਗੇ ਮਹੱਤਵਪੂਰਨ ਮੁੱਦਿਆਂ ਨੂੰ ਕਮਜ਼ੋਰ ਰੂਪ ਵਿੱਚ ਪੇਸ਼ ਕੀਤਾ ਗਿਆ ਸੀ, ਜੋ ਕਿ ਭਾਰਤ ਦੀ ਸਖ਼ਤ ਨੀਤੀ ਦੇ ਉਲਟ ਸੀ। ਇਸ ਕਾਰਨ ਭਾਰਤ ਨੇ ਇਸ ਵਿੱਚ ਹਿੱਸਾ ਨਹੀਂ ਲਿਆ।

# ਪੰਕਜ ਕੁਮਾਰ ਸਿੰਘ ਨੇ ਉੱਤਰ-ਪੱਛਮੀ ਦਿੱਲੀ ਦੇ ਪੂਥ ਖੁਰਦ ਵਿੱਚ ਸਥਿਤ ਮਹਾਰਿਸ਼ੀ ਵਾਲਮੀਕਿ ਹਸਪਤਾਲ ਦਾ ਅਚਾਨਕ ਨਿਰੀਖਣ ਕੀਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ। ਦਿੱਲੀ ਦੇ ਸਿਹਤ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਅੱਜ ਉੱਤਰ-ਪੱਛਮੀ ਦਿੱਲੀ ਦੇ ਬਵਾਨਾ ਦੇ ਪੂਥ ਖੁਰਦ ਵਿੱਚ ਸਥਿਤ ਮਹਾਰਿਸ਼ੀ ਵਾਲਮੀਕਿ ਹਸਪਤਾਲ ਦਾ ਅਚਾਨਕ ਨਿਰੀਖਣ ਕੀਤਾ। ਹਸਪਤਾਲ ਵਿੱਚ ਸਿਹਤ ਸੇਵਾਵਾਂ ਦੀ ਗੁਣਵੱਤਾ ਅਤੇ ਨਿਰਮਾਣ ਕਾਰਜ ਦੀ ਪ੍ਰਗਤੀ ਦੇ ਨਿਰੀਖਣ ਦੌਰਾਨ, ਦਿੱਲੀ ਦੇ ਸਮਾਜ ਭਲਾਈ ਮੰਤਰੀ ਸ਼੍ਰੀ ਰਵਿੰਦਰ ਸਿੰਘ (ਇੰਦਰਰਾਜ) ਵੀ ਸਿਹਤ ਮੰਤਰੀ ਡਾ. ਪੰਕਜ ਕੁਮਾਰ ਸਿੰਘ ਦੇ ਨਾਲ ਮੌਜੂਦ ਸਨ। ਸਿਹਤ ਮੰਤਰੀ ਡਾ: ਪੰਕਜ ਕੁਮਾਰ ਸਿੰਘ, ਜੋ ਮਹਾਰਿਸ਼ੀ ਵਾਲਮੀਕਿ ਹਸਪਤਾਲ ਦੇ ਅਚਨਚੇਤ ਨਿਰੀਖਣ ਲਈ ਪਹੁੰਚੇ ਸਨ, ਨੇ ਮਹਾਰਿਸ਼ੀ ਵਾਲਮੀਕਿ ਹਸਪਤਾਲ ਦੇ ਓਪੀਡੀ ਬਲਾਕ, ਸਿਹਤ ਸੇਵਾਵਾਂ ਦੀ ਗੁਣਵੱਤਾ, ਡਾਕਟਰਾਂ ਅਤੇ ਨਰਸਾਂ, ਡਾਕਟਰੀ ਉਪਕਰਣਾਂ ਦੀ ਉਪਲਬਧਤਾ, ਐਮਰਜੈਂਸੀ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਮੰਤਰੀ ਨੇ ਹਸਪਤਾਲ ਦੀ ਸਫਾਈ ਪ੍ਰਣਾਲੀ ਅਤੇ ਦਵਾਈਆਂ ਦੇ ਸਟਾਕ ਦੇ ਨਾਲ-ਨਾਲ ਮਰੀਜ਼ਾਂ ਲਈ ਉਪਲਬਧ ਸਹੂਲਤਾਂ ਦਾ ਵੀ ਜਾਇਜ਼ਾ ਲਿਆ। ਹਸਪਤਾਲ ਦੇ ਨਿਰੀਖਣ ਦੌਰਾਨ, ਮੰਤਰੀ ਨੇ ਓਪੀਡੀ ਵਿੱਚ ਮੌਜੂਦ ਮਰੀਜ਼ਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਨਾਲ-ਨਾਲ ਹਸਪਤਾਲ ਵਿੱਚ ਦਾਖਲ ਮਰੀਜ਼ਾਂ, ਡਾਕਟਰਾਂ ਅਤੇ ਸਿਹਤ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਅਤੇ ਸਾਰਿਆਂ ਦੀਆਂ ਸਮੱਸਿਆਵਾਂ ਸੁਣੀਆਂ। ਅਚਾਨਕ ਨਿਰੀਖਣ ਦੌਰਾਨ, ਡਾ: ਪੰਕਜ ਕੁਮਾਰ ਸਿੰਘ ਨੇ ਸਿਵਲ ਕੰਮਾਂ ਵਿੱਚ ਦੇਰੀ ਅਤੇ ਹਸਪਤਾਲ ਵਿੱਚ ਸਟਾਫ ਦੀ ਘਾਟ ਲਈ ਹਸਪਤਾਲ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਤਾੜਨਾ ਕੀਤੀ ਅਤੇ ਸਿਹਤ ਪ੍ਰਣਾਲੀ ਨੂੰ ਤੁਰੰਤ ਸੁਧਾਰਨ ਅਤੇ ਸਾਰੇ ਲੰਬਿਤ ਕੰਮਾਂ ਨੂੰ ਜਲਦੀ ਪੂਰਾ ਕਰਨ ਦੇ ਸਖ਼ਤ ਨਿਰਦੇਸ਼ ਵੀ ਦਿੱਤੇ। ਹਸਪਤਾਲ ਵਿੱਚ ਬੁਨਿਆਦੀ ਢਾਂਚੇ ਨਾਲ ਸਬੰਧਤ ਕਮੀਆਂ ਨੂੰ ਤੁਰੰਤ ਦੂਰ ਕਰਨ ਦੇ ਨਿਰਦੇਸ਼ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਸਬੰਧਤ ਵਿਭਾਗਾਂ ਦੇ ਸਹਿਯੋਗ ਨਾਲ ਸਾਰੇ ਲੰਬਿਤ ਨਿਰਮਾਣ ਕਾਰਜ ਜਲਦੀ ਪੂਰੇ ਕੀਤੇ ਜਾਣ। ਮੰਤਰੀ ਨੇ ਕਿਹਾ ਕਿ ਮਹਾਰਿਸ਼ੀ ਵਾਲਮੀਕਿ ਹਸਪਤਾਲ ਬਾਹਰੀ ਦਿੱਲੀ ਦੇ ਲੋਕਾਂ ਦੇ ਬਿਹਤਰ ਇਲਾਜ ਲਈ ਬਣਾਇਆ ਗਿਆ ਹੈ। ਜਿੱਥੇ ਬਾਹਰੀ ਦਿੱਲੀ ਵਿੱਚ ਰਹਿਣ ਵਾਲੇ ਲੋਕ ਇਸ ਉਮੀਦ ਨਾਲ ਪਹੁੰਚਦੇ ਹਨ ਕਿ ਉਨ੍ਹਾਂ ਨੂੰ ਹਰ ਬਿਮਾਰੀ ਦਾ ਸਮੇਂ ਸਿਰ ਅਤੇ ਗੁਣਵੱਤਾ ਵਾਲਾ ਇਲਾਜ ਮਿਲ ਸਕੇ। ਸਾਡੀ ਸਰਕਾਰ ਇਹ ਯਕੀਨੀ ਬਣਾਉਣ ਵਿੱਚ ਲੱਗੀ ਹੋਈ ਹੈ ਕਿ ਬੁਨਿਆਦੀ ਢਾਂਚੇ ਨਾਲ ਸਬੰਧਤ ਸਾਰੀਆਂ ਕਮੀਆਂ ਨੂੰ ਜਲਦੀ ਦੂਰ ਕੀਤਾ ਜਾਵੇ ਅਤੇ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ??ਕੀਤਾ ਜਾ ਸਕੇ। ਕੈਬਨਿਟ ਮੰਤਰੀ ਡਾ: ਪੰਕਜ ਕੁਮਾਰ ਸਿੰਘ ਨੇ ਹਸਪਤਾਲ ਦਾ ਨਿਰੀਖਣ ਕਰਨ ਤੋਂ ਬਾਅਦ ਕਿਹਾ ਕਿ ਦਿੱਲੀ ਦੇ ਹਰ ਨਾਗਰਿਕ ਨੂੰ ਬਿਹਤਰ ਡਾਕਟਰੀ ਸੇਵਾਵਾਂ ਪ੍ਰਦਾਨ ਕਰਨਾ



ਸਾਡੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਦਾ ਉਦੇਸ਼ ਹੈ ਕਿ ਹਸਪਤਾਲਾਂ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਕੋਈ ਕਮੀ ਨਾ ਹੋਵੇ ਅਤੇ ਸਫਾਈ ਅਤੇ ਸੁਰੱਖਿਆ ਨੂੰ ਵੀ ਪਹਿਲ ਦਿੱਤੀ ਜਾਵੇ। ਆਉਣ ਵਾਲੇ ਸਮੇਂ ਵਿੱਚ ਰਾਜਧਾਨੀ ਦਿੱਲੀ ਦੇ ਸਾਰੇ ਸਰਕਾਰੀ ਹਸਪਤਾਲਾਂ ਦੀਆਂ ਸਿਹਤ ਸੇਵਾਵਾਂ ਅਤੇ ਸਹੂਲਤਾਂ ਵਿੱਚ ਸੁਧਾਰ ਸਪੱਸ਼ਟ ਤੌਰ 'ਤੇ ਦਿਖਾਈ ਦੇਵੇਗਾ। ਮਹਾਰਿਸ਼ੀ ਵਾਲਮੀਕਿ ਹਸਪਤਾਲ ਵਿੱਚ ਇਲਾਜ ਲਈ ਆਏ ਲੋਕਾਂ ਨਾਲ ਗੱਲਬਾਤ ਕਰਨ ਤੋਂ ਬਾਅਦ, ਸਿਹਤ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੀ ਜ਼ਿੰਮੇਵਾਰੀ ਸਿਰਫ਼ ਮਰੀਜ਼ਾਂ ਪ੍ਰਤੀ ਹੀ ਨਹੀਂ, ਸਗੋਂ ਹਸਪਤਾਲ ਵਿੱਚ ਕੰਮ ਕਰਨ ਵਾਲੇ ਡਾਕਟਰਾਂ ਅਤੇ ਮੈਡੀਕਲ ਸਟਾਫ ਪ੍ਰਤੀ ਵੀ ਹੋਣੀ ਚਾਹੀਦੀ ਹੈ। ਹਸਪਤਾਲ ਵਿੱਚ ਆਉਣ ਵਾਲੇ ਹਰ ਮਰੀਜ਼ ਪ੍ਰਤੀ ਡਾਕਟਰਾਂ ਅਤੇ ਹਸਪਤਾਲ ਸਟਾਫ ਦਾ ਵਿਵਹਾਰ ਬਹੁਤ ਪੇਸ਼ੇਵਰ ਅਤੇ ਨਰਮ ਹੋਣਾ ਚਾਹੀਦਾ ਹੈ। ਹਰ ਮਰੀਜ਼ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਅਤੇ ਹਸਪਤਾਲ ਵਿੱਚ ਸੁਰੱਖਿਅਤ ਅਤੇ ਸਹੀ ਦੇਖਭਾਲ ਦਿੱਤੀ ਜਾਣੀ ਚਾਹੀਦੀ ਹੈ। ਮੈਂ ਖੁਦ ਦਿੱਲੀ ਦੇ ਸਰਕਾਰੀ ਹਸਪਤਾਲਾਂ ਦਾ ਨਿਰੀਖਣ ਕਰਨ ਵਿੱਚ ਰੁੱਝਿਆ ਹੋਇਆ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਸਪਤਾਲ ਵਿੱਚ ਆਉਣ ਵਾਲੇ ਹਰ ਮਰੀਜ਼ ਨੂੰ ਬਿਹਤਰ ਇਲਾਜ ਅਤੇ ਸਹੂਲਤਾਂ ਮਿਲ ਸਕਣ। ਮੇਰੀ ਤਰਜੀਹ ਮਰੀਜ਼ਾਂ ਨੂੰ ਵਿਸ਼ਵ ਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਸਿਹਤ ਸੰਭਾਲ ਨਾਲ ਸਬੰਧਤ ਕਿਸੇ ਵੀ ਚੁਣੌਤੀ ਨੂੰ ਹੱਲ ਕਰਨਾ ਸਾਡੀ ਸਰਕਾਰ ਦੀ ਪਹਿਲੀ ਤਰਜੀਹ ਹੈ। ਅਸੀਂ ਸਾਰੇ ਮਿਲ ਕੇ ਕੰਮ ਕਰਾਂਗੇ ਤਾਂ ਜੋ ਮਰੀਜ਼ਾਂ ਅਤੇ ਸਿਹਤ ਕਰਮਚਾਰੀਆਂ ਦੋਵਾਂ ਨੂੰ ਸਭ ਤੋਂ ਵਧੀਆ ਅਤੇ ਸਹਾਇਕ ਵਾਤਾਵਰਣ ਮਿਲ ਸਕੇ।

Contd............... page-12

# ਪੰਜਾਬ ਕੈਬਨਿਟ 'ਚ ਫੇਰਬਦਲ ਦੀ ਤਿਆਰੀ !

ਕੌਮੀ ਪਤ੍ਰਿਕਾ

ਜਲੰਧਰ/ਚੰਡੀਗੜ੍ਹ 27 ਜੂਨ। ਪੰਜਾਬ 'ਚ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਜਿੱਤ ਤੋਂ ਬਾਅਦ ਸੂਬੇ ਵਿਚ ਪੰਜਾਬ ਮੰਤਰੀ ਮੰਡਲ 'ਚ ਫੇਰਬਦਲ ਦੀਆਂ ਚਰਚਾਵਾਂ ਵੀ ਤੇਜ਼ ਹੋ ਗਈਆਂ ਹਨ। ਹਾਲਾਂਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਲੁਧਿਆਣਾ 'ਚ ਚੋਣ ਪ੍ਰਚਾਰ ਕਰਦੇ ਹੋਏ 'ਆਪ' ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਤੋਂ ਬਾਅਦ ਉਨ੍ਹਾਂ ਨੂੰ ਮੰਤਰੀ ਬਣਾਉਣ ਦਾ ਐਲਾਨ ਕੀਤਾ ਸੀ ਪਰ ਇਹ ਵੀ ਕਿਹਾ ਜਾ ਰਿਹਾ ਹੈ ਕਿ ਕੁਝ ਹੋਰ ਚੰਗੇ ਚਿਹਰਿਆਂ ਨੂੰ ਸਰਕਾਰ ਵਿਚ ਜਗ?ਹਾ ਦਿੱਤੀ ਜਾ ਸਕਦੀ ਹੈ ਕਿਉਂਕਿ 2027 'ਚ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਹੋਣੀਆਂ ਹਨ, ਜਿਨ੍ਹਾਂ ਨੂੰ ਵੇਖਦੇ ਹੋਏ ਸਰਕਾਰ ਨੂੰ ਅਗਲੇ ਡੇਢ ਸਾਲਾਂ ਦੌਰਾਨ ਤੇਜ਼-ਤਰਾਰ ਢੰਗ ਨਾਲ ਕੰਮ ਕਰਨਾ ਪਵੇਗਾ। ਪੰਜਾਬ 'ਚ ਕੁਝ ਮੰਤਰੀਆਂ ਦੀ ਕਾਰਗੁਜ਼ਾਰੀ ਨੂੰ ਲੈ ਕੇ 'ਆਪ' ਲੀਡਰਸ਼ਿਪ ਜ਼ਿਆਦਾ ਪ੍ਰਸੰਨ ਨਹੀਂ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਸੰਜੀਵ ਅਰੋੜਾ ਨੂੰ ਮੰਤਰੀ ਬਣਾਉਂਦੇ ਸਮੇਂ ਪੰਜਾਬ ਮੰਤਰੀ ਮੰਡਲ 'ਚ ਹੋਰ ਵੀ ਫੇਰਬਦਲ ਕੀਤਾ ਜਾਂਦਾ ਹੈ ਜਾਂ ਫਿਰ ਇਕੱਲੇ ਸੰਜੀਵ ਅਰੋੜਾ ਨੂੰ ਹੀ ਐਡਜਸਟ ਕੀਤਾ ਜਾਂਦਾ ਹੈ। ਸੰਜੀਵ ਅਰੋੜਾ ਨੂੰ ਮੰਤਰੀ ਬਣਾਉਣਾ ਇਸ ਲਈ ਵੀ ਜ਼ਰੂਰੀ ਹੋ ਗਿਆ ਹੈ ਕਿ ਕਿਉਂਕਿ ਇਕ ਤਾਂ ਇਹ ਐਲਾਨ ਖੁਦ ਅਰਵਿੰਦ ਕੇਜਰੀਵਾਲ ਨੇ ਕੀਤਾ ਸੀ ਅਤੇ



ਦੂਜਾ ਲੁਧਿਆਣਾ ਸ਼ਹਿਰ 'ਚੋਂ ਇਕ ਮੰਤਰੀ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ ਤਾਂ ਜੋ ਸਮੁੱਚੀ ਪਾਰਟੀ ਵਿਚ ਨਵੀਂ ਜਾਨ ਪਾਈ ਜਾ ਸਕੇ। ਜਲੰਧਰ ਪੱਛਮੀ ਵਿਧਾਨ ਸਭਾ ਸੀਟ ਦੀ ਜਦੋਂ ਉਪ-ਚੋਣ ਹੋਈ ਸੀ ਤਾਂ ਉਸ ਵੇਲੇ ਵੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੋਟਰਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਮੋਹਿੰਦਰ ਭਗਤ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨਗੇ ਅਤੇ ਉਪ-ਚੋਣ 'ਚ ਜਿੱਤਣ ਤੋਂ ਕੁਝ ਸਮਾਂ ਬਾਅਦ ਹੀ ਮੋਹਿੰਦਰ ਭਗਤ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ ਸੀ। ਹੁਣ ਮੁੜ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਬਾਅਦ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਬਣਾਉਣ ਦਾ ਰਸਤਾ ਪੱਧਰਾ ਹੋ ਗਿਆ ਹੈ ਅਤੇ ਨਾਲ ਹੀ ਲੁਧਿਆਣਾ 'ਚ ਤੇਜ਼ ਰਫਤਾਰ ਨਾਲ ਵਿਕਾਸ ਕਾਰਜ ਕਰਵਾਉਣ ਲਈ ਸੰਜੀਵ ਅਰੋੜਾ ਨੂੰ ਅਹਿਮ ਵਿਭਾਗ ਵੀ ਦੇਣਾ ਪਵੇਗਾ। ਇਹ ਵੀ ਸੰਭਵ ਹੈ ਕਿ ਸਰਕਾਰ ਆਪਣੇ ਮੰਤਰੀ ਮੰਡਲ ਨੂੰ ਨਵੀਂ ਦਿੱਖ ਦੇਣ ਦਾ ਯਤਨ ਕਰੇ ਜਿਸ ਨਾਲ ਜਨਤਾ ਵਿਚ ਸਰਕਾਰ ਦੇ ਅਕਸ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ। ਕਿਹਾ ਜਾ ਰਿਹਾ ਹੈ ਕਿ ਇਸ ਸਬੰਧੀ ਆਖਰੀ ਫ਼ੈਸਲਾ ਮੁੱਖ ਮੰਤਰੀ ਭਗਵੰਤ ਮਾਨ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਰਨਗੇ। ਮੁੱਖ ਮੰਤਰੀ ਵੀ ਇਸ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਨਾ ਚਾਹੁਣਗੇ ਕਿਉਂਕਿ ਹੁਣ ਆਮ ਚੋਣਾਂ 'ਚ ਬਹੁਤ ਘੱਟ ਸਮਾਂ ਬਾਕੀ ਰਹਿ ਗਿਆ ਹੈ।

## ਮੋਗਾ 'ਚ ਪਿੰਡ ਦੀ ਪੰਚਾਇਤ ਨੇ 22 ਲੱਖ ਲਗਾ ਖੋਲ੍ਹਿਆ ਜਿਮ, ਮਨੀਸ਼ ਸਿਸੋਦੀਆ ਨੇ ਕੀਤਾ ਉਦਘਾਟਨ

ਕੌਮੀ ਪਤ੍ਰਿਕਾ

ਮੋਗਾ 27 ਜੂਨ। ਮੋਗਾ ਜ਼ਿਲੇ ਦੇ ਪਿੰਡ ਦਾਰਾਪੁਰ ਵਿਖੇ ਪਿੰਡ ਦੀ ਪੰਚਾਇਤ ਵੱਲੋਂ 22 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਜਿਮ ਜਿਸ ਦਾ ਉਦਘਾਟਨ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਪੰਜਾਬ 'ਆਪ' ਇੰਚਾਰਜ ਮਨੀਸ਼ ਸਿਸੋਦੀਆ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮੋਗਾ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਵੀ ਮੌਜੂਦ ਰਹੇ। ਜਾਣਕਾਰੀ ਦਿੰਦੇ ਹੋਏ ਮੋਗਾ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੋਗਾ ਜ਼ਿਲੇ ਵਿਚ ਇਹ ਪਹਿਲਾ ਜਿਮ ਹੈ ਜੋ ਕਿ ਪਿੰਡ ਦੀ ਪੰਚਾਇਤ ਵੱਲੋਂ 22 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ੇ ਨੂੰ ਖਤਮ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਅੱਜ ਦਾਰਾਪੁਰ ਦੇ ਸਰਪੰਚ ਮਨਦੀਪ ਸ਼ਰਮਾ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ ਤਾਂ ਜੋ ਨੌਜਵਾਨ ਪੀੜੀ ਨਸ਼ੇ ਤੋਂ ਦੂਰ ਰਹੇ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਸਰਪੰਚਾਂ ਨੂੰ ਵੀ ਇਹ ਅਪੀਲ ਕਰਾਂਗੇ ਕਿ ਉਹ ਵੀ ਨੌਜਵਾਨਾਂ ਲਈ ਇਸ ਤਰ੍ਹਾਂ ਦੇ ਉਪਰਾਲੇ ਕਰਨ ਤਾਂ ਜੋ ਨੌਜਵਾਨ ਪੀੜੀ ਨਸ਼ੇ ਤੋਂ ਬਚ ਰਹਿ ਸਕੇ। ਇਸ ਮੌਕੇ ਮਨੀਸ਼ ਸਿਸੋਦੀਆ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਹਰ ਪਿੰਡ ਵਿੱਚੋਂ ਨਸ਼ਾ ਖਤਮ ਕਰਨ ਲਈ ਨੌਜਵਾਨਾਂ ਨੂੰ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਅੱਜ ਅਸੀਂ ਪਿੰਡ ਦਾਰਾਪੁਰ ਵਿਖੇ ਪਹੁੰਚੇ ਹਾਂ ਜਿੱਥੇ ਕਿ ਦਾਰਾਪੁਰ ਦੇ ਸਰਪੰਚ ਮਨਦੀਪ ਸ਼ਰਮਾ ਵੱਲੋਂ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਜਿਸ ਵਿਚ ਇਕ ਜਿਮ ਤਿਆਰ ਕਰਵਾਇਆ ਅਤੇ ਪਿੰਡ ਵਾਸੀਆਂ ਲਈ ਫਰੀ ਐਂਟਰੀ ਰੱਖੀ ਗਈ ਹੈ। ਇਸ ਨਾਲ ਨੌਜਵਾਨ ਅਤੇ ਬੱਚੇ, ਮਹਿਲਾਵਾਂ ਨੂੰ ਵੀ ਫਾਇਦਾ ਹੋਵੇਗਾ। ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣਗੇ। ਉਨ੍ਹਾਂ ਨੇ ਵਿਰੋਧੀ ਪਾਰਟੀਆਂ ਉੱਪਰ ਨਿਸ਼ਾਨਾਂ ਸਾਧਦੇ ਹੋਏ ਕਿਹਾ ਕਿ ਪਹਿਲਾਂ ਸਰਕਾਰਾਂ ਜੋ ਬਣੀਆਂ ਸਨ ਉਨ੍ਹਾਂ ਨੇ ਨਸ਼ਾ ਹੀ ਵੇਚਿਆ ਹੈ ਜਿਸ ਨਾਲ ਨੌਜਵਾਨਾਂ ਦਾ ਭਵਿੱਖ ਖਰਾਬ ਹੋਇਆ, ਸਾਡੀ ਸਰਕਾਰ ਵੱਲੋਂ ਨਸ਼ੇ ਨੂੰ ਜੜ ਤੋਂ ਖਤਮ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।



## ਚੋਣ ਕਮਿਸ਼ਨ ਨੇ ਕੱਸਿਆ ਸ਼ਿਕੰਜਾ, 345 ਰਜਿਸਟਰਡ ਪਰ ਗੈਰ-ਮਾਨਤਾ ਪ੍ਰਾਪਤ ਪਾਰਟੀਆਂ 'ਤੇ ਕਾਰਵਾਈ

ਨਵੀਂ ਦਿੱਲੀ 27 ਜੂਨ। ਭਾਰਤੀ ਚੋਣ ਕਮਿਸ਼ਨ ਨੇ ਵੱਡੀ ਕਾਰਵਾਈ ਕਰਦਿਆਂ 345 ਅਜਿਹੀਆਂ ਰਾਜਨੀਤਿਕ ਪਾਰਟੀਆਂ ਨੂੰ ਸੂਚੀ ਤੋਂ ਹਟਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ, ਜੋ ਕਿ ਰਜਿਸਟਰਡ ਤਾਂ ਹਨ ਪਰ ਗੈਰ-ਮਾਨਤਾ ਪ੍ਰਾਪਤ ਹਨ। ਇਹ ਪਾਰਟੀਆਂ 2019 ਤੋਂ ਪਿਛਲੇ 6 ਸਾਲਾਂ ਵਿਚ ਇਕ ਵੀ ਚੋਣ ਲੜਨ ਦੀ ਜ਼ਰੂਰੀ ਸ਼ਰਤ ਨੂੰ ਪੂਰਾ ਕਰਨ ਵਿਚ ਅਸਫ਼ਲ ਰਹੇ। ਚੋਣ ਕਮਿਸ਼ਨ ਨੇ ਦੱਸਿਆ ਕਿ ਇਹ ਕਦਮ ਚੋਣ ਪ੍ਰਣਾਲੀ ਵਿਚ ਪਾਰਦਰਸ਼ਿਤਾ ਅਤੇ ਭਰੋਸੇਯੋਗਤਾ ਬਣਾਈ ਰੱਖਣ ਲਈ ਲਿਆ ਗਿਆ ਹੈ। ਇਨ੍ਹਾਂ ਪਾਰਟੀਆਂ ਵੱਲੋਂ ਆਮਦਨ-ਖਰਚਾ ਰਿਪੋਰਟਾਂ ਸਮੇਂ 'ਤੇ ਨਹੀਂ ਦਿੱਤੀਆਂ ਗਈਆਂ, ਜੋ ਚੋਣ ਕਾਨੂੰਨ ਦੇ ਉਲੰਘਣ ਵਿਚ ਆਉਂਦੀਆਂ ਹਨ। ਇਸ ਕਾਰਵਾਈ ਤਹਿਤ ਚੋਣ ਕਮਿਸ਼ਨ ਇਨ੍ਹਾਂ ਪਾਰਟੀਆਂ ਨੂੰ ਨੋਟਿਸ ਜਾਰੀ ਕਰ ਰਿਹਾ ਹੈ ਅਤੇ ਉਨ੍ਹਾਂ ਤੋਂ ਜਵਾਬ ਮੰਗਿਆ ਜਾ ਰਿਹਾ ਹੈ। ਜੇਕਰ ਤਸੱਲੀਬਖ਼ਸ਼ ਜਵਾਬ ਨਹੀਂ ਮਿਲਦਾ, ਤਾਂ ਉਨ੍ਹਾਂ ਦੀ ਰਜਿਸਟ?ਰੇਸ਼ਨ ਰੱਦ ਕੀਤੀ ਜਾ ਸਕਦੀ ਹੈ। ਇਹ 345 ਰਾਜਨੀਤਿਕ ਪਾਰਟੀਆਂ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਹਨ। ਚੋਣ ਕਮਿਸ਼ਨ ਦੇ ਧਿਆਨ ਵਿਚ ਆਇਆ ਹੈ ਕਿ ਮੌਜੂਦਾ ਸਮੇਂ ਵਿਚ ਕਮਿਸ਼ਨ ਕੋਲ ਰਜਿਸਟਰਡ 2800 ਤੋਂ ਵੱਧ ਰਾਜਨੀਤਿਕ ਪਾਰਟੀਆਂ ਵਿਚੋਂ ਕਈ ਅਜਿਹੀਆਂ ਪਾਰਟੀਆਂ ਜ਼ਰੂਰੀ ਸ਼ਰਤਾਂ ਨੂੰ ਪੂਰਾ ਕਰਨ ਵਿਚ ਅਸਫ਼ਲ ਰਹੀਆਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਚੋਣ ਕਮਿਸ਼ਨ ਵੱਲੋਂ ਅਜਿਹੀਆਂ ਕਈ ਪਾਰਟੀਆਂ ਨੂੰ ਲਿਸਟ 'ਚੋਂ ਹਟਾਇਆ ਜਾ ਚੁੱਕਾ ਹੈ, ਜੋ ਨਕਲੀ ਦਸਤਾਵੇਜ਼ਾਂ ਜਾਂ ਬਿਨਾ ਸਰਗਰਮ ਗਤੀਵਿਧੀਆਂ ਦੇ ਰਜਿਸਟਰ ਹੋਈਆਂ ਸਨ।

# ਇਸ ਹਫ਼ਤੇ ਪੰਜ ਦਿਨਾਂ ਲਈ ਦਿੱਲੀ ਦਾ AQI 'ਤਸੱਲੀਬਖਸ਼' ਰਿਹਾ : ਮਨਜਿੰਦਰ ਸਿੰਘ ਸਿਰਸਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 27 ਜੂਨ: ਦਿੱਲੀ ਵਿੱਚ ਪ੍ਰਦੂਸ਼ਣ ਘਟਾਉਣ ਅਤੇ ਰਹਿੰਦ-ਖੂੰਹਦ ਪ੍ਰਬੰਧਨ ਦੀ ਸੁਚੇਤ ਰਣਨੀਤੀ ਹੁਣ ਜ਼ਮੀਨੀ ਪੱਧਰ 'ਤੇ ਨਤੀਜੇ ਦਿਖਾ ਰਹੀ ਹੈ। ਕੱਲ ਦਾ AQI 76 ਦਰਜ ਕੀਤਾ ਗਿਆ ਹੈ, ਜੋ ਕਿ 'ਸੰਤੁਸ਼ਟੀਜਨਕ' ਸ਼੍ਰੇਣੀ ਵਿੱਚ ਆਉਂਦਾ ਹੈ। ਪਿਛਲੇ ਸੱਤ ਦਿਨਾਂ (21-27 ਜੂਨ) ਵਿੱਚੋਂ ਪੰਜ ਦਿਨਾਂ ਲਈ ਰਾਜਧਾਨੀ ਵਿੱਚ ਸਾਫ਼ ਹਵਾ ਦਰਜ ਕੀਤੀ ਗਈ - ਜੋ ਕਿ ਨਿਰੰਤਰ ਯਤਨਾਂ ਦਾ ਨਤੀਜਾ ਹੈ। ਵਾਤਾਵਰਣ ਮੰਤਰੀ ਸ਼੍ਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਇਹ ਸੁਧਾਰ ਸਿਰਫ਼ ਮੌਸਮ ਦਾ ਨਤੀਜਾ ਨਹੀਂ ਹੈ, ਸਗੋਂ ਹਰੇਕ ਵਿਭਾਗ ਵੱਲੋਂ ਜ਼ਮੀਨੀ ਪੱਧਰ 'ਤੇ ਕੀਤੀ ਗਈ ਤਾਲਮੇਲ ਵਾਲੀ ਕਾਰਵਾਈ ਦਾ ਨਤੀਜਾ ਹੈ - ਜਿਸ ਵਿੱਚ ਲੈਂਡਫਿਲ ਸਾਈਟਾਂ ਦੀ ਸਫਾਈ, ਵਾਹਨਾਂ 'ਤੇ ਸਖ਼ਤੀ ਨਾਲ ਅਮਲ ਅਤੇ ਰੋਜ਼ਾਨਾ ਧੂੜ ਕੰਟਰੋਲ ਕਾਰਜ ਸ਼ਾਮਲ ਹਨ। ਇਹ ਇਕੱਲੇ-ਇਕੱਲੇ ਯਤਨ ਨਹੀਂ ਹਨ, ਸਗੋਂ ਇੱਕ ਮੁਹਿੰਮ ਹੈ ਜਿਸਦਾ ਇੱਕੋ ਉਦੇਸ਼ ਹੈ - ਦਿੱਲੀ ਦੀ ਹਵਾ, ਜ਼ਮੀਨ ਅਤੇ ਸੜਕਾਂ ਨੂੰ ਸਾਫ਼ ਕਰਨਾ। ਭਾਵੇਂ ਇਹ ਕੂੜਾ ਹੋਵੇ, ਧੂੜ ਹੋਵੇ ਜਾਂ ਵਾਹਨਾਂ ਦਾ ਧੂੰਆਂ - ਹਰ ਚੁਣੌਤੀ ਦਾ ਜਵਾਬ ਸਿੱਧੀ ਕਾਰਵਾਈ, ਵਿਗਿਆਨਕ ਤਕਨੀਕਾਂ ਅਤੇ ਵਿਭਾਗੀ ਤਾਲਮੇਲ ਨਾਲ ਦਿੱਤਾ ਜਾ ਰਿਹਾ ਹੈ। ਹੁਣ ਤੱਕ 54 ਉੱਚੀਆਂ ਇਮਾਰਤਾਂ ਵਿੱਚ ਐਂਟੀ-ਸਮੋਗ ਗਨ ਲਗਾਏ ਗਏ ਹਨ, ਜਿਨ੍ਹਾਂ ਨੂੰ ਦਿੱਲੀ ਸਰਕਾਰ ਦੇ ਵਾਤਾਵਰਣ ਕਾਰਜ ਯੋਜਨਾ ਦੇ ਤਹਿਤ ਲਾਜ਼ਮੀ ਬਣਾਇਆ ਗਿਆ



ਹੈ। ਇਹ ਕਦਮ ਧੂੜ ਕੰਟਰੋਲ ਨੂੰ ਯਕੀਨੀ ਬਣਾਉਂਦਾ ਹੈ, ਖਾਸ ਕਰਕੇ ਸੰਘਣੀ ਆਬਾਦੀ ਵਾਲੇ ਅਤੇ ਉੱਚੀਆਂ ਇਮਾਰਤਾਂ ਵਾਲੇ ਖੇਤਰਾਂ ਵਿੱਚ।

**ਕਾਰਵਾਈ ਦੇ ਮੁੱਖ ਅੰਕੜੇ (26-27 ਜੂਨ):**

- ਬਾਇਓ-ਮਾਈਨਿੰਗ ਰਾਹੀਂ ਭਲਸਵਾ, ਓਖਲਾ ਅਤੇ ਗਾਜ਼ੀਪੁਰ ਥਾਵਾਂ ਤੋਂ 32,003 ਮੀਟ੍ਰਿਕ ਟਨ ਵਿਰਾਸਤੀ ਰਹਿੰਦ-ਖੂੰਹਦ (ਸਿਰਫ਼ ਇੱਕ ਦਿਨ ਵਿੱਚ) ਸਾਫ਼ ਕੀਤੀ ਗਈ।
- 257 ਪੁਰਾਣੇ ਵਾਹਨ (10/15 ਸਾਲ ਤੋਂ ਵੱਧ ਪੁਰਾਣੇ) ਜ਼ਬਤ ਕੀਤੇ ਗਏ।
- 40,221 ਪ੍ਰਦੂਸ਼ਣ ਚਲਾਨ ਜਾਰੀ ਕੀਤੇ ਗਏ।
- ਮੋਬਾਈਲ ਐਂਟੀ-ਸਮੋਗ ਗਨ ਦੀ ਵਰਤੋਂ ਕਰਕੇ 2,702 ਕਿਲੋਮੀਟਰ ਸੜਕਾਂ 'ਤੇ ਛਿੜਕਾਅ ਕੀਤਾ ਗਿਆ।
- 54 ਉੱਚੀਆਂ ਇਮਾਰਤਾਂ ਵਿੱਚ ਐਂਟੀ-ਸਮੋਗ ਗੰਨ ਲਗਾਏ ਗਏ ਹਨ।

**ਹੋਰ ਜ਼ਰੂਰੀ ਯਤਨ**

- ਦਿੱਲੀ ਭਰ ਵਿੱਚੋਂ 11,015 ਮੀਟ੍ਰਿਕ ਟਨ ਕੂੜਾ ਹਟਾਇਆ ਗਿਆ।
- 6,471 ਕਿਲੋਮੀਟਰ ਸੜਕਾਂ ਦੀ ਮਕੈਨੀਕਲ ਸਫਾਈ।
- 1346 ਕਿਲੋਮੀਟਰ ਸੜਕਾਂ 'ਤੇ 750 ਕਿਲੋਲੀਟਰ STP ਟ?ਰੀਟਡ ਪਾਣੀ ਦਾ ਛਿੜਕਾਅ ਕੀਤਾ ਗਿਆ।
- 2,305 ਮੀਟ੍ਰਿਕ ਟਨ ਉਸਾਰੀ ਅਤੇ ਢਾਹੁਣ ਦਾ ਮਲਬਾ ਹਟਾਇਆ ਗਿਆ।
- ਉਸਾਰੀ ਵਾਲੀਆਂ ਥਾਵਾਂ 'ਤੇ 167 ਐਂਟੀ-ਸਮੋਗ ਬੰਦੂਕਾਂ ਤਾਇਨਾਤ ਕੀਤੀਆਂ ਗਈਆਂ।
- ਸਿੰਘੋਲਾ ਲੈਂਡਫਿਲ ਸਾਈਟ ਲਈ ਟੈਂਡਰ ਪੂਰਾ ਹੋ ਗਿਆ ਹੈ, ਹੁਣ ਸਾਰੀਆਂ ਥਾਵਾਂ 'ਤੇ ਬਾਇਓ-ਮਾਈਨਿੰਗ ਸ਼ੁਰੂ ਹੋ ਸਕਦੀ ਹੈ।

ਦਿੱਲੀ ਹੁਣ ਲੈਂਡਫਿਲ ਅਤੇ ਮਾੜੀ ਹਵਾ ਲਈ ਨਹੀਂ ਜਾਣੀ ਜਾਵੇਗੀ। ਸਾਡਾ ਟੀਚਾ ਜ਼ੀਰੋ ਵੇਸਟ ਪਹਾੜ, ਘੱਟੋ-ਘੱਟ ਧੂੜ ਅਤੇ ਹਰ ਜਗ?ਹਾ ਸਾਫ਼ ਹਵਾ ਹੈ। ਸਾਡੀ ਨੀਤੀ ਉਡੀਕ ਕਰਨਾ ਨਹੀਂ ਸਗੋਂ ਸਿੱਧੇ ਤੌਰ 'ਤੇ ਕਾਰਵਾਈ ਕਰਨਾ ਹੈ। ਇਹ ਸਾਰੇ ਯਤਨ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵਿਕਸਤ ਦਿੱਲੀ ਦ੍ਰਿਸ਼ਟੀਕੋਣ ਦਾ ਹਿੱਸਾ ਹਨ, ਜਿਸਨੂੰ ਮਾਣਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ ਲਾਗੂ ਕੀਤਾ ਜਾ ਰਿਹਾ ਹੈ। ਨਤੀਜੇ ਹਵਾ ਦੀ ਗੁਣਵੱਤਾ ਅਤੇ ਰਹਿੰਦ-ਖੂੰਹਦ ਪ੍ਰਬੰਧਨ ਦੋਵਾਂ ਮੋਰਚਿਆਂ 'ਤੇ ਦਿਖਾਈ ਦੇ ਰਹੇ ਹਨ - ਦਿੱਲੀ ਤੇਜ਼ੀ ਨਾਲ ਇੱਕ ਸਾਫ਼ ਅਤੇ ਸਿਹਤਮੰਦ ਭਵਿੱਖ ਵੱਲ ਵਧ ਰਹੀ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1 ਵਿਖੇ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ

**ਕੌਮੀ ਪਤ੍ਰਿਕਾ**

ਲੁਧਿਆਣਾ 27 ਜੂਨ ( ਕਰਨੈਲ ਸਿੰਘ ਐੱਮ.ਏ.) ਗੁਰਦੁਆਰਾ ਸ਼?ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਗੁਰਮੇਲ ਸਿੰਘ ਬਰਨਾਲਾ ਵਾਲਿਆਂ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਕੀਰਤਨ ਸਮਾਗਮ ਅੰਦਰ ਇਕੱਤਰ ਹੋਈਆਂ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਭਾਈ ਗੁਰਮੇਲ ਸਿੰਘ ਬਰਨਾਲਾ ਨੇ ਕਿਹਾ ਕਿ ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਜਿੱਥੇ ਸਾਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਦਾਨ ਕਰਦੀ ਹੈ, ਉੱਥੇ ਨਾਲ ਹੀ ਅਕਾਲ ਪੁਰਖ ਦੀ ਬੰਦਗੀ ਕਰਨ ਦਾ ਸੰਦੇਸ਼ ਵੀ ਦੇਂਦੀ ਹੈ। ਉਹਨਾਂ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸੇਵਾ ਤੇ ਸਿਮਰਨ ਦੇ ਸੰਕਲਪ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜ਼ਜਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ । ਇਸ ਦੌਰਾਨ ਉਨ੍ਹਾਂ ਨੇ ਸੰਗਤਾਂ ਨੂੰ ਧਰਮ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦਿੱਤੀ । ਸਮਾਗਮ ਦੌਰਾਨ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਸੰਗਤਾਂ ਨੂੰ ਨਾਮ ਸਿਮਰਨ ਅਭਿਆਸ ਨਾਲ ਜੋੜਨ ਦੇ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਮਿਤੀ 27 ਜੂਨ ਤੋਂ 29 ਜੂਨ ਤੱਕ



ਗੁਰਦੁਆਰਾ ਸਾਹਿਬ ਵਿਖੇ ਮਹਾਨ ਅਕੱਥ ਕਥਾ ਸਿਮਰਨ ਅਭਿਆਸ ਸਮਾਗਮ ਦਾ? ਆਯੋਜਨ ਬੜੇ ਉਤਸਾਹ ਨਾਲ ਕਰਵਾਇਆ ਜਾ ਰਿਹਾ ਹੈ ਜਿਸ ਅੰਦਰ ਪੰਥ ਪ੍ਰਸਿੱਧ ਪ੍ਰਚਾਰਕ ਭਾਈ ਸਿਮਰਨਜੀਤ ਸਿੰਘ ਟੋਹਾਣਾ ਵਾਲੇ ਸਵੇਰੇ ਸ਼ਾਮ ਤਿੰਨੋਂ ਦਿਨ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਸਿਮਰਨ ਅਭਿਆਸ ਕਰਵਾਉਣਗੇ । ਉਨ੍ਹਾਂ ਨੇ ਇਲਾਕੇ ਦੀਆਂ ਸਮੁੱਚੀਆਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਤਿੰਨ ਰੋਜ਼ਾ ਅਕੱਥ ਕਥਾ ਤੇ ਸਿਮਰਨ ਅਭਿਆਸ ਸਮਾਗਮਾਂ ਅੰਦਰ ਆਪਣੀਆਂ ਭਰਵੀਆਂ ਹਾਜ਼ਰੀਆਂ ਭਰਨ ਅਤੇ ਨਾਮ ਅਭਿਆਸ ਕਮਾਈ ਦਾ ਲਾਹਾ ਲੈ ਕੇ ਗੁਰੂ ਘਰ ਦੀਆਂ ਖੁਸੀਆਂ ਪ੍ਰਾਪਤ ਕਰਨ । ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ ਤੇ ਚਰਨਜੀਤ ਸਿੰਘ ਪਾਇਲ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਕੀਰਤਨ ਸਮਾਗਮ ਅੰਦਰ ਪਰਮਿੰਦਰ ਸਿੰਘ, ਤਰਲੋਕ ਸਿੰਘ ਸੱਚਦੇਵਾ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚੰਗਰ, ਮਲਕੀਤ ਸਿੰਘ, ਯਸ਼ਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਰਜਿੰਦਰ ਸਿੰਘ ਭਾਟੀਆ, ਸੁਖਵਿੰਦਰਪਾਲ ਸਿੰਘ, ਚਰਨਜੀਤ ਸਿੰਘ ਪਾਇਲ, ਮਨਜੀਤ ਸਿੰਘ ਪਾਇਲ, ਗੁਰਚਰਨ ਸਿੰਘ, ਹਰਨੇਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਡਾਕਟਰ ਪ੍ਰੇਮ ਸਿੰਘ ਚਾਵਲਾ, ਤਰਲੋਕ ਸਿੰਘ ਸਚਦੇਵਾ, ਜਗਜੀਵਨ ਸਿੰਘ ਸੋਹਨਪਾਲ, ਵੀਰਨਜੀਤ ਸਿੰਘ ਸੋਹਨਪਾਲ, ਦਰਸਨ ਸਿੰਘ ਸੋਹਨਪਾਲ, ਵਰਿੰਦਰ ਮੋਹਨ ਸਿੰਘ, ਜਗਜੀਤ ਸਿੰਘ, ਤਰਲੋਕ ਸਿੰਘ, ਮਨਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੀ ਇਸਤਰੀ ਸਤਿਸੰਗ ਸਭਾ ਦੀਆਂ ਪ੍ਰਮੁੱਖ ਬੀਬੀਆਂ ਕੁਲਜੀਤ ਕੌਰ, ਬਲਵਿੰਦਰ ਕੌਰ ਬੱਤਰਾ, ਬੀਬੀ ਦਵਿੰਦਰ ਕੌਰ, ਸਿਮਰਨ ਕੌਰ, ਕਰਮਜੀਤ ਕੌਰ

## ਤੰਜਾਨਿਆਈ ਪ੍ਰਤੀਨਿਧੀ ਮੰਡਲ ਨਾਲ ਵਿਤੀ ਗੱਲਬਾਤ

# ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਨੇ ਕੀਤੀ ਮੇਜਬਾਨੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 27 ਜੂਨ- ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ ਨੇ ਅੱਜ ਇੱਥੇ ਤੰਜਾਨਿਆ ਗਣਰਾਜ ਦੇ ਸਯੁੰਕਤ ਵਿਤੀ ਕਮੀਸ਼ਨ (ਜੇਐਫਸੀ) ਨਾਲ ਇੱਕ ਉੱਚ ਪੱਧਰੀ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਦੌਰਾਨ ਸ੍ਰੀ ਰਸਤੋਗੀ ਨੇ ਭਾਰਤ ਦੇ ਰਾਜਕੋਸ਼ੀ ਢਾਂਚੇ ਨੂੰ ਰੇਖਾਂਕਿਤ ਕਰਦੇ ਹੋਏ ਕੇਂਦਰ ਅਤੇ ਰਾਜ ਸਰਕਾਰਾਂ ਵਿੱਚਕਾਰ ਟੈਕਸ ਸੰਗ੍ਰਹਿ ਜਿੰਮੇਦਾਰੀਆਂ, ਰਾਜਸਵ ਸਰੋਤਾਂ, ਕਰਜਾ ਵਿਤਪੋਸ਼ਣ ਤੰਤਰ, ਕਰਜਾ ਅਤੇ ਧੰਨ ਦੇ ਵੰਡ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਰਾਜਕੋਸ਼ੀ ਅਨੁਸ਼ਾਸਨ ਲਈ ਹਰਿਆਣਾ ਦੀ ਪ੍ਰਤੀਬੱਧਤਾ ਦੋਹਰਾਂਉਂਦੇ ਹੋਏ ਕਿਹਾ ਕਿ ਰਾਜ ਬਜਟ ਤੋਂ ਬਾਹਰ ਉਧਾਰ ਲੈਅ ਸਕਦੇ ਹਨ। ਸ੍ਰੀ ਰਸਤੋਗੀ ਨੇ ਭਾਰਤ ਵਿੱਚ ਰਾਜ ਖਜਾਨਾ ਸੰਘਵਾਦ ਦੇ ਸਿਧਾਂਤਾ ਦੀ ਵਿਆਖਿਆ ਕਰਦੇ ਹੋਏ ਦੱਸਿਆ ਕਿ ਰਾਜ਼ਿਆਂ ਨੂੰ ਵਿਤੀ ਕਮੀਸ਼ਨ ਦੀ ਸਿਫਾਰਿਸ਼ਾਂ ਦੇ ਅਧਾਰ 'ਤੇ ਕੇਂਦਰੀ ਟੈਕਸ ਰਾਜਸਵ ਦਾ ਹਿੱਸਾ ਮਿਲਦਾ ਹੈ। ਉਨ੍ਹਾਂ ਨੇ ਦੱਸਿਆ ਕਿ 16ਵੇਂ ਵਿਤੀ ਕਮੀਸ਼ਨ ਵੱਲੋਂ 31 ਅਕਤੂਬਰ, 2025 ਤੱਕ ਆਪਣੀ ਰਿਪੋਰਟ ਪੇਸ਼ ਕਰਨ ਦੀ ਉੱਮੀਦ ਹੈ। ਉਨ੍ਹਾਂ ਨੇ ਨਾਬਾਰਡ ਅਤੇ ਐਨਸੀਆਰ ਯੋਜਨਾ ਬੋਰਡ ਜਿਹੀ ਪ੍ਰਮੁੱਖ ਸੰਸਥਾਵਾਂ ਦੀ ਭੂਮਿਕਾਵਾਂ 'ਤੇ ਵੀ ਚਰਚਾ ਕੀਤੀ। ਜਾਣਕਾਰੀ ਹੈ ਕਿ ਨਾਬਾਰਡ ਖੇਤੀ ਅਤੇ ਗ੍ਰਾਮੀਣ ਵਿਕਾਸ ਪਰਿਯੋਜਨਾਵਾਂ ਨੂੰ ਗਤੀ ਦੇਣ ਦਾ ਕੰਮ ਦਰਦਾ ਹੈ। ਇਸੇ ਤਰ੍ਹਾਂ ਐਨਸੀਆਰ ਯੋਜਨਾ ਬੋਰਡ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਰਾਜ਼ਿਆਂ ਨੂੰ ਵਿਤੀ ਮਦਦ ਪ੍ਰਦਾਨ ਕਰਦਾ ਹੈ। ਮੁੱਖ ਸਕੱਤਰ ਨੇ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਰਾਜ ਵਿਕਾਸ ਕਰਜਾ ਜਾਂ ਰਾਜ ਸਰਕਾਰ ਦੀ ਪ੍ਰਤੀਭੂਤਿਆਂ ਦੀ ਸਹੂਲਤ ਪ੍ਰਦਾਨ ਕਰਦਾ ਹੈ। ਵਿਦੇਸ਼ੀ ਸੰਸਥਾਵਾਂ ਅਤੇ ਕੌਮਾਂਤਰੀ ਬੈਂਕਾਂ ਦਾ ਪ੍ਰਬੰਧਨ ਕੇਂਦਰੀ ਵਿਤੀ ਮੰਤਰਾਲਾ ਵੱਲੋਂ ਕੀਤਾ ਜਾਂਦਾ ਹੈ। ਸ੍ਰੀ ਰਸਤੋਗੀ ਨੇ ਵਿਤੀ ਪ੍ਰਬੰਧਨ, ਕਰਜਾ ਸੇਵਾ ਅਤੇ ਬਿਆਜ ਦਰਾਂ 'ਤੇ ਪ੍ਰਤੀਨਿਧੀਮੰਡਲ ਦੇ ਸੁਆਲਾਂ ਦਾ ਵੀ ਜੁਆਬ ਦਿੱਤਾ। ਸੰਯੁਕਤ ਵਿਤੀ ਕਮੀਸ਼ਨ ਸਕੱਤਰੇਤ ਦੇ ਚੇਅਰਮੈਨ ਅਹਿਮਦ ਸਆਦਤ ਨੇ ਵਿਵਹਾਰਿਕ ਸ਼ੈਸਨ ਲਈ ਹਰਿਆਣਾ ਸਰਕਾਰ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਪੰਕਜ ਅਗਰਵਾਲ, ਵਿਦੇਸ਼ ਮਦਦ ਵਿਭਾਗ ਦੀ ਕਮੀਸ਼ਨਰ ਅਤੇ ਸਕੱਤਰ ਸ੍ਰੀਮਤੀ ਅਮਨੀਤ ਪੀ. ਕੁਮਾਰ, ਹਰਿਆਣਾ ਰਾਜ ਵੇਅਰਹਾਉਸਿੰਗ ਕਾਰਪੋਰੇਸ਼ਨ ਦੇ ਪ੍ਰਬੰਧ ਨਿਦੇਸ਼ਕ ਡਾ. ਸ਼ਾਲੀਨ, ਮੁੱਖ ਮੰਤਰੀ ਦੇ ਵਿਦੇਸ਼ ਮਦਦ ਸਲਾਹਕਾਰ ਸ੍ਰੀ ਪਵਨ ਕੁਮਾਰ ਚੌਧਰੀ ਅਤੇ ਵੱਖ ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

## ਮੀਂਹ ਦੌਰਾਨ ਜ਼ੋਰਦਾਰ ਧਮਾਕੇ ਨਾਲ ਡਿੱਗੀ ਪਾਰਕ ਦੀ ਕੰਧ ! ਵਾਲ-ਵਾਲ ਬਚੀ ਲੜਕੀ

ਲੁਧਿਆਣਾ 27 ਜੂਨ। ਮੀਂਹ ਕਾਰਨ ਉਸ ਸਮੇਂ ਵੱਡਾ ਹਾਦਸਾ ਵਾਪਰਨੋਂ ਟਲ ਗਿਆ, ਜਦੋਂ ਚੰਡੀਗੜ੍ਹ ਰੋਡ 'ਤੇ ਸੈਕਟਰ-38 ਦੇ ਇਕ ਪਾਰਕ ਦੀ ਕੰਧ ਜ਼ੋਰਦਾਰ ਧਮਾਕੇ ਨਾਲ ਡਿੱਗ ਗਈ। ਚੌਕ ਵਿਖੇ ਡਿਊਟੀ ਦੇ ਰਹੇ ਟ?ਰੈਫਿਕ ਮੁਲਾਜ਼ਮਾਂ ਨੇ ਕਿਹਾ ਕਿ ਮੀਂਹ ਦੌਰਾਨ ਅਚਾਨਕ ਚੌਕ ਦੇ ਨਾਲ ਲਗਦੇ ਪਾਰਕ ਦੀ ਕੰਧ ਦਾ ਇਕ ਹਿੱਸਾ ਧਮਾਕੇ ਨਾਲ ਸੜਕ ਵਾਲੇ ਪਾਸੇ ਡਿੱਗ ਗਿਆ। ਜਦੋਂ ਕੰਧ ਡਿੱਗੀ ਤਾਂ ਆਲੇ-ਦੁਆਲੇ ਕੋਈ ਨਹੀਂ ਸੀ, ਜਿਸ ਕਾਰਨ ਬਚਾਅ ਹੋ ਗਿਆ। ਇਸ ਤੋਂ ਪਹਿਲਾਂ ਵੀ ਪਿਛਲੀਆਂ ਬਰਸਾਤਾਂ 'ਚ ਪਾਰਕ ਦੀ ਕੰਧ ਡਿੱਗ ਗਈ ਸੀ। ਇਸੇ ਤਰ੍ਹਾਂ ਫੋਕਲ ਪੁਆਇੰਟ ਅਰਬਨ ਅਸਟੇਟ ਝੁੱਗੀਆਂ ਨੇੜੇ ਰੋਡ ਤੋਂ ਗੁਜ਼ਰ ਰਹੀ ਕਾਰ ਟੋਏ 'ਚ ਫਸ ਕੇ ਪਲਟਣ ਤੋਂ ਮਸਾਂ ਬਚੀ। ਕਾਰ ਇਕ ਲੜਕੀ ਚਲਾ ਰਹੀ ਸੀ, ਜੋ ਕਿ ਬਚ ਗਈ। ਸੜਕ ਤੋਂ ਗੁਜ਼ਰ ਰਹੇ ਰਾਹਗੀਰਾਂ ਨੇ ਟੋਏ 'ਚ ਫਸੀ ਕਾਰ ਨੂੰ ਬਾਹਰ ਕੱਢਿਆ।

## ਦੇਸੀ ਘਿਓ, ਕਾਜੂ, ਬਾਦਾਮ... ਲੁਧਿਆਣਾ 'ਚ ਲੱਖਾਂ ਰੁਪਏ ਦਾ ਡਰਾਈ ਫਰੂਟ ਚੋਰੀ

ਲੁਧਿਆਣਾ 27 ਜੂਨ। ਕੇਸਰ ਗੰਜ ਮੰਡੀ ਵਿਚ ਸਥਿਤ ਇਕ ਦੁਕਾਨ ਨੂੰ ਇਕ ਚੋਰ ਨੇ ਨਿਸ਼ਾਨਾ ਬਣਾਇਆ। ਉਸ ਨੇ ਦੁਕਾਨ ਦਾ ਸ਼ਟਰ ਤੋੜ ਕੇ ਅੰਦਰੋਂ ਦੇਸੀ ਘਿਓ, ਬਦਾਮ, ਕਿਸ਼ਮਿਸ਼, ਕਾਜੂ, ਅੰਜੀਰ ਅਤੇ ਹੋਰ ਸਮਾਨ ਦੇ ਕੱਟੇ ਚੋਰੀ ਕਰ ਲਏ। ਦੋਸ਼ੀ ਸਵਿਫਟ ਡਿਜ਼ਾਇਰ ਕਾਰ ਵਿਚ ਆਇਆ ਸੀ। ਚੋਰੀ ਦੀ ਸਾਰੀ ਘਟਨਾ ਉੱਥੇ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਕੈਦ ਹੋ ਗਈਆਂ ਹਨ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ 1 ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੁਕਾਨ ਮਾਲਕ ਨੇ ਕਿਹਾ ਕਿ ਚੋਰ ਤਕਰੀਬਨ 4 ਲੱਖ ਰੁਪਏ ਦਾ ਡਰਾਈ ਫਰੂਟ ਤੇ ਮਸਾਲੇ ਆਦਿ ਚੋਰੀ ਕਰ ਕੇ ਲੈ ਗਿਆ ਹੈ।

# ਪਤੀ ਨੇ ਕਹੀਆਂ ਮਾਰ-ਮਾਰ ਕੀਤਾ ਪਤਨੀ ਦਾ ਕਤਲ, ਵਾਰਦਾਤ ਦੇਖ ਦਹਿਲ ਗਿਆ ਇਲਾਕਾ

**ਕੌਮੀ ਪਤ੍ਰਿਕਾ**

ਮੋਗਾ 27 ਜੂਨ। ਮੋਗਾ ਜ਼ਿਲੇ ਦੇ ਪਿੰਡ ਢਿੱਲਵਾਂ ਵਾਲਾ ਵਿਖੇ ਸ਼ੱਕ ਕਾਰਣ ਪਤੀ ਵਲੋਂ ਆਪਣੀ ਪਤਨੀ ਦੀ ਕਹੀਆਂ ਮਾਰ ਕੇ ਬੇਰਹਿਮੀ ਨਾਲ ਹੱਤਿਆ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਬਾਘਾ ਪੁਰਾਣਾ ਦਲਵੀਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਸਬੰਧ ਵਿਚ ਮ੍ਰਿਤਕਾ ਦੇ ਭਰਾ ਯਾਸੀਨ ਖਾਨ ਨਿਵਾਸੀ ਪਿੰਡ ਮੱਦੂ ਕੇ ਬਰਨਾਲਾ ਦੇ ਬਿਆਨਾਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਯਾਸ਼ੀਨ ਖ਼ਾਨ ਨੇ ਥਾਣਾ ਬਾਘਾ ਪੁਰਾਣਾ ਦੇ ਮੁੱਖ ਅਫਸਰ ਕਮਲਜੀਤ ਸਿੰਘ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਕਿਹਾ ਕਿ ਉਸਦੀ ਭੈਣ ਪ੍ਰਵੀਨ ਕਰੀਬ (28) ਸਾਲ ਦਾ ਵਿਆਹ ਰਿਖੀ ਖ਼ਾਨ ਨਿਵਾਸੀ ਪਿੰਡ ਢਿੱਲਵਾਂ ਨਾਲ ਕਰੀਬ 9 ਸਾਲ ਪਹਿਲਾਂ ਹੋਇਆ ਸੀ। ਉਹ ਮੇਰੀ ਭੈਣ ਨੂੰ ਅਕਸਰ ਹੀ ਕੁੱਟ-ਮਾਰ ਕਰਦਾ ਰਹਿੰਦਾ ਸੀ, ਜਿਸ ਬਾਰੇ ਮੇਰੀ ਭੈਣ ਨੇ ਸਾਨੂੰ ਦੱਸਿਆ, ਜਦੋਂ ਮੈਂ ਆਪਣੀ ਮਾਤਾ ਅਤੇ ਭੂਆ ਨੂੰ ਨਾਲ ਲੈ ਕੇ ਪਿੰਡ ਢਿੱਲਵਾਂ ਵਾਲਾ ਵਿਖੇ ਆਇਆ ਤਾਂ ਦੇਖਿਆ ਕਿ ਉਸਦੀ ਭੈਣ ਪ੍ਰਵੀਨ ਵਿਹੜੇ ਵਿਚ ਪਈ ਤੜਫ਼ ਰਹੀ ਸੀ, ਜਿਸ ਦੀ ਗਰਦਨ ਅਤੇ ਮੂੰਹ 'ਤੇ ਸੱਟਾਂ ਲੱਗੀਆਂ ਹੋਈਆਂ ਸਨ ਅਤੇ ਖ਼ੂਨ ਵਗ ਰਿਹਾ ਸੀ ਅਤੇ ਰਿਖੀ ਖਾਨ ਆਪਣੇ ਹੱਥ ਸਾਫ਼ ਕਰ ਰਿਹਾ ਸੀ। ਉਸ ਨੇ ਕਿਹਾ ਕਿ ਮੇਰੀ ਭੈਣ ਦੇ ਚਰਿੱਤਰ 'ਤੇ ਰਿਖੀ ਖ਼ਾਨ ਸ਼ੱਕ ਕਰਦਾ ਸੀ।ਅਸੀਂ ਕਈ ਵਾਰ ਉਸ ਨੂੰ ਸਮਝਾਉਣ ਦਾ ਵੀ ਯਤਨ ਕੀਤਾ। ਇਸੇ ਰੰਜਿਸ਼ ਕਾਰਣ ਉਸ ਨੇ ਆਪਣੀ ਪਤਨੀ ਮੇਰੀ ਭੈਣ ਦੀ ਬੇਰਹਿਮੀ ਨਾਲ ਕਹੀਆਂ ਮਾਰ ਕੇ ਹੱਤਿਆ ਕਰ ਦਿੱਤੀ। ਡੀ. ਐੱਸ. ਪੀ. ਦਲਵੀਰ ਸਿੰਘ ਸਿੱਧੂ ਬਾਘਾ ਪੁਰਾਣਾ ਨੇ ਦੱਸਿਆ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਥਾਣਾ ਮੁਖੀ ਕਮਲਜੀਤ ਸਿੰਘ ਨੇ ਕਥਿਤ ਮੁਲਜ਼ਮ ਰਿਖੀ ਖਾਨ ਨੂੰ ਜਾ ਦਬੋਚਿਆ। ਉਨ੍ਹਾਂ ਕਿਹਾ ਕਿ ਕਥਿਤ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਨ ਦਾ ਯਤਨ ਕੀਤਾ ਜਾਵੇਗਾ ਤਾਂ ਕਿ ਉਸ ਕੋਲੋਂ ਹੱਤਿਆ ਸਮੇਂ ਵਰਤੀ ਗਈ ਕਹੀ ਬਰਾਮਦ ਕੀਤੀ ਜਾ ਸਕੇ ਅਤੇ ਹੋਰ ਪੁੱਛਗਿੱਛ ਕੀਤੀ ਜਾ ਸਕੇ।

## ਮੁੱਖ ਅਧਿਆਪਕਾ ਨੂੰ ਧਮਕੀ ਦੇ ਕੇ 25000 ਰੁਪਏ ਠੱਗੇ

ਬਠਿੰਡਾ 27 ਜੂਨ। ਇਕ ਅਣਪਛਾਤੇ ਵਿਅਕਤੀ ਨੇ ਇਕ ਸਰਕਾਰੀ ਪ੍ਰਾਇਮਰੀ ਸਕੂਲ ਦੀ ਮੁੱਖ ਅਧਿਆਪਕਾ ਨੂੰ ਧਮਕੀ ਦੇ ਕੇ 25000 ਰੁਪਏ ਦੀ ਠੱਗੀ ਮਾਰ ਲਈ। ਸਾਈਬਰ ਕ੍ਰਾਈਮ ਸੈੱਲ ਨੇ ਅਣਪਛਾਤੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਮੁੱਖ ਅਧਿਆਪਕਾ ਰਮਨਪ੍ਰੀਤ ਕੌਰ ਨੇ ਸਾਈਬਰ ਕ੍ਰਾਈਮ ਸੈੱਲ ਕੋਲ ਦਰਜ ਕਰਵਾਈ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਕੁਝ ਦਿਨ ਪਹਿਲਾਂ ਇਕ ਅਣਪਛਾਤੇ ਵਿਅਕਤੀ ਨੇ ਉਸ ਨੂੰ ਫ਼ੋਨ ਕਰਕੇ ਦੱਸਿਆ ਕਿ ਸਕੂਲ ਲਈ 50000 ਰੁਪਏ ਦੀ ਗ੍ਰਾਂਟ ਆਈ ਹੈ, ਜਿਸ ਵਿਚੋਂ ਸਿਰਫ਼ ਅੱਧੀ ਗ੍ਰਾਂਟ ਕੰਮ 'ਤੇ ਖਰਚ ਹੋਈ ਹੈ ਅਤੇ ਬਾਕੀ ਅੱਧੀ ਖੁਰਦ ਬੁਰਦ ਕਰ ਦਿੱਤੀ ਗਈ। ਫ਼ੋਨ ਕਰਨ ਵਾਲੇ ਨੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਅੱਧੀ ਰਕਮ ਉਸ ਵਲੋਂ ਦੱਸੇ ਗਏ ਖਾਤੇ ਵਿਚ ਜਮ?ਹਾ ਨਹੀਂ ਕਰਵਾਈ ਗਈ ਤਾਂ ਉਸ ਨੂੰ ਮੁਅੱਤਲ ਕਰ ਦਿੱਤਾ ਜਾਵੇਗਾ।

## 2 ਮੋਟਰਸਾਈਕਲਾਂ ਦੀ ਭਿਆਨਕ ਟੱਕਰ ਨੇ ਵਿਛਾਏ ਸੱਥਰ ! 2 ਨੌਜਵਾਨਾਂ ਦੀ ਮੌਤ, 2 ਹੋਰ ਜ਼ਖ਼ਮੀ

ਨੈਸ਼ਨਲ ਡੈਸਕ 27 ਜੂਨ। ਉੱਤਰ ਪ੍ਰਦੇਸ਼ ਦੇ ਸੁਲਤਾਨਪੁਰ ਜ਼ਿਲ੍ਹੇ ਦੇ ਦੋਸਤਪੁਰ ਥਾਣਾ ਖੇਤਰ ਵਿੱਚ ਪੂਰਵਾਂਚਲ ਐਕਸਪ੍ਰੈਸਵੇਅ ਦੀ ਸਰਵਿਸ ਲੇਨ 'ਤੇ ਸ਼ੁੱਕਰਵਾਰ ਸਵੇਰੇ ਹੋਈ ਆਹਮੋ-ਸਾਹਮਣੇ ਟੱਕਰ ਵਿੱਚ ਦੋ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ




ਜ਼ਖਮੀ ਹੋ ਗਏ। ਪੁਲਸ ਅਨੁਸਾਰ ਇਹ ਸੜਕ ਹਾਦਸਾ ਮਦਨਪੁਰ ਮੋੜ 'ਤੇ ਵਾਪਰਿਆ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ 22 ਸਾਲਾ ਦਿਲੀਪ ਕੁਮਾਰ ਅਤੇ 25 ਸਾਲਾ ਜਤਿੰਦਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਦਿਲੀਪ ਆਪਣੇ ਦੋ ਸਾਥੀਆਂ ਪ੍ਰਿੰਸ (18) ਅਤੇ ਕ੍ਰਿਸ਼ਨਾ (20) ਨਾਲ ਮਾਣਿਕਪੁਰ ਤੋਂ ਸਹਗੀਆ ਜਾ ਰਿਹਾ ਸੀ ਜਦੋਂ ਕਿ ਜਤਿੰਦਰ ਧਤੂਰਾਹਾ ਤੋਂ ਜਨਕਪੁਰ ਸਥਿਤ ਆਪਣੀ ਭਰਜਾਈ ਦੇ ਘਰ ਤੋਂ ਵਾਪਸ ਆ ਰਿਹਾ ਸੀ। ਪੁਲਸ ਨੇ ਦੱਸਿਆ ਕਿ ਹਾਦਸੇ ਵਿੱਚ ਦਿਲੀਪ ਅਤੇ ਜਤਿੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਪ੍ਰਿੰਸ ਅਤੇ ਕ੍ਰਿਸ਼ਨਾ ਗੰਭੀਰ ਜ਼ਖਮੀ ਹੋ ਗਏ ਹਨ ਅਤੇ ਡਾਕਟਰ ਨੇ ਮੁੱਢਲੀ ਸਹਾਇਤਾ ਤੋਂ ਬਾਅਦ ਦੋਵਾਂ ਨੂੰ ਅੰਬੇਡਕਰ ਨਗਰ ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਦੋਸਤਪੁਰ ਕਮਿਊਨਿਟੀ ਹੈਲਥ ਸੈਂਟਰ ਦੇ ਸੁਪਰਡੈਂਟ ਡਾ. ਅਜੀਤ ਯਾਦਵ ਨੇ ਕਿਹਾ ਕਿ ਜੇਕਰ ਦੋਵੇਂ ਡਰਾਈਵਰ ਹੈਲਮੇਟ ਪਹਿਨਦੇ ਤਾਂ ਉਨ੍ਹਾਂ ਨੂੰ ਸ਼ਾਇਦ ਇਸ ਹਾਦਸੇ 'ਚ ਜਾਨ ਨਾ ਗੁਆਉਣੀ ਪੈਂਦੀ। ਥਾਣਾ ਇੰਚਾਰਜ ਅਨਿਰੁੱਧ ਸਿੰਘ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਸਬ-ਇੰਸਪੈਕਟਰ ਅਨੂਪ ਸਿੰਘ ਦੀ ਅਗਵਾਈ ਹੇਠ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਅਤੇ ਹੋਰ ਕਾਨੂੰਨੀ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਪੁਲਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਸੁਲਤਾਨਪੁਰ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਲੁਧਿਆਣਾ ਦੇ ਹੋਟਲ 'ਚ ਨਾਬਾਲਗਾ ਨਾਲ ਜਬਰ-ਜ਼ਿਨਾਹ !

ਲੁਧਿਆਣਾ 27 ਜੂਨ। ਥਾਣਾ ਮਿਹਰਬਾਨ ਦੀ ਪੁਲਸ ਨੇ ਇਕ ਨਾਬਾਲਗ ਲੜਕੀ ਦੇ ਨਾਲ ਜਬਰ ਜ਼ਿਨਾਹ ਦਾ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਥਾਣੇਦਾਰ ਹੁਸਨ ਲਾਲ ਨੇ ਦੱਸਿਆ ਕਿ ਪੁਲਸ ਨੇ ਪੀੜਤਾ ਦੀ ਮਾਂ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਤਰਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਨਾਬਾਲਗ ਧੀ ਪੈਦਲ ਆਪਣੀ ਸਹੇਲੀ ਘਰ ਜਾ ਰਹੀ ਸੀ ਤੇ ਇਸੇ ਦੌਰਾਨ ਫੈਜ਼ਲ ਨਾਂ ਦਾ ਨੌਜਵਾਨ ਉਸ ਨੂੰ ਆਪਣੇ ਮੋਟਰਸਾਈਕਲ 'ਤੇ ਬਿਠਾ ਕੇ ਹੋਟਲ ਵਿਚ ਲੈ ਗਿਆ ਤੇ ਇੱਥੇ ਉਸ ਨੇ ਕੁੜੀ ਦੀ ਮਰਜ਼ੀ ਤੋਂ ਬਗੈਰ ਉਸ ਨਾਲ ਸਰੀਰਕ ਸਬੰਧ ਬਣਾਏ। ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਮੁਲਜ਼ਮ ਫੈਜ਼ਲ ਵਾਸੀ ਮੁਹੱਲਾ ਮਾਡਲ ਟਾਊਨ ਕਾਲੋਨੀ ਦੇ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਜਨਮ ਦਿਨ ਪਾਰਟੀ ਦੌਰਾਨ ਪੈ ਗਏ ਭੜਥੂ !

ਅਮਰਗੜ੍ਹ 27 ਜੂਨ। ਥਾਣਾ ਅਮਰਗੜ੍ਹ ਵਿਖੇ ਇਕ ਨਾ-ਮਾਲੂਮ ਵਿਅਕਤੀ ਵਿਰੁੱਧ ਆਰਮਜ਼ ਐਕਟ ਦੇ ਅਧੀਨ ਕੇਸ ਦਰਜ ਕੀਤਾ ਗਿਆ ਹੈ। ਇਸ ਕੇਸ ਬਾਰੇ ਡਿਊਟੀ ਅਫਸਰ ਜੋਗਿੰਦਰ ਸਿੰਘ ਨੇ ਦੱਸਿਆ ਕਿ 14 ਜੂਨ 2025 ਰਾਤ ਨੂੰ ਕਿਰਨਵੀਰ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਰਾਇਪੁਰ ਖੁਰਦ ਸੈਕਟਰ 84 ਮੋਹਾਲੀ ਜ਼ਿਲ੍ਹਾ ਮੋਹਾਲੀ ਜੋ ਕਿ ਆਪਣੇ ਪੰਜ-ਸੱਤ ਦੋਸਤਾਂ ਨਾਲ ਪਿੰਡ ਨੰਗਲ ਵਿਖੇ ਆਪਣੇ ਖੇਤ ਬਣੇ ਘਰ 'ਚ ਜਨਮ ਦਿਨ ਦੀ ਪਾਰਟੀ ਕਰ ਰਹੇ ਸੀ ਜਿੱਥੇ ਉਸ ਦੇ ਦੋਸਤਾਂ 'ਚੋਂ ਕਿਸੇ ਨੇ ਆਪਣੇ ਜਾਇਜ਼ ਜਾਂ ਨਾਜਾਇਜ਼ ਹਥਿਆਰ ਨਾਲ ਗੋਲੀ ਚਲਾ ਦਿੱਤੀ, ਜਿਸ ਕਰ ਕੇ ਗੋਲੀ ਕਿਰਨਵੀਰ ਸਿੰਘ ਦੇ ਪੇਟ 'ਚ ਲੱਗੀ ਜਿਸ ਕਰ ਕੇ ਕਿਰਨਵੀਰ ਸਿੰਘ ਜੀਵਨ ਹਸਪਤਾਲ 'ਚ ਵਿਖੇ ਜ਼ੇਰੇ ਇਲਾਜ ਹੈ। ਪੁਲਸ ਵੱਲੋਂ ਪੁੱਛਣ 'ਤੇ ਥਾਣੇ 'ਚ ਉਸ ਦੇ ਵਾਰਸਾਂ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਦਾ ਆਪ੍ਰੇਸ਼ਨ ਹੋ ਰਿਹਾ ਹੈ।

# ਰੁਜ਼ਗਾਰ ਦੀ ਗਾਰੰਟੀ ਦਾ ਕਾਨੂੰਨ ਬਣਨ ਨਾਲ ਹੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕਦੈ: ਚਮੇਲੀ, ਡੱਗੋ ਰੋਮਾਣਾ

**ਕੌਮੀ ਪਤ੍ਰਿਕਾ**

ਫ਼ਰੀਦਕੋਟ: ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਅੱਜ ਇਥੇ ਡਿਪਟੀ ਕਮਿਸ਼ਨਰ ਦਫਤਰ ਅੱਗੇ 90 ਘੰਟੇ ਕੰਮ ਹਫਤੇ ਦੀ ਤਜਵੀਜ ਖਿਲਾਫ ਅਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਅਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਦੀ ਪ੍ਰਾਪਤੀ ਲਈ ਇੱਥੇ ਬਨੇਗਾ ਵਲੰਟੀਅਰਜ਼ ਵੱਲੋਂ ÷ਬਨੇਗਾ ਐਕਸ਼ਨ ਡੇ÷ ਤੇ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਚਮੇਲੀ ਅਤੇ ਜ਼ਿਲ੍ਹਾ ਸਕੱਤਰ ਕੁਲਵਿੰਦਰ ਡੱਗੋ ਰੋਮਾਣਾ ਨੇ ਕੀਤੀ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਾਥੀ ਚਰਨਜੀਤ ਚਮੇਲੀ ਅਤੇ ਕੁਲਵਿੰਦਰ ਡੱਗੋ ਰੋਮਾਣਾ ਨੇ ਕਿਹਾ ਕਿ ਮੌਜੂਦਾ ਕੇਂਦਰ ਦੀ ਸਰਕਾਰ ਅਤੇ ਦੇਸ਼ ਦੇ ਪੂੰਜੀਪਤੀਆਂ ਵੱਲੋਂ 12 ਘੰਟੇ ਕਾਨੂੰਨੀ ਕੰਮ ਦਿਹਾੜੀ ਅਤੇ 90 ਘੰਟੇ ਦਾ ਹਫਤਾ ਨੀਤੀਆਂ ਲਾਗੂ ਕਰਨ ਦੀਆਂ ਤਜਵੀਜ਼ਾ ਲਿਆ ਕੇ ਦੇਸ਼ ਦੀ ਜਵਾਨੀ ਨੂੰ ਘੋਰ ਨਿਰਾਸ਼ਾ ਅਤੇ ਨਸ਼ਿਆਂ ਵਰਗੀਆਂ ਅਲਾਮਤਾਂ ਵੱਲ ਧੱਕਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਸ ਤਜਵੀਜ ਦੇ ਲਾਗੂ ਹੋਣ ਨਾਲ ਕੰਮ ਤੇ ਲੱਗੇ ਕਾਮਿਆਂ ਦਾ ਕੰਮ ਬੋਝ ਖਤਰਨਾਕ ਹੱਦ ਤੱਕ ਵੱਧ ਜਾਵੇਗਾ ਅਤੇ ਦੂਜੇ ਪਾਸੇ ਐਤਵਾਰ ਦੀ ਛੁੱਟੀ ਵੀ ਖ਼ਤਮ ਹੋ ਜਾਵੇਗੀ,ਜੋ ਕਿ ਦੇਸ਼ ਅਤੇ ਕਿਰਤੀਆਂ ਵਿਰੋਧੀ ਹੈ ਜਿਸ




ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਆਗੂਆਂ ਨੇ ਅੱਗੇ ਸੰਬੋਧਨ ਕਰਦਿਆਂ ਕਿਹਾ ਪੰਜਾਬ ਸੂਬੇ ਅੰਦਰ ਲਗਾਤਾਰ ਵੱਧ ਰਹੇ ਨਸ਼ਿਆਂ ਨੂੰ ਰੋਕਣ ਲਈ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੀਤਾ ਜਾ ਰਿਹਾ ਹੈ, ਪ੍ਰੰਤੂ ਉਸ ਦਿਨ ਨਤੀਜੇ ਫਲਦਾਇਕ ਮਿਲਣੇ ਸਾਬਤ ਨਹੀਂ ਹੋ ਰਹੇ। ਆਗੂਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਸੂਬੇ ਅੰਦਰੋਂ ਮੁਕੰਮਲ ਤੌਰ ਤੇ ਨਸ਼ਿਆਂ ਦੀ ਜੜ੍ਹ ਨੂੰ ਪੁੱਟਣਾ ਹੈ ਤਾਂ ਸਭ ਲਈ ਰੁਜ਼ਗਾਰ ਦੀ ਗਾਰੰਟੀ ਕਰਨੀ ਹੋਵੇਗੀ, ਜਿਸ ਨਾਲ ਨੌਜਵਾਨ ਗਲਤ ਅਲਾਮਤਾਂ ਵਾਲੇ ਪਾਸੇ ਜਾਣ ਤੋਂ ਖੁਦ ਬਾ ਖੁਦ ਰੁਕ ਜਾਵੇਗਾ। ਰੁਜ਼ਗਾਰ ਦੀ ਗਰੰਟੀ ਕਰਨ ਨਾਲ ਹੀ ਦੇਸ਼ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਮੁਕੰਮਲ ਤੌਰ ਤੇ ਕੱਢਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਹਰ ਇੱਕ ਲਈ ਰੁਜ਼ਗਾਰ ਦੀ ਗਾਰੰਟੀ ਕਰਦੇ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਨੂੰ ਪਾਰਲੀਮੈਂਟ ਵਿਚੋਂ ਪਾਸ ਕਰਵਾਉਣ ਅਤੇ 6 ਘੰਟੇ ਦੀ ਕਾਨੂੰਨੀ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ ਜੋ ਜਿੱਤ ਪ੍ਰਾਪਤੀ ਤੱਕ ਜਾਰੀ ਰਹੇਗਾ। ਇਸ ਬਨੇਗਾ ਪ੍ਰਦਰਸ਼ਨ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਆਗੂ ਗੁਰਵਿੰਦਰ ਸਿੰਘ ਚਮੇਲੀ, ਜਸਵਿੰਦਰ ਡੱਗੋ ਰੋਮਾਣਾ, ਮੋਹਿਤ ਫਰੀਦਕੋਟ ਅਤੇ ਸਾਗਰ ਸਿੰਘ ਆਦਿ ਆਗੂ ਹਾਜ਼ਰ ਸਨ।

## ਦੋ ਮੋਟਰਸਾਈਕਲਾਂ ਦੀ ਆਪਸੀ ਟੱਕਰ 'ਚ ਇਕ ਦੀ ਮੌਤ

ਗੁਰੂਹਰਸਹਾਏ 27 ਜੂਨ। ਗੁਰੂਹਰਸਹਾਏ ਸ਼ਹਿਰ ਦੀ ਗੁੱਦੜ ਢੰਡੀ ਰੋਡ 'ਤੇ ਅੱਜ ਦੋ ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਟੱਕਰ ਹੋਣ ਕਾਰਨ ਪਿੰਡ ਚੱਪਾ ਅੜਿੱਕੀ ਦੇ ਰਹਿਣ ਵਾਲੇ ਰੂੜ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਦੋ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਰੂੜ ਸਿੰਘ ਜੋ ਕਿ ਗੁਰੂਹਰਸਹਾਏ ਤੋਂ ਅਪਣੇ ਪਿੰਡ ਚੱਪਾ ਅੜਿੱਕੀ ਜਾ ਰਿਹਾ ਸੀ ਤਾਂ ਸਾਹਮਣੇ ਤੋਂ ਆ ਰਹੇ ਮੋਟਰਸਾਈਕਲ ਨਾਲ ਕਿਸੇ ਕਾਰਨ ਆਹਮੋ-ਸਾਹਮਣੇ ਟੱਕਰ ਹੋ ਗਈ ਜਿਸ ਦੌਰਾਨ ਰੂੜ ਸਿੰਘ ਦੀ ਮੌਕੇ 'ਤੇ ਹੀ ਹੋ ਗਈ ਜਿਸ ਦੀ ਉਮਰ 55 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ। ਦੂਸਰੇ ਮੋਟਰਸਾਈਕਲ ਸਵਾਰ ਦੋ ਨੌਜਵਾਨ ਜੋ ਪਿੰਡ ਰਾਉਕਿਆਂ ਦੇ ਦੱਸੇ ਜਾ ਰਹੇ ਹਨ, ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ। ਇਸ ਦੌਰਾਨ ਰਾਹ 'ਤੇ ਜਾ ਰਹੀ ਕਿਸੇ ਸਕੂਲ ਵੈਨ ਵੱਲੋਂ ਦੋਵਾਂ ਜ਼ਖਮੀ ਲੋਕਾਂ ਨੂੰ ਸ਼ਹਿਰ ਦੇ ਸੀ. ਐੱਚ. ਸੀ. ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ ਗਿਆ ਉਨ੍ਹਾਂ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਦੋਵਾਂ ਮਰੀਜ਼ਾਂ ਨੂੰ ਫਰੀਦਕੋਟ ਦੇ ਮੈਡੀਕਲ ਕਾਲਜ 'ਚ ਰੈਫਰ ਕਰ ਦਿੱਤਾ। ਇਸ ਹਾਦਸੇ ਵਿਚ ਦੋਵੇਂ ਮੋਟਰਸਾਈਕਲ ਚੱਕਨਾਚੂਰ ਹੋ ਗਏ।

## ਪੈਰਾ ਏਸ਼ਿਆਈ ਖੇਡਾਂ ਦੇ 13 ਖਿਡਾਰੀਆਂ ਅਤੇ ਮੈਡਲ ਜੇਤੂਆਂ ਦੇ ਲਈ 19.72 ਕਰੋੜ ਰੁਪਏ ਦੀ ਇਨਾਮ ਰਕਮ ਮੰਜੂਰ

ਚੰਡੀਗੜ੍ਹ, 27 ਜੂਨ: ਹਰਿਆਣਾ ਪੈਰਾ ਸਪੋਰਟਸ ਏਸੋਸਇਏਸ਼ਨ ਦੀ ਚੇਅਰਮੈਨ ਅਤੇ ਹਰਿਆਣਾ ਦੀ ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਵੱਲੋਂ ਕੀਤੀ ਗਈ ਤੁਰੰਤ ਕਾਰਵਾਈ ਬਾਅਦ ਹਰਿਆਣਾ ਸਰਕਾਰ ਨੇ ਚੌਥੇ ਪੈਰਾ ਏਸ਼ਿਆਈ ਖੇਡਾਂ 2022 ਵਿੱਚ ਹਿੱਸਾ ਲੈਣ ਵਾਲੇ ਹਰਿਆਣਾ ਦੇ 13 ਖਿਡਾਰੀਆਂ ਨੂੰ ਨਗਦ ਪੁਰਸਕਾਰ ਲਈ 19.72 ਕਰੋੜ ਰੁਪਏ ਦੀ ਇਨਾਮ ਰਕਮ ਮੰਜੂਰ ਕੀਤੀ ਹੈ। ਇੰਨ੍ਹਾ ਪੁਰਸਕਾਰ ਪ੍ਰਾਪਤਕਰਤਾਵਾਂ ਵਿੱਚ ਇਥਲੇਟਿਕਸ ਖਿਡਾਰੀ ਹੈਨੀ ਨੂੰ ਗੋਲਡ ਮੈਡਲ ਜਿੱਤਣ 'ਤੇ 3 ਕਰੋੜ ਰੁਪਏ ਮਿਲਣਗੇ। ਨਿਵੇਸ਼ ਕੁਮਾਰ (ਪੈਰਾ ਬੈਡਮਿੰਟਨ) ਨੂੰ ਗੋਲਡ ਮੈਡਲ ਜਿੱਤਣ 'ਤੇ 3 ਕਰੋੜ ਰੁਪਏ ਅਤੇ ਸਿਲਵਰ ਮੈਡਲ ਜਿੱਤਣ 'ਤੇ 1.5 ਕਰੋੜ ਰੁਪਏ ਮਿਲਣਗੇ। ਸਰਿਤਾ ਅਧਾਨਾ (ਪੈਰਾ ਆਰਚਰੀ) ਨੂੰ ਸਿਲਵਲ ਮੈਡਲ ਜਿੱਤਣ 'ਤੇ 1.5 ਕਰੋੜ ਰੁਪਏ ਮਿਲਣਗੇ। ਪੂਜਾ, ਧਰਮਬੀਰ, ਰਿੰਕੂ, ਪ੍ਰਸਾਦ, ਯੋਗੇਸ਼ ਕਧੁਨਿਆ, ਰਾਮਪਾਲ ਅਤੇ ਮੀਨੂ ਘਨਘਸ ਨੂੰ ਸਿਲਵਰ ਮੈਡਲ ਜਿੱਤਣ 'ਤੇ 1.50-1.50 ਕਰੋੜ ਰੁਪਏ ਮਿਲਣਗੇ। ਪੈਰਾ ਲਾਨ ਬਾਲ ਖਿਡਾਰੀ ਅੰਜੂ ਬਾਲਾ, ਏਥਲੇਟਿਕਸ ਖਿਡਾਰੀ ਜਸਬੀਰ ਅਤੇ ਕੈਨੋਇੰਗ ਖਿਡਾਰੀ ਜੈਯਦੀਪ ਨੂੰ ਖੇਡਾਂ ਵਿੱਚ ਹਿੱਸਾ ਲੈਣ ਦੀ ਏਵਜ ਵਿੱਚ 7.50-.7.50 ਲੱਖ ਰੁਪਏ ਮਿਲਣਗੇ। ਇਸ ਤੋਂ ਇਲਾਵਾ, ਏਥਲੇਟਿਕਸ ਖਿਡਾਰੀ ਪ੍ਰਣਵ ਯੁਰਮਾ, ਰਮਨ ਸ਼ਰਮਾ, ਸੁਮਿਤ ਅਤੇ ਤਰੁਣ ਢਿੱਲੋਂ ਨੂੰ ਵੀ ਗੋਲਡ ਮੈਡਲ ਜਿੱਤਣ 'ਤੇ 3-3 ਕਰੋੜ ਰੁਪਏ ਮਿਲਣਗੇ। ਉਨ੍ਹਾਂ ਦੀ ਇਨਾਮੀ ਰਕਮ ਆਉਣ ਵਾਲੇ ਦਿਨਾਂ ਵਿੱਚ ਮੰਜੂਰ ਕੀਤੀ ਜਾਵੇਗੀ। ਸਿਹਤ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸਾਡੇ ਪੈਰਾ ਏਥਲੀਟਾਂ ਨੇ ਹਰਿਆਣਾ ਅਤੇ ਦੇਸ਼ ਨੂੰ ਬਹੁਤ ਮਾਣ ਵਧਾਇਆ ਹੈ। ਇਹ ਯਕੀਨੀ ਕਰਨਾ ਸਾਡੀ ਜਿਮੇਵਾਰੀ ਸੀ ਕਿ ਉਨ੍ਹਾਂ ਨੂੰ ਬਿਨ੍ਹਾਂ ਦੇਰੀ ਦੇ ਸਨਮਾਨਿਤ ਕਰ ਪੁਰਸਕ੍ਰਿਤ ਕੀਤਾ ਜਾਵੇ। ਮੈਂ ਮੁੱਖ ਮੰਤਰੀ ਨੂੰ ਤੁਰੰਤ ਕਾਰਵਾਈ ਕਰਨ ਲਈ ਧੰਨਵਾਦ ਦਿੰਦੀ ਹਾਂ। ਸੂਬਾ ਸਰਕਾਰ ਹਰ ਉਸ ਏਥਲੀਟ ਨੂੰ ਮਜਬੂਤ ਬਨਾਉਣ ਲਈ ਪ੍ਰਤੀਬੱਧ ਹੈ ਜੋ ਭਾਰਤ ਨੂੰ ਮਾਣ ਦਿਵਾਉਣ ਲਈ ਚਨੌਤੀਆਂ ਨੂੰ ਪਾਰ ਕਰਦਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਪੈਰਾ-ਸਪੋਰਟਸ ਲਈ ਇੱਕ ਸਹਾਇਕ ਮਾਹੌਲ ਬਨਾਉਣ ਲਈ ਸਮਰਪਿਤ ਹੈ। ਵਰਨਣਯੋਗ ਹੈ ਕਿ ਖਿਡਾਰੀਆਂ ਨੇ ਨਗਦ ਪੁਰਸਕਾਰ ਵੰਡ ਦੇ ਸਬੰਧ ਵਿੱਚ ਕੁੱਝ ਦਿਨ ਪਹਿਲਾਂ ਕੁਮਾਰੀ ਆਰਤੀ ਸਿੰਘ ਰਾਓ ਨਾਲ ਮੁਲਾਕਾਤ ਕੀਤੀ ਸੀ। ਮੰਤਰੀ ਨੇ ਇਸ ਮਾਮਲੇ ਨੂੰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਸਾਹਮਣੇ ਚੁੱਕਿਆ, ਜਿਸ ਦੇ ਨਤੀਜੇਵਜੋ ਤੁਰੰਤ ਕਾਰਵਾਈ ਕੀਤੀ ਗਈ ਅਤੇ ਪੁਰਸਕਾਰ ਰਕਮ ਵੰਡ ਕੀਤੀ ਗਈ ਹੈ।

# ਸੀਆਈਐਸਐਫ ਦਾ ਟੀਚਾ ਸੂਬਿਆਂ ਦੀ ਫਾਇਰ ਸੇਵਾਵਾਂ ਦੇ ਨਾਲ ਸਾਝੇਦਾਰੀ ਮਜਬੂਤ ਕਰਨਾ - ਕਮਾਂਡੇਂਟ ਲਲਿਤ ਪੰਵਾਰ

ਚੰਡੀਗੜ੍ਹ, 27 ਜੂਨ: ਪੰਜਾਬ ਅਤੇ ਹਰਿਆਣਾ ਸਿਵਲ ਸਕੱਤਰੇਤ ਚੰਡੀਗੜ੍ਹ ਦੀ ਯੂਨਿਟ ਵਿੱਚ ਤੈਨਤ ਕੇਂਦਰੀ ਉਦਯੋਗਿਕ ਸੁਰੱਖਿਆ ਫੋਰਸ (ਸੀਆਈਐਸਐਫ) ਨੇ ਅੱਜ ਆਪਣੇ ਰਾਸ਼ਟਰਵਿਆਪੀ ਅੱਗ ਟੇਸਟ ਤਹਿਤ ਜਵਾਨਾਂ ਨੂੰ ਅੱਗ ਬਝਾਊ ਯੰਤਰਾਂ ਦੇ ਸੰਚਾਲਨ ਅਤੇ ਆਫਤ ਦੇ ਸਮੇਂ ਅੱਗ 'ਤੇ ਕਾਬੂ ਪਾਉਣ ਦੀ ਸਿਖਲਾਈ ਦਿੱਤੀ। ਇਸ ਮੌਕੇ 'ਤੇ ਯੂਨਿਟ ਦੇ ਕਮਾਂਡੇਂਟ ਸ੍ਰੀ ਲਲਿਤ ਪੰਵਾਰ ਨੇ ਸਿਖਲਾਈ ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸੀਆਈਐਸਐਫ ਕੇਂਦਰੀ ਆਰਮਡ ਫੋਰਸਾਂ ਵਿੱਚ ਇੱਕਲੌਤੀ ਅਜਿਹੀ ਫੋਰਸ ਹੈ ਜਿਸ ਦੇ ਕੋਲ ਸਮਰਪਿਤ ਅੱਗ ਬਝਾਊ ਵਿੰਗ ਹੈ। ਉਨ੍ਹਾਂ ਨੇ ਦਸਿਆ ਕਿ ਇਸ ਵਿੰਗ ਦੀ ਸਥਾਪਨਾ 2023 ਵਿੱਚ ਕੀਤੀ ਗਈ ਸੀ ਅਤੇ ਦੇਸ਼ ਦੇ 100 ਸ਼ਹਿਰਾਂ ਦੇ ਫਾਇਰ ਕਰਮਚਾਰੀਆਂ ਨੂੰ ਸਿਖਲਾਈ ਦੀ ਜਿਮੇਵਾਰੀ ਵੀ ਸੀਆਈਐਸਐਫ ਨੂੰ ਦਿੱਤੀ ਗਈ ਹੈ। ਉਨ੍ਹਾਂ ਨੇ ਦਸਿਆ ਕਿ ਸਾਲ 2025 ਤੱਕ ਸੀਆਈਐਸਐਫ ਦਾ ਟੀਚਾ ਸੂਬਿਆਂ ਨੂੰ ਲੱਅੱਗ ਬਝਾਊ ਸੇਵਾਵਾਂ ਦੇ ਨਾਲ ਆਪਣੀ ਸਾਝੇਦਾਰੀ ਨੂੰ ਹੋਰ ਵੱਧ ਮਜਬੁਤ ਕਰਨਾ ਹੈ। ਇਸ ਨਾਲ ਦੇਸ਼ ਦੀ ਸਮੂਚੀ ਸ਼ਹਿਰੀ ਸੁਰੱਖਿਆ ਅਤੇ ਇੰਫ?ਰਾਸਟਕਚਰ ਨੂੰ ਮਜਬੂਤ ਕਰਨਾ ਹੈ। ਭਾਰਤ ਸਰਕਾਰ ਦੇ ਆਫਤ ਤਿਆਰੀ ਦ੍ਰਿਸ਼ਟੀਕੋਣ ਅਨੁਰੂਪ ਲੋਕਾਂ ਦੇ ਜੀਵਨ ਤੇ ਦੇਸ਼ ਦੀ ਸੰਪਤੀ ਦੀ ਸੁਰੱਖਿਆ ਲਈ ਸੀਆਈਐਸਐਫ ਪ੍ਰਤੀਬੱਧ ਹੈ।

# ਦੇਸ਼ 'ਚ ਕੋਰੋਨਾ ਨਾਲ ਹੁਣ ਤੱਕ 120 ਮਰੀਜ਼ਾਂ ਦੀ ਮੌਤ, ਸਰਗਰਮ ਮਾਮਲਿਆਂ 'ਚ ਆਈ ਕਮੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 27 ਜੂਨ। ਦੇਸ਼ 'ਚ ਪਿਛਲੇ ਕੁਝ ਦਿਨਾਂ ਤੋਂ ਕੋਰੋਨਾ ਸੰਕਰਮਣ ਦੇ ਸਰਗਰਮ ਮਾਮਲਿਆਂ 'ਚ ਕਮੀ ਦੇਖੀ ਗਈ ਹੈ ਅਤੇ ਸ਼ੁੱਕਰਵਾਰ ਨੂੰ ਕੁੱਲ ਸਰਗਰਮ ਮਾਮਲਿਆਂ ਦੀ ਗਿਣਤੀ ਘੱਟ ਕੇ 5608 ਰਹਿ ਗਈ। ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਨਾਲ 1092 ਮਰੀਜ਼ਾਂ ਦੇ ਸਿਹਤਮੰਦ ਹੋਣ ਨਾਲ ਇਸ ਬੀਮਾਰੀ ਤੋਂ ਠੀਕ ਹੋਣ ਵਾਲਿਆਂ ਦੀ ਗਿਣਤੀ 18256 ਤੱਕ ਪਹੁੰਚ ਗਈ ਅਤੇ ਇਸ ਮਿਆਦ 'ਚ 4 ਹੋਰ ਮਰੀਜ਼ਾਂ ਦੀ ਮੌਤ ਨਾਲ ਮ੍ਰਿਤਕਾਂ ਦਾ ਅੰਕੜਾ 120 ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ 22 ਮਈ ਨੂੰ ਦੇਸ਼ 'ਚ ਕੋਰੋਨਾ 'ਚ ਸਿਰਫ਼ 257 ਮਾਮਲੇ ਸਰਗਰਮ ਸਨ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਵਲੋਂ ਜਾਰੀ ਅੰਕੜਿਆਂ ਅਨੁਸਾਰ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਸੰਕ੍ਰਮਿਤ ਚਾਰ ਹੋਰ ਮਰੀਜ਼ਾਂ ਦੀ ਮੌਤ ਨਾਲ ਮ੍ਰਿਤਕਾਂ ਦਾ ਅੰਕੜਾ 120 ਪਹੁੰਚ ਗਿਆ। ਪਿਛਲੇ 24 ਘੰਟਿਆਂ 'ਚ ਦਿੱਲੀ, ਕੇਰਲ, ਮਹਾਰਾਸ਼ਟਰ ਅਤੇ ਪੰਜਾਬ 'ਚ ਕੋਰੋਨਾ ਨਾਲ ਇਕ-ਇਕ ਮਰੀਜ਼ ਦੀ ਮੌਤ ਹੋ ਗਈ। ਮੰਤਰਾਲਾ ਅਨੁਸਾਰ ਸੰਕਰਮਣ ਦੇ ਮਾਮਲਿਆਂ



'ਚ ਕੇਰਲ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਹੈ, ਹਾਲਾਂਕਿ ਅੱਜ ਸਵੇਰ ਤੱਕ 125 ਸਰਗਰਮ ਮਾਮਲੇ ਘਟਣ ਨਾਲ ਇਸ ਦਾ ਅੰਕੜਾ 1184 ਰਹਿ ਗਿਆ। ਰਾਸ਼ਟਰੀ ਰਾਜਧਾਨੀ 'ਚ 2 ਮਾਮਲੇ ਘਟਣ ਨਾਲ ਪੀੜਤਾਂ ਦੀ ਕੁੱਲ ਗਿਣਤੀ 630 ਹੋ ਗਈ। ਮਹਾਰਾਸ਼ਟਰ 'ਚ 54 ਮਾਮਲੇ ਘਟਣ ਨਾਲ ਸਰਗਰਮ ਮਾਮਲਿਆਂ ਦੀ ਕੁੱਲ ਗਿਣਤੀ ਘੱਟ ਕੇ 389 ਰਹਿ ਗਈ ਅਤੇ ਗੁਜਰਾਤ 'ਚ 134 ਮਾਮਲੇ ਘਟਣ ਨਾਲ ਗਿਣਤੀ ਘੱਟ ਕੇ 912 ਰਹਿ ਗਈ। ਪੱਛਮੀ ਬੰਗਾਲ 'ਚ ਕੋਰੋਨਾ ਦੇ ਸਰਗਰਮ ਮਾਮਲੇ 747 ਹਨ। ਕਰਨਾਟਕ 'ਚ 68 ਮਾਮਲੇ ਘਟਣ ਨਾਲ ਕੁੱਲ ਸਰਗਰਮ ਮਾਮਲੇ 398 ਰਹਿ ਗਏ। ਤਾਮਿਲਨਾਡੂ 'ਚ 176, ਉੱਤਰ ਪ੍ਰਦੇਸ਼ 'ਚ 259, ਰਾਜਸਥਾਨ 'ਚ 245, ਹਰਿਆਣਾ 'ਚ 104, ਮੱਧ ਪ੍ਰਦੇਸ਼ 'ਚ 119, ਆਂਧਰਾ ਪ੍ਰਦੇਸ਼ 'ਚ 44, ਓਡੀਸ਼ਾ 'ਚ 52, ਛੱਤੀਸਗੜ੍ਹ 'ਚ 55, ਬਿਹਾਰ 'ਚ 32, ਸਿੱਕਮ 'ਚ 50, ਪੰਜਾਬ 'ਚ 54, ਝਾਰਖੰਡ 'ਚ 20, ਆਸਾਮ 'ਚ 32, ਮਣੀਪੁਰ 'ਚ 51, ਜੰਮੂ ਕਸ਼ਮੀਰ 'ਚ 19, ਤੇਲੰਗਾਨਾ 'ਚ 9, ਲੱਦਾਖ 'ਚ 3, ਉੱਤਰਾਖੰਡ 'ਚ 8, ਤ੍ਰਿਪੁਰਾ ਅਤੇ ਚੰਡੀਗੜ੍ਹ 'ਚ 2-2 ਹਿਮਾਚਲ ਪ੍ਰਦੇਸ਼ ਅਤੇ ਨਾਗਾਲੈਂਡ 'ਚ 1-1 ਸਰਗਰਮ ਮਾਮਲੇ ਹਨ। ਮਿਜ਼ੋਰਮ ਅਤੇ ਅਰੁਣਾਚਲ ਪ੍ਰਦੇਸ਼ 'ਚ ਕੋਰੋਨਾ ਸੰਕਰਮਣ ਦਾ ਫਿਲਹਾਲ ਕੋਈ ਸਰਗਰਮ ਮਾਮਲਾ ਨਹੀਂ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕਮਿਸ਼ਨਰੇਟ ਪੁਲਸ ਨੇ ਸ਼ਰਾਰਤੀ ਅਨਸਰਾਂ ’ਤੇ ਕੱਸਿਆ ਸ਼ਿਕੰਜਾ, ਸ਼ਹਿਰ ਦੇ ਚੱਪੇ-ਚੱਪੇ ’ਤੇ ਪੁਲਸ ਨਾਕਾਬੰਦੀ

ਕੌਮੀ ਪਤ੍ਰਿਕਾ

ਅੰਮ੍ਰਿਤਸਰ 27 ਜੂਨ। ਗਰਮੀਆਂ ਦੀਆਂ ਛੁੱਟੀਆਂ ਕਾਰਨ ਸ਼ਹਿਰ ਵਿਚ ਸੈਲਾਨੀਆਂ ਦੀ ਵੱਧ ਰਹੀ ਗਿਣਤੀ ਨੂੰ ਦੇਖਦੇ ਹੋਏ ਕਮਿਸ਼ਨਰੇਟ ਪੁਲਸ ਨੇ ਇਕ ਵਿਸ਼ੇਸ਼ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਹੈ। ਇਸ ਲਈ ਪੰਜਾਬ ਪੁਲਸ ਨੇ ਸ਼ਹਿਰ ਦੇ ਲਗਭਗ ਹਰ ਵੱਡੇ ਚੌਕ ਅਤੇ ਚੌਰਾਹੇ ’ਤੇ ਨਾਕਾਬੰਦੀ ਕਰ ਕੇ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਹੈ। ਪੰਜਾਬ ਪੁਲਸ ਦੇ ਅਧਿਕਾਰੀ ਸ਼ਹਿਰ ਦੇ ਸਾਰੇ ਐਂਟਰੀ ਅਤੇ ਐਗਜ਼ਿਟ ਸਥਾਨਾਂ ’ਤੇ ਤਿੱਖੀ ਨਜ਼ਰ ਰੱਖ ਰਹੇ ਹਨ ਅਤੇ ਵੱਡੀ ਗਿਣਤੀ ਵਿਚ ਪੁਲਸ ਕਰਮਚਾਰੀ ਨਾਕਿਆਂ ’ਤੇ ਦਿਨ-ਰਾਤ ਵਾਹਨਾਂ ਦੀ ਚੈਕਿੰਗ ਕਰ ਰਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਇਸ ਕਾਰਵਾਈ ਦਾ ਮੁੱਖ ਉਦੇਸ਼ ਨਸ਼ਾ ਸਮੱਗਲਰਾਂ ਅਤੇ ਬਦਮਾਸ਼ਾਂ ਨੂੰ ਫੜਨਾ ਹੈ। ਪਿਛਲੇ ਬੁੱਧਵਾਰ ਨੂੰ ਗੁਰੂ ਨਗਰੀ ਦੇ ਇਕ ਪ੍ਰਾਈਵੇਟਸਕੂਲ ਵਿਚ ਵਿਸ਼ੇਸ਼ ਡੀ. ਜੀ. ਪੀ. ਸ਼ਸ਼ੀ ਪ੍ਰਭਾ ਦੀ ਅਗਵਾਈ ਹੇਠ ਪੁਲਸ ਅਤੇ ਜਨਤਾ ਵਿਚਕਾਰ ਤਾਲਮੇਲ ਬਣਾਉਣ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਇਸ ਦੌਰਾਨ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਡੀ. ਸੀ. ਪੀ. ਇਨਵੈਸਟੀਗੇਸ਼ਨ ਰਵਿੰਦਰਪਾਲ ਸੰਧੂ ਪੁਲਸ ਮੁਲਾਜ਼ਮਾਂ ਦੀ ਡਿਊਟੀ ਦੇਖਣ ਅਤੇ ਸਮੇਂ-ਸਮੇਂ ’ਤੇ ਨਾਕਿਆਂ ਦੀ ਚੈਕਿੰਗ ਕਰਨ ਲਈ ਖੁਦ ਤੇ ਫੀਲਡ ਵਿਚ ਉੱਤਰ ਰਹੇ ਹਨ ਅਤੇ ਪੁਲਸ ਮੁਲਾਜ਼ਮਾਂ ਵੱਲੋਂ ਨਿਭਾਈ ਜਾ ਰਹੀ ਡਿਊਟੀ ਨੂੰ ਵੀ ਚੈੱਕ ਕਰ ਰਹੇ ਹਨ। ਇਸ ਤੋਂ ਇਲਾਵਾ ਸੀਨੀਅਰ ਪੁਲਸ ਅਧਿਕਾਰੀ ਆਪਣੀਆਂ ਟੀਮਾਂ ਦੇ ਨਾਲ ਸਮੇਂ-ਸਮੇਂ ’ਤੇ ਸ਼ਹਿਰ ਦੇ ਸਾਰੇ ਜਨਤਕ ਸਥਾਨਾਂ ਜਿਵੇਂ ਕਿ ਰੇਲਵੇ ਸਟੇਸ਼ਨ, ਬੱਸ ਸਟੈਂਡ ਅਤੇ ਕੁਝ ਹੋਰ ਪ੍ਰਮੁੱਖ ਜਨਤਕ ਸਥਾਨਾਂ (ਮਾਲ, ਹੋਟਲ ਆਦਿ) ਦੀ ਵਿਸ਼ੇਸ਼ ਤੌਰ ’ਤੇ ਜਾਂਚ ਕਰ ਰਹੇ ਹਨ।



ਇਸ ਦੌਰਾਨ ਹੋਰ ਸੁਰੱਖਿਆ ਬਲਾਂ ਅਤੇ ਸਨਿਫਰ ਡੌਗ ਟੀਮ ਦੀ ਮਦਦ ਵੀ ਲਈ ਜਾ ਰਹੀ ਹੈ। ਸਟੇਸ਼ਨ ’ਤੇ ਪੁਲਸ ਟੀਮ ਤੋਂ ਇਲਾਵਾ ਡੌਗ ਸਕੁਐਡ, ਸਵੈਟ ਟੀਮ ਅਤੇ ਜੀ. ਆਰ. ਪੀ. ਟੀਮਾਂ ਸ਼ੱਕੀ ਰੇਲਵੇ ਯਾਤਰੀਆਂ ’ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ। ਪੁਲਸ ਬੱਸ ਸਟੈਂਡ ’ਤੇ ਨਜ਼ਰ ਰੱਖ ਰਹੀ ਹੈ। ਇਸ ਤਹਿਤ ਇਨ੍ਹਾਂ ਦੋ ਪ੍ਰਮੁੱਖ ਥਾਵਾਂ ’ਤੇ ਸ਼ੱਕੀ ਯਾਤਰੀਆਂ ਦੇ ਸਾਮਾਨ ਦੀ ਵੀ ਤਲਾਸ਼ੀ ਲਈ ਜਾ ਰਹੀ ਹੈ। ਇਸੇ ਤਰ੍ਹਾਂ ਪੁਲਸ ਅਧਿਕਾਰੀਆਂ ਦੀਆਂ ਵੱਖ-ਵੱਖ ਟੀਮਾਂ ਨੇ ਆਪਣੇ ਜ਼ੋਨਾਂ ਅਧੀਨ ਆਉਂਦੇ ਖੇਤਰਾਂ ਵਿਚ ਚੈਕਿੰਗ ਮੁਹਿੰਮ ਚਲਾਈ। ਸ਼ਹਿਰ ਵਿਚ ਸੈਲਾਨੀਆਂ ਦੀ ਵੱਧਦੀ ਗਿਣਤੀ ਨੂੰ ਦੇਖਦੇ ਹੋਏ ਗੁਰੂ ਨਗਰੀ ਦੀ ਟ?ਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਸੜਕਾਂ ’ਤੇ ਫੁੱਟਪਾਥਾਂ ਤੇ ਕਬਜ਼ੇ ਕਰਨ ਵਾਲੇ ਦੁਕਾਨਦਾਰਾਂ ਅਤੇ ਰੇਹੜੀਆਂ ਨੂੰ ਉੱਥੋਂ ਹਟਾਇਆ ਜਾ ਰਿਹਾ ਹੈ, ਤਾਂ ਜੋ ਟ?ਰੈਫਿਕ ਨੂੰ ਨਿਯਮਤ ਕੀਤਾ ਜਾ ਸਕੇ। ਏ. ਡੀ. ਸੀ. ਪੀ. ਮੈਡਮ ਅਮਨਦੀਪ ਕੌਰ ਦਾ ਕਹਿਣਾ ਹੈ ਕਿ ਟ?ਰੈਫਿਕ ਪੁਲਸ ਨੇ ਸ਼ਹਿਰ ਦੇ ਹਰ ਚੌਕ ਅਤੇ ਚੌਰਾਹੇ ’ਤੇ ਚੈਕਿੰਗ ਮੁਹਿੰਮ ਦੌਰਾਨ ਵਾਹਨਾਂ ਦੀ ਚੈਕਿੰਗ ਕੀਤੀ। ਇਸ ਦੇ ਨਾਲ ਹੀ ਵਿਸ਼ੇਸ਼ ਟੀਮਾਂ ਪੁਲਸ ਹਿਸਟਰੀ ਸ਼ੀਟਰਾਂ ਦੇ ਰਿਕਾਰਡ ਦੀ ਵੀ ਜਾਂਚ ਕਰ ਰਹੀਆਂ ਹਨ। ਸ਼ਹਿਰ ਵਿਚ ਕਾਲੀਆਂ ਫਿਲਮਾਂ ਵਾਲੇ ਵਾਹਨਾਂ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿਚ ਟ੍ਰਿਪਲ ਰਾਈਡਿੰਗ ਅਤੇ ਕਾਲੀਆਂ ਫਿਲਮਾਂ ਵਾਲੇ ਵਾਹਨਾਂ ਦੇ ਚਲਾਨ ਵੀ ਕੀਤੇ ਜਾ ਰਹੇ ਹਨ, ਤਾਂ ਜੋ ਲੋਕ ਟ?ਰੈਫਿਕ ਨਿਯਮਾਂ ਦੀ ਸਹੀ ਢੰਗ ਨਾਲ ਪਾਲਣਾ ਕਰ ਸਕਣ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲਸ ਦਾ ਸਹਿਯੋਗ ਕਰਨ ਅਤੇ ਜੇਕਰ ਕਿਸੇ ਨੂੰ ਕਿਤੇ ਵੀ ਕੋਈ ਸ਼ੱਕੀ ਵਸਤੂ ਦਿਖਾਈ ਦਿੰਦੀ ਹੈ ਤਾਂ ਉਹ ਤੁਰੰਤ ਪੁਲਸ ਨੂੰ ਸੂਚਿਤ ਕਰਨ ਅਤੇ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਵੱਲ ਧਿਆਨ ਨਾ ਦੇਣ।

## ਰੇਲਗੱਡੀ ’ਚ ਯਾਤਰੀ ਦਾ ਆਈਫੋਨ ਚੋਰੀ, ਪੁਲਸ ਨੇ ਟਰੈਕਿੰਗ ਰਾਹੀਂ ਮੁਲਜ਼ਮ ਨੂੰ ਕੀਤਾ ਗ੍ਰਿ.ਫਤਾਰ

ਕੌਮੀ ਪਤ੍ਰਿਕਾ

ਲੁਧਿਆਣਾ 27 ਜੂਨ। ਰੇਲਗੱਡੀ ’ਚ ਯਾਤਰੀ ਦਾ ਆਈਫੋਨ ਅਤੇ ਹੋਰ ਸਾਮਾਨ ਚੋਰੀ ਕਰਨ ਵਾਲੇ ਮੁਲਜ਼ਮ ਨੂੰ ਥਾਣਾ ਜੀ. ਆਰ. ਪੀ. ਟੀਮ ਨੇ ਗ੍ਰਿਫਤਾਰ ਕਰ ਲਿਆ। ਪੁਲਸ ਨੇ ਮੁਲਜ਼ਮ ਤੋਂ ਯਾਤਰੀ ਦੀਆਂ ਚੋਰੀ ਕੀਤੀਆਂ ਚੀਜ਼ਾਂ ਵੀ ਬਰਾਮਦ ਕੀਤੀਆਂ। ਪੁਲਸ ਨੇ ਮੁਲਜ਼ਮ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਮੁਲਜ਼ਮ ਦੀ ਪਛਾਣ ਅਜੇ ਸਿੰਘ ਉਰਫ ਛੋਟੂ ਵਜੋਂ ਕੀਤੀ ਹੈ, ਜੋ ਕਿ ਮੋਤੀ ਨਗਰ ਅਧੀਨ ਪੈਂਦੇ ਕੰਡੇ ਵਾਲੀ ਗਲੀ ਦਾ ਰਹਿਣ ਵਾਲਾ ਹੈ। ਜਲੰਧਰ ਦੇ ਰਹਿਣ ਵਾਲੇ ਸੋਨੂ ਯਾਦਵ ਦੇ ਬਿਆਨ ’ਤੇ ਮੁਲਜ਼ਮ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇੰਸ. ਪਲਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਯਾਤਰੀ ਛੱਤੀਸਗੜ੍ਹ ਐਕਸਪ੍ਰੈੱਸ ’ਚ ਯਾਤਰਾ ਕਰ ਰਿਹਾ ਸੀ, ਤਾਂ ਉਕਤ ਮੁਲਜ਼ਮ ਉਸ ਦਾ ਆਈਫੋਨ ਅਤੇ ਹੋਰ ਕੀਮਤੀ ਸਾਮਾਨ ਲੈ ਕੇ ਭੱਜ ਗਿਆ। ਇਸ ਤੋਂ ਬਾਅਦ ਯਾਤਰੀ ਨੇ ਪੁਲਸ ਨੂੰ ਸੂਚਿਤ ਕੀਤਾ। ਜਾਂਚ ਦੌਰਾਨ ਪਤਾ ਲੱਗਾ ਕਿ ਯਾਤਰੀ ਦੇ ਮੋਬਾਈਲ ’ਚ ਇਕ ਟਰੈਕਰ ਲੱਗਿਆ ਹੋਇਆ ਸੀ। ਇਸ ਤੋਂ ਇਲਾਵਾ ਪੁਲਸ ਨੇ ਮੋਬਾਈਲ ਵੀ ਲੋਕੇਸ਼ਨ ’ਤੇ ਪਾ ਦਿੱਤਾ, ਜਿਸ ਕਾਰਨ ਪੁਲਸ ਮੁਲਜ਼ਮ ਦੇ ਟਿਕਾਣੇ ’ਤੇ ਪਹੁੰਚੀ ਅਤੇ ਮੁਲਜ਼ਮ ਨੂੰ ਗ੍ਰਿ.ਫਤਾਰ ਕਰ ਲਿਆ ਅਤੇ ਉਸ ਤੋਂ ਚੋਰੀ ਕੀਤੀਆਂ ਚੀਜ਼ਾਂ ਬਰਾਮਦ ਕੀਤੀਆਂ। ਮੁਲਜ਼ਮ ਨੂੰ ਅਦਾਲਤ ’ਚ ਪੇਸ਼ ਕਰ ਕੇ ਪੁਲਸ ਰਿਮਾਂਡ ’ਤੇ ਲਿਆ ਗਿਆ ਹੈ। ਮੁਲਜ਼ਮ ਤੋਂ ਚੋਰੀ ਦੀਆਂ ਹੋਰ ਘਟਨਾਵਾਂ ਬਾਰੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁਲਜ਼ਮ ਖਿਲਾਫ



ਦਰਜ ਹੋਰ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮ ਤੋਂ ਉਸ ਦੇ ਸਾਥੀਆਂ ਬਾਰੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁੱਢਲੀ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਦੱਸਿਆ ਕਿ ਉਹ ਰੇਲਗੱਡੀ ’ਚ ਚੜ੍ਹ ਕੇ ਯਾਤਰੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਅਪਰਾਧ ਕਰਨ ਤੋਂ ਬਾਅਦ ਜਿਥੇ ਵੀ ਰੇਲਗੱਡੀ ਰੁਕਦੀ ਹੈ, ਉਹ ਰੇਲ ਗੱਡੀ ਬਦਲ ਲੈਂਦਾ ਹੈ ਅਤੇ ਭੱਜ ਜਾਂਦਾ ਹੈ। ਮੁਲਜ਼ਮ ਤੋਂ ਚੋਰੀ ਦੀਆਂ ਘਟਨਾਵਾਂ ਬਾਰੇ ਪੂਰੀ ਪੁੱਛਗਿੱਛ ਕੀਤੀ ਜਾ ਰਹੀ ਹੈ।

## ਤੇਜ਼ਧਾਰ ਹਥਿਆਰਾਂ ਨਾਲ ਲੈਸ ਚੋਰਾਂ ਨੇ ਘਰ ’ਚੋਂ ਨਕਦੀ ਤੇ ਗਹਿਣੇ ਕੀਤੇ ਚੋਰੀ

ਰੂਪਨਗਰ 27 ਜੂਨ। ਰੂਪਨਗਰ ਵਿਖੇ ਚਾਰ ਤੇਜ਼ਧਾਰ ਹਥਿਆਰਾਂ ਨਾਲ ਲੈਸ ਅਣਪਛਾਤੇ ਵਿਅਕਤੀਆਂ ਨੇ ਇਕ ਘਰ ’ਚੋਂ ਨਕਦੀ ਅਤੇ ਗਹਿਣੇ ਸਮੇਤ ਲਗਭਗ ਦਸ ਲੱਖ ਰੁਪਏ ਦੀ ਚੋਰੀ ਕਰ ਲਈ। ਇਨ੍ਹਾਂ ਵਿਚੋਂ ਇਕ ਵਿਅਕਤੀ ਨੂੰ ਮੁਹੱਲਾ ਵਾਸੀਆਂ ਦੀ ਮਦਦ ਨਾਲ ਮੌਕੇ ’ਤੇ ਕਾਬੂ ਕਰ ਲਿਆ ਗਿਆ। ਆਦਰਸ਼ ਨਗਰ ਕਾਲੋਨੀ ਦੀ ਗਲੀ ਨੰ. ਚਾਰ ’ਚ ਬੀਤੇ ਦਿਨ ਇਕ ਔਰਤ ਬੈਂਕ ਦੇ ਕੰਮ ਲਈ ਘਰੋਂ ਬਾਹਰ ਗਈ ਸੀ ਪਰ ਥੋੜ੍ਹੀ ਦੇਰ ਬਾਅਦ ਉਹ ਕੁਝ ਦਸਤਾਵੇਜ਼ ਲੈਣ ਲਈ ਮੁੜ ਘਰ ਆਈ ਤਾਂ ਉਸ ਨੇ ਵੇਖਿਆ ਕਿ ਦੋ ਹਥਿਆਰਬੰਦ ਵਿਅਕਤੀ ਉਸ ਦੇ ਘਰ ’ਚ ਚੋਰੀ ਕਰ ਰਹੇ ਹਨ। ਔਰਤ ਵੱਲੋਂ ਰੌਲਾ ਪਾਉਣ ’ਤੇ ਉਹ ਭੱਜ ਗਏ ਪਰ ਉਸ ਦੀ ਲੜਕੀ ਨੇ ਹਿੰਮਤ ਕਰਕੇ ਮਹੱਲਾ ਵਾਸੀਆਂ ਦੀ ਮਦਦ ਨਾਲ ਇਕ ਚੋਰ ਨੂੰ ਮੌਕੇ ’ਤੇ ਕਾਬੂ ਕਰ ਲਿਆ। ਗੁਆਂਢੀ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਅਸੀਂ ਮੁਹੱਲੇ ਦੇ ਬਾਹਰ ਬੈਠੇ ਸੀ ਕਿ ਅਚਾਨਕ ਰੌਲਾ ਪੈਣ ਦੀ ਆਵਾਜ਼ ਆਈ ਤਾਂ ਅਸੀਂ ਵਿਅਕਤੀ ਨੂੰ ਮੌਕੇ ’ਤੇ ਫੜ ਲਿਆ, ਜਦਕਿ ਤਿੰਨ ਹੋਰ ਵਿਅਕਤੀ ਸਾਮਾਨ ਸਮੇਤ ਭੱਜਣ ’ਚ ਸਫ਼ਲ ਹੋ ਗਏ। ਪਰਿਵਾਰ ਦੇ ਮੁਖੀ ਅਜੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਦੋ ਵਿਅਕਤੀ ਅੰਦਰ ਵੜੇ ਸਨ ਜਦਕਿ ਦੋ ਵਿਅਕਤੀ ਬਾਹਰ ਉਨ੍ਹਾਂ ਦੀ ਸਹਾਇਤਾ ਲਈ ਖੜ੍ਹੇ ਸਨ। ਇਹ ਚੋਰ ਨਕਦੀ ਅਤੇ ਹੋਰ ਸਾਮਾਨ ਸਮੇਤ ਲਗਭਗ ਦਸ ਲੱਖ ਰੁਪਏ ਦੀ ਚੋਰੀ ਕਰਕੇ ਫਰਾਰ ਹੋ ਗਏ ਹਨ। ਜਦਕਿ ਇਕ ਵਿਅਕਤੀ ਨੂੰ ਮੌਕੇ ’ਤੇ ਕਾਬੂ ਕਰ ਲਿਆ ਗਿਆ ਹੈ। ਇਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ ਅਤੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਗਰਮੀ ਤੋਂ ਬਚਣ ਲਈ ਪਹਾੜਾਂ ਨੂੰ ਜਾਂਦੇ ਨਦੀ ’ਚ ਜਾ ਡਿੱਗੀ ਚੰਡੀਗੜ੍ਹੀਆਂ ਦੀ ਕਾਰ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 27 ਜੂਨ। ਹਿਮਾਚਲ ਪ੍ਰਦੇਸ਼ ਦੇ ਲਾਹੌਲ ਸਪਿਤੀ ਜ਼ਿਲ੍ਹੇ ਵਿੱਚ ਇੱਕ ਵੱਡਾ ਹਾਦਸਾ ਵਾਪਰਨ ਦੀ ਖ਼ਬਰ ਹੈ। ਇਥੇ ਇੱਕ ਤੇਜ਼ ਰਫ਼ਤਾਰ ਕਾਰ ਜਨਖੜ-ਸੁਮਦੋ ਨੇੜੇ ਬੇਕਾਬੂ ਹੋ ਕੇ ਸਪਿਤੀ ਨਦੀ ਵਿੱਚ ਡਿੱਗ ਗਈ। ਖੁਸ਼ਕਿਸਮਤੀ ਨਾਲ ਕਾਰ ਵਿੱਚ ਸਵਾਰ ਚੰਡੀਗੜ੍ਹ ਦੇ 5 ਲੋਕਾਂ (ਜਿਨ੍ਹਾਂ ’ਚ ਬੱਚੇ ਵੀ ਸ਼ਾਮਲ ਸਨ) ਦੀ ਜਾਨ ਬਚ ਗਈ। ਇਹ ਘਟਨਾ ਲਾਹੌਲ ਸਪਿਤੀ ਦੇ ਜਨਖੜ ਸਮਦੋ ਨੇੜੇ ਵਾਪਰੀ, ਜਿੱਥੇ ਕਾਰ ਸੜਕ ਕਿਨਾਰੇ ਤੋਂ ਫਿਸਲ ਗਈ ਅਤੇ ਸਿੱਧੀ ਨਦੀ ਵਿੱਚ ਡਿੱਗ ਗਈ। ਜਾਣਕਾਰੀ ਅਨੁਸਾਰ, ਚੰਡੀਗੜ੍ਹ ਦਾ ਇੱਕ ਪਰਿਵਾਰ ਗਰਮੀ ਦੀਆਂ ਛੁੱਟੀਆਂ ਮਨਾਉਣ ਲਈ ਕਾਰ ਵਿੱਚ ਸਵਾਰ ਹੋ ਕੇ ਪਾਹਾੜਾਂ ’ਤੇ ਘੁੰਮਣ ਜਾ ਰਿਹਾ ਸੀ। ਕਾਰ ਵਿੱਚ ਬੱਚਿਆਂ ਸਮੇਤ ਕੁੱਲ 5 ਮੈਂਬਰ ਸਨ, ਜੋ ਇਸ ਹਾਦਸੇ ਦਾ ਸ਼ਿਕਾਰ ਹੋ ਗਏ। ਜਿਵੇਂ ਹੀ ਸਥਾਨਕ ਲੋਕਾਂ ਅਤੇ ਬੀਆਰਓ ਅਤੇ ਈਕੋ ਟੂਰਿਜ਼ਮ



ਸੋਸਾਇਟੀ ਦੇ ਕਰਮਚਾਰੀਆਂ ਨੂੰ ਇਸ ਘਟਨਾ ਦਾ ਪਤਾ ਲੱਗਾ ਉਹ ਤੁਰੰਤ ਬਚਾਅ ਕੰਮ ਲਈ ਮੌਕੇ ’ਤੇ ਬਹੁਚ ਗਏ। ਈਕੋ ਟੂਰਿਜ਼ਮ ਸੋਸਾਇਟੀ ਦੇ ਪ੍ਰਧਾਨ ਕਲਜੰਗ ਨੇ ਦੱਸਿਆ ਕਿ ਸਥਾਨਕ ਲੋਕਾਂ ਅਤੇ ਬੀਆਰਓ ਦੀ ਟੀਮ ਨੇ ਮਿਲ ਕੇ ਤੇਜ਼ੀ ਨਾਲ ਰਾਹਤ ਅਤੇ ਬਚਾਅ ਮੁਹਿੰਮ ਚਲਾਈ। ਸਾਰੇ ਜ਼ਖ਼ਮੀਆਂ ਨੂੰ ਨਦੀ ’ਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਅਤੇ ਉਨ੍ਹਾਂ ਨੂੰ ਤੁਰੰਤ ਜਿਸਪਾ ਪਹੁੰਚਾਇਆ ਗਿਆ। ਬੀਆਰਓ ਦੇ ਕੈਂਪਾਂ ’ਚ ਮੁੱਢਲੀ ਸਹਾਇਤਾ ਦੇ ਕੇ ਉਨ੍ਹਾਂ ਦੀ ਹਾਲਤ ਸਥਿਰ ਕੀਤੀ ਗਈ। ਇਸ ਘਟਨਾ ’ਚ ਕਿਸੇ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ, ਜਿਸ ਨਾਲ ਸਾਰਿਆਂ ਨੇ ਚੈਨ ਦਾ ਸਾਹ ਲਿਆ। ਕਲਜੰਗ ਨੇ ਸਥਾਨਕ ਲੋਕਾਂ ਅਤੇ ਬੀਆਰਓ ਦੀਆਂ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਕਾਰਨ ਇਕ ਵੱਡਾ ਹਾਦਸਾ ਟਲ ਗਿਆ ਅਤੇ ਸਾਰੇ ਸੈਲਾਨੀ ਸੁਰੱਖਿਅਤ ਆਪਣੀ ਮੰਜ਼ਿਲ ਤਕ ਪਹੁੰਚਣ ਯੋਗ ਹੋ ਗਏ।

## ਸੂਬੇ ਦਾ ਮਾਹੌਲ ਖ਼ਰਾਬ ਕਰਨ ਵਾਲੇ ਗੈਂਗਸਟਰਾਂ ਦੀਆਂ ਸਾਜ਼ਿਸ਼ਾਂ ਤੋਂ ਨੌਜਵਾਨ ਰਹਿਣ ਸਾਵਧਾਨ : ਡਾ. ਬਲਬੀਰ ਸਿੰਘ

ਗੁਰਦਾਸਪੁਰ 27 ਜੂਨ। ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਗੁਰਦਾਸਪੁਰ ’ਚ ਨਸ਼ਿਆਂ ਲਈ ਬਦਨਾਮ ਮੁਹਲਿਆਂ ਦਾ ਦੌਰਾ



ਕੀਤਾ ਗਿਆ। ਇਸ ਮੌਕੇ ’ਤੇ ਉਨ੍ਹਾਂ ਨੇ ਗੁਰਦਾਸਪੁਰ ਦੇ ਬਬਰੀ ਬਾਈਪਾਸ ਦੇ ਸਥਿਤ ਸਰਕਾਰੀ ਨਸ਼ਾ ਮੁਕਤੀ ਕੇਂਦਰ ਦਾ ਵੀ ਦੌਰਾ ਕੀਤਾ ਅਤੇ ਇਲਾਜ ਕਰਵਾਉਣ ਆਏ ਨੌਜਵਾਨਾਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਛੱਡਣ ਵਾਲੇ ਨੌਜਵਾਨਾਂ ਦੇ ਨਾਲ ਹੈ ਅਤੇ ਨੌਜਵਾਨਾਂ ਨੂੰ ਦਲਦਲ ਵਿੱਚੋਂ ਕੱਢਣ ਲਈ ਸਰਕਾਰ ਹਰ ਉਪਰਾਲਾ ਕਰ ਰਹੀ ਹੈ । ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵਿਦੇਸ਼ ’ਚ ਬੈਠੇ ਕੁਝ ਲੋਕ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ ਅਤੇ ਪੰਜਾਬ ਦੀ ਜਵਾਨੀ ਨੂੰ ਗਲਤ ਪਾਸੇ ਲਾਉਣਾ ਚਾਹੁੰਦੇ ਹਨ। ਇਸ ਲਈ ਪੰਜਾਬ ਦੇ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਸਾਜਿਸ਼ ਸਮਝਣ ਦੀ ਲੋੜ ਹੈ। ਇਸ ਮੌਕੇ ’ਤੇ ਉਨ੍ਹਾਂ ਕਿਹਾ ਕਿ ਲੁਧਿਆਣਾ ’ਚ ਜੋ ਚੋਣਾਂ ਹੋਈਆਂ ਹਨ ਉਸ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਵੇਗੀ।

## ਪੰਜਾਬ ’ਚ ਰਿਸ਼ਤੇ ਤਾਰ-ਤਾਰ ! ਭੂਆ ਦੇ ਮੁੰਡੇ ਨੇ ਮਾਮੇ ਦੇ ਮੁੰਡੇ ਦਾ ਗੋਲੀਆਂ ਮਾਰ ਕੀਤਾ ਕਤਲ

ਕੌਮੀ ਪਤ੍ਰਿਕਾ

ਗੜ੍ਹਸ਼ੰਕਰ/ਹੁਸ਼ਿਆਰਪੁਰ 27 ਜੂਨ। ਗੜ੍ਹਸ਼ੰਕਰ ਪੁਲਸ ਨੇ 18 ਜੂਨ ਦੀ ਰਾਤ ਗੜ੍ਹਸ਼ੰਕਰ-ਨੰਗਲ ਰੋਡ ’ਤੇ ਸ਼ਾਹਪੁਰ ਘਾਟੇ ’ਚ ਕਾਰ ਸਵਾਰ ਨੌਜਵਾਨ ਆਰੀਅਨ ਪੁੱਤਰ ਅਮਿਤ ਕੁਮਾਰ ਵਾਸੀ ਪਿੰਡ ਸੀਹਵਾਂ ਨੂੰ ਗੋਲ?ਆਂ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਵੱਡਾ ਖੁਲਾਸਾ ਹੋਇਆ। ਇਹ ਕਤਲ ਨੌਜਵਾਨ ਦੇ ਭੂਆ ਦੇ ਮੁੰਡੇ ਵੱਲੋਂ ਕੀਤਾ ਗਿਆ ਹੈ। ਇਸ ਮਾਮਲੇ ਵਿਚ ਉਸ ਦੇ ਭੂਆ ਦੇ ਮੁੰਡੇ ਨਵੀਨ ਕੁਮਾਰ ਪੁੱਤਰ ਸਤੀਸ਼ ਕੁਮਾਰ ਵਾਸੀ ਪਿੰਡ ਕੋਕੋਵਾਲ ਅਤੇ ਉਸ ਨੂੰ ਅਸਲਾ ਦੇਣ ਦੇ ਦੋਸ਼ ਹੇਠ ਗੁਰਮੁਖ ਸਿੰਘ ਅਤੇ ਗੁਰਦੀਪ ਸਿੰਘ ਪੁੱਤਰਾਨ ਸੋਮਨਾਥ ਅਤੇ ਗੁਰਦੀਪ ਸਿੰਘ ਵਾਸੀ ਪਿੰਡ ਮੈਹਿੰਦਵਾਨੀ ਦੇ ਖ਼?ਲਾਫ਼ ਕੇਸ ਦਰਜ ਕੀਤਾ ਗਿਆ ਹੈ। ਦਰਜ ਕੇਸ ਮੁਤਾਬਕ ਐੱਸ. ਐੱਚ. ਓ. ਗੜ੍ਹਸ਼ੰਕਰ ਨੂੰ ਸਿਵਲ ਹਸਪਤਾਲ ਗੜ੍ਹਸ਼ੰਕਰ ਤੋਂ ਇਕ ਚਿੱਟ ਮਿਲੀ ਸੀ ਕਿ ਆਰੀਅਨ ਕੁਮਾਰ ਦੀ ਗੋਲੀਆਂ ਲੱਗਣ ਨਾਲ ਮੌਤ ਹੋਣ ਦਾ ਮਾਮਲਾ ਆਇਆ ਹੈ। ਏ. ਐੱਸ. ਆਈ. ਰਸ਼ਪਾਲ ਸਿੰਘ ਨੇ ਪੁੱਜ ਕੇ ਪੁੱਛਗਿੱਛ ਕੀਤੀ ਤਾਂ ਮੌਕੇ ’ਤੇ ਮ੍ਰਿਤਕ ਦਾ ਕੋਈ ਵਾਰਿਸ ਨਹੀਂ ਮਿਲਿਆ ਜਿਸ ’ਤੇ 19 ਜੂਨ ਨੂੰ ਰੋਜ਼ਨਾਮਚਾ



ਰਿਪੋਰਟ ਦਰਜ ਕੀਤੀ ਗਈ ਸੀ। ਹੁਣ ਮੁੱਖ ਥਾਣਾ ਅਫ਼ਸਰ ਨੇ ਮੁਖਬਰ ਤੋਂ ਇਤਲਾਹ ਮਿਲੀ ਕਿ ਜਿਸ ਨੌਜਵਾਨ ਦਾ ਕਤਲ ਹੋਇਆ ਹੈ, ਉਹ ਉਸ ਦੇ ਭੂਆ ਦੇ ਮੁੰਡੇ ਨੇ ਕੀਤਾ ਹੈ ਕਿਉਂਕਿ ਮ੍ਰਿਤਕ ਉਸ ਦੀ ਰੈਡੀਮੇਡ ਦੁਕਾਨ ਤੋਂ ਕੰਮ ਛੱਡ ਕੇ ਅਪਣੀ ਖ਼ੁਦ ਦੀ ਅੱਡਾ ਝੁੰਗੀਆਂ ਵਿਖੇ ਦੁਕਾਨ ਖੋਲ੍ਹਣਾ ਚਾਹੁੰਦਾ ਸੀ ਅਤੇ ਨਵੀਨ ਕੁਮਾਰ ਨੂੰ ਡਰ ਸੀ ਕਿ ਇਸ ਨਾਲ ਉਸ ਦੀ ਸੇਲ ਨੂੰ ਘਾਟਾ ਹੋਵੇਗਾ। ਇਸ ਲਈ ਨਵੀਨ ਕੁਮਾਰ ਨੇ ਉਲਟੀ ਆਉਣ ਦਾ ਬਹਾਨਾ ਬਣਾ ਕੇ ਕਾਰ ਰੋਕ ਕੇ ਆਰੀਅਨ ਨੂੰ ਗੋਲ?ਆਂ ਮਾਰ ਦਿੱਤੀਆਂ, ਇਸ ਲਈ ਬਕੂਆ ਵੇਖਣ ਤੋਂ ਬਾਅਦ ਮ੍ਰਿਤਕ ਦਾ ਕਤਲ ਨਵੀਨ ਕੁਮਾਰ ਵੱਲੋਂ ਕੀਤਾ ਜਾਣਾ ਪਾਇਆ ਗਿਆ। ਇਸ ਕੇਸ ਵਿਚ ਨਵੀਨ ਕੁਮਾਰ, ਗੁਰਮੁਖ ਸਿੰਘ ਅਤੇ ਉਸ ਦੇ ਭਰਾ ਗੁਰਦੀਪ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਪਾਸੋਂ ਇਕ ਪਿਸਟਲ 32 ਬੋਰ, ਇਕ ਜਿੰਦਾ ਤੇ ਇਕ ਚਲਿਆ ਕਾਰਤੂਸ, ਸਵਿੱਫਟ ਕਾਰ ਨੰਬਰ ਪੀ. ਬੀ. 24 ਈ 0923 ਅਤੇ ਇਕ ਈਟੋਸ ਕਾਰ ਨੰਬਰ ਪੀ. ਬੀ. 02 ਸੀ. ਪੀ. 3993 ਵੀ ਬਰਾਮਦ ਕੀਤੇ ਗਏ ਹਨ।

## ਕਤੂਰੇ ਵੱਲੋਂ ਵੱਢੀ ਦੰਦੀ ਕਾਰਣ ਮਾਂ-ਧੀ ਦੀ ਗਈ ਜਾਨ, ਛੇ ਮਹੀਨਿਆਂ ਬਾਅਦ ਇਕੱਠੀਆਂ ਦੀ ਮੌਤ

ਪਠਾਨਕੋਟ 27 ਜੂਨ। ਸੁਜਾਨਪੁਰ ਦੇ ਪਿੰਡ ਮੈਰਾ ਵਿਚ ਘੁੰਮ ਰਹੇ ਕਤੂਰੇ ਵੱਲੋਂ ਮਾਂ-ਧੀ ਨੂੰ ਵੱਢੇ ਜਾਣ ਤੋਂ ਛੇ ਮਹੀਨਿਆਂ ਬਾਅਦ ਬੁੱਧਵਾਰ ਨੂੰ ਹਸਪਤਾਲ ਵਿਚ ਦੋਵਾਂ ਦੀ ਮੌਤ ਹੋ ਗਈ। ਮਾਂ-ਧੀ ਨੇ ਉਸ ਵੇਲੇ ਕਤੂਰੇ ਦੇ ਵੱਢਣ ’ਤੇ ਐਂਟੀ ਰੈਬੀਜ਼ ਦਾ ਟੀਕਾ ਨਹੀਂ ਲਗਵਾਇਆ ਸੀ। ਸੋਮਵਾਰ ਨੂੰ ਦੋਵਾਂ ਦੀ ਹਾਲਤ ਖਰਾਬ ਹੋਣ ਮਗਰੋਂ ਉਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਲਿਜਾਇਆ ਗਿਆ ਜਿੱਥੋਂ ਦੋਵਾਂ ਨੂੰ ਅੰਮ੍ਰਿਤਸਰ ਰੈਫਰ ਕੀਤਾ ਗਿਆ। ਸੋਮਵਾਰ ਰਾਤ ਨੂੰ ਅੰਮ੍ਰਿਤਸਰ ਲੈ ਕੇ ਜਾਂਦੇ ਹੋਏ ਰਸਤੇ ਵਿਚ ਧੀ ਸਲੋਨੀ (16) ਦੀ ਮੌਤ ਹੋ ਗਈ। ਮੰਗਲਵਾਰ ਸਵੇਰੇ ਮਾਂ ਪੂਜਾ (37) ਨੂੰ ਵੀ ਡਾਕਟਰਾਂ ਨੇ ਜਵਾਬ ਦੇ ਦਿੱਤਾ। ਜੰਮੂ ਜਾਂਦੇ ਹੋਏ ਰਸਤੇ ਵਿਚ ਉਸ ਦੀ ਵੀ ਮੌਤ ਹੋ ਗਈ। ਪਿਤਾ ਬਲਵਿੰਦਰ ਨੇ ਦੱਸਿਆ ਕਿ ਉਸ ਦਾ 12 ਸਾਲ ਦਾ ਪੁੱਤਰ ਸ਼ਿਵਜੋਤ ਪਿੰਡ ’ਤੋਂ ਇਕ ਕਤੂਰਾ ਚੁੱਕ ਕੇ ਘਰ ਲੈ ਆਇਆ ਸੀ। ਉਸ ਕਤੂਰੇ ਨੇ ਬੇਟੀ ਸਲੋਨੀ ਨੂੰ ਹੱਥ ’ਤੇ ਵੱਢਿਆ ਸੀ ਅਤੇ ਪਤਨੀ ਨੂੰ ਵੀ ਵੱਢਿਆ ਸੀ। ਉਸ ਵੇਲੇ ਉਨ੍ਹਾਂ ਨੇ ਅਣਗਹਿਲੀ ਵਰਤੀ ਅਤੇ 15 ਦਿਨਾਂ ਬਾਅਦ 2 ਮਹੀਨੇ ਦਾ ਉਹ ਕੁੱਤਾ ਮਰ ਗਿਆ। ਉਨ੍ਹਾਂ ਨੂੰ ਇੰਨੀ ਸਮਝ ਨਹੀਂ ਸੀ ਕਿ ਐਂਟੀ ਰੈਬੀਜ਼ ਇੰਜੈਕਸ਼ਨ ਲਵਾਉਣੇ ਹਨ। ਐਤਵਾਰ ਨੂੰ ਪਤਨੀ ਪੂਜਾ ਦੇਵੀ ਅਤੇ ਬੇਟੀ ਸਲੋਨੀ ਦੀ ਹਾਲਤ ਖਰਾਬ ਹੋਣ ’ਤੇ ਸੋਮਵਾਰ ਨੂੰ ਸਿਵਲ ਹਸਪਤਾਲ ਦੀ ਐਮਰਜੰਸੀ ਵਿਚ ਲੈ ਕੇ ਪਹੁੰਚੇ ਜਿੱਥੋਂ ਦੋਵਾਂ ਨੂੰ ਅੰਮ੍ਰਿਤਸਰ ਰੈਫਰ ਕੀਤਾ ਗਿਆ ਸੀ। ਪਰਿਵਾਰ ਦੇ ਸੰਪਰਕ ਵਿਚ ਰਹੇ 28 ਲੋਕਾਂ ਨੂੰ ਐਂਟੀ ਰੈਬੀਜ਼ ਇੰਜੈਕਸ਼ਨ ਲਗਵਾਏ: ਮ੍ਰਿਤਕ ਮਹਿਲਾ ਦੇ ਪਤੀ ਬਲਵਿੰਦਰ, ਬੇਟੀ ਸ਼ਿਲਪਾ, ਪੁੱਤਰ ਸ਼ਿਵਜੋਤ ਅਤੇ ਪਰਿਵਾਰਕ ਮੈਂਬਰ ਰਮਾ ਦੇਵੀ ਸਮੇਤ ਹੋਰ ਸੰਪਰਕ ਵਿਚ ਆਏ 28 ਲੋਕਾਂ ਨੂੰ ਐਂਟੀ ਰੈਬੀਜ਼ ਇੰਜੈਕਸ਼ਨ ਲਗਵਾਏ ਗਏ।

## ਨੂਹ ’ਚ ਔਰਤ ਨਾਲ ਸਮੂਹਿਕ ਜਬਰ-ਜ਼ਨਾਹ, ਮੁਲਜ਼ਮ ਟੈਕਸੀ ਡਰਾਈਵਰ ਗ੍ਰਿ.ਫਤਾਰ

ਨੂਹ, 27 ਜੂਨ। ਨੂਹ ਜ਼ਿਲੇ ਵਿਚ ਮਹਿਲਾ ਥਾਣਾ ਪੁਲਸ ਨੇ ਇਕ ਟੈਕਸੀ ਡਰਾਈਵਰ ਨੂੰ ਜਬਰ-ਜ਼ਨਾਹ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ। ਪੀੜਤ ਔਰਤ ਨੇ ਦੱਸਿਆ ਕਿ ਉਸਦੇ ਨਾਲ 3 ਵਿਅਕਤੀਆਂ ਨੇ ਨੂਹ ਦੇ ਮਾਲਬ ਪਿੰਡ ਦੇ ਇਕ ਹੋਟਲ ਵਿਚ ਜਬਰ-ਜ਼ਨਾਹ ਕੀਤਾ ਅਤੇ ਅਗਲੇ ਦਿਨ ਸਵੇਰੇ ਨੂਹ ਬੱਸ ਸਟੈਂਡ ’ਤੇ ਛੱਡ ਦਿੱਤਾ। ਉਹ ਜਿਵੇਂ-ਕਿਵੇਂ ਘਰ ਗਈ ਅਤੇ ਆਪਣੇ




ਪਰਿਵਾਰ ਨੂੰ ਆਪਬੀਤੀ ਦੱਸੀ । 16 ਜੂਨ ਨੂੰ ਸੋਹਨਾ ’ਚ ਜ਼ੀਰੋ ਐਫ. ਆਈ. ਆਰ. ਦਰਜ ਕੀਤੀ ਗਈ ਸੀ। ਨੂਹ ਮਹਿਲਾ ਥਾਣਾ ਪੁਲਸ ਨੇ ਓਸਾਮਾ, ਰੋਹਿਤ ਅਤੇ ਇਕ ਹੋਰ ਵਿਅਕਤੀ ਵਿਰੁੱਧ ਕੇਸ ਦਰਜ ਕੀਤਾ ਸੀ। ਜਾਂਚ ਅਧਿਕਾਰੀ ਪੁਸ਼ਪਾ ਨੇ ਕਿਹਾ ਕਿ ਪੀੜਤ ਔਰਤ ਨੇ ਮੁਲਜ਼ਮ ਦੇ ਪਿਤਾ ਅਤੇ ਪਿੰਡ ਦਾ ਨਾਂ ਨਹੀਂ ਦੱਸਿਆ ਪਰ ਮਹਿਲਾ ਥਾਣਾ ਪੁਲਸ ਨੇ ਹਰ ਐਂਗਲ ਤੋਂ ਜਾਂਚ ਕੀਤੀ। ਜਾਂਚ ਵਿਚ ਸਾਹਮਣੇ ਆਇਆ ਕਿ ਜਬਰ-ਜ਼ਨਾਹ ਦੀ ਵਾਰਦਾਤ ਨੂੰ ਅੰਜਾਮ ਓਸਾਮਾ ਨਿਵਾਸੀ ਸਲਾਹੇੜੀ ਨੇ ਦਿੱਤਾ ਹੈ। ਪੁਲਸ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨੂਹ ਦੇ ਬੱਸ ਸਟੈਂਡ ਦੇ ਨੇੜੇ ਖੜ੍ਹਾ ਸੀ, ਜਿਸ ਦੇ ਆਧਾਰ ’ਤੇ ਉਸਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਉਹ ਇਕ ਟੈਕਸੀ ਡਰਾਈਵਰ ਹੈ। ਮੁਲਜ਼ਮ ਨੇ ਪੀੜਤਾ ਨੂੰ ਸੋਹਨਾ ਤੋਂ ਆਪਣੀ ਟੈਕਸੀ ਵਿਚ ਬਿਠਾਇਆ ਅਤੇ ਉਸਨੂੰ ਨੂਹ ਲੈ ਕੇ ਆ ਗਿਆ। ਮੁਲਜ਼ਮ ਨੇ ਨੂਹ ਤੋਂ ਆਪਣੇ 2 ਹੋਰ ਸਾਥੀਆਂ ਨੂੰ ਆਪਣੀ ਗੱਡੀ ਵਿਚ ਬਿਠਾਇਆ। ਇਸ ਤੋਂ ਬਾਅਦ ਤਿੰਨੋਂ ਮੁਲਜ਼ਮ ਨੂਹ ਦੇ ਮਾਲਬ ਪਿੰਡ ਦੇ ਇਕ ਹੋਟਲ ਵਿਚ ਗਏ ਅਤੇ ਔਰਤ ਨਾਲ ਵਾਰੀ-ਵਾਰੀ ਨਾਲ ਜਬਰ-ਜ਼ਨਾਹ ਕੀਤਾ।

## ਚਾਰ ਭੈਣਾਂ ਦੇ ਇਕਲੌਤੇ ਭਰਾ ਦੀ ਸੜਕ ਹਾਦਸੇ ’ਚ ਮੌਤ

ਗੁਰਾਇਆ 27 ਜੂਨ। ਗੁਰਾਇਆ ਦੇ ਅੱਟਾ ਪਿੰਡ ਦੇ ਗੇਟ ਸਾਹਮਣੇ ਵਾਪਰੇ ਦਰਦਨਾਕ ਸੜਕ ਹਾਦਸੇ ’ਚ ਆਪਣੀ ਭੈਣ ਨੂੰ ਲੁਧਿਆਣੇ ਮਿਲਣ ਜਾ ਰਹੇ ਮੋਟਰਸਾਈਕਲ ਸਵਾਰ 4 ਭੈਣਾਂ ਦੇ ਇਕਲੌਤੇ ਭਰਾ ਦੀ ਦਰਦਨਾਕ ਮੌਤ ਹੋ ਗਈ। ਇਸ ਸਬੰਧੀ ਏ. ਐੱਸ. ਆਈ. ਬਾਵਾ ਸਿੰਘ ਨੇ ਦੱਸਿਆ ਕਿ ਬੀਤੀ ਸਵੇਰੇ 7 ਵਜੇ ਦੇ ਕਰੀਬ ਇਹ ਹਾਦਸਾ ਵਾਪਰਿਆ, ਜਦੋਂ ਪਠਾਨਕੋਟ ਤੋਂ ਗੁੜਗਾਓਂ ਜਾ ਰਹੇ ਹਿਤੇਸ਼ ਸ਼ਰਮਾ ਪੁੱਤਰ ਰਵਿੰਦਰ ਸ਼ਰਮਾ ਵਾਸੀ ਪਠਾਨਕੋਟ, ਜੋ ਗੁੜਗਾਓ ਵਿਖੇ ਨੌਕਰੀ ਕਰਦਾ ਹੈ, ਆਪਣੀ ਗਰੈਂਡ ਵਿਟਾਰਾ ਗੱਡੀ ਵਿਚ ਪਰਿਵਾਰ ਸਮੇਤ ਗੁੜਗਾਓਂ ਵੱਲ ਜਾ ਰਿਹਾ ਸੀ, ਜਿਸ ਦੀ ਗੱਡੀ ਅੱਗੇ ਜਾ ਰਹੇ ਸਪਲੈਂਡਰ ਮੋਟਰਸਾਈਕਲ ਨਾਲ ਟਕਰਾ ਗਈ। ਉਨ੍ਹਾਂ ਦੱਸਿਆ ਕਿ ਮੌਕੇ ’ਤੇ ਮੌਜੂਦ ਲੋਕਾਂ ਦੇ ਦੱਸਣ ਮੁਤਾਬਿਕ




ਮੋਟਰਸਾਈਕਲ ਗੱਡੀ ਦੇ ਵਿਚ ਹੀ ਫਸ ਗਿਆ ਜਦਕਿ ਮੋਟਰਸਾਈਕਲ ਸਵਾਰ ਵਿਅਕਤੀ ਹੇਠਾਂ ਡਿੱਗ ਗਿਆ ਤੇ ਗੱਡੀ ਮੋਟਰਸਾਈਕਲ ਨੂੰ ਕਈ ਮੀਟਰ ਤੱਕ ਅੱਗੇ ਲੈ ਆਈ, ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਵਿਅਕਤੀ ਦੀ ਪਛਾਣ 44 ਸਾਲਾ ਝੱਲਮਨ ਸਿੰਘ ਵਾਸੀ ਪਿੰਡ ਰੁੜਕਾ ਖੁਰਦ ਗੁਰਾਇਆ ਵਜੋਂ ਹੋਈ ਹੈ, ਜਿਸ ਦੀ 12 ਸਾਲਾ ਇਕ ਲੜਕੀ ਹੈ, ਇਹ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਫਿਲੌਰ ਵਿਚ ਭੇਜ ਦਿੱਤਾ ਹੈ। ਪੁਲਸ ਵੱਲੋਂ ਦੋਨੇ ਵਾਹਨ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ’ਪਾਣੀ ’ਚ ਹਲਦੀ’ ਪਾਉਣ ਦੀ ਜੇ ਤੁਸੀਂ ਵੀ ਬਣਾ ਰਹੇ ਹੋ ਤਾਂ ਸਾਵਧਾਨ !

ਨੈਸ਼ਨਲ ਡੈਸਕ 27 ਜੂਨ। ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ’ਤੇ ਇੱਕ ਅਜੀਬ ਗਰੀਬ ਰੁਝਾਨ ਬਹੁਤ ਮਸ਼ਹੂਰ ਹੋ ਰਿਹਾ ਹੈ। ਲੋਕ ਕਮਰੇ ਵਿਚ ਹਨੇਰਾ ਕਰਕੇ ਪਾਣੀ ਵਿੱਚ ਹਲਦੀ ਮਿਲਾ ਕੇ ਰੀਲਾਂ ਅਤੇ ਵੀਡੀਓ ਬਣਾ ਕੇ ਅਪਲੋਡ ਕਰ ਰਹੇ ਹਨ। ਕੀ ਇਹ ਸਿਰਫ਼ ਇੱਕ ਨੁਕਸਾਨ ਰਹਿਤ ਰੁਝਾਨ ਹੈ ਜਾਂ ਇਸ ਤੋਂ ਕੋਈ ਖ਼ਤਰਾ ਹੈ? ਅਰੁਣ ਕੁਮਾਰ ਵਿਆਸ ਨਾਮ ਦੇ ਇੱਕ ਜੋਤਸ਼ੀ ਨੇ ਇਸ ਰੁਝਾਨ ਬਾਰੇ ਇੱਕ ਗੰਭੀਰ ਚੇਤਾਵਨੀ ਜਾਰੀ ਕੀਤੀ ਹੈ। ਜਿਸ ਨੇ ਸੋਸ਼ਲ ਮੀਡੀਆ ’ਤੇ ਹਲਚਲ ਮਚਾ ਦਿੱਤੀ ਹੈ। ਉਸਦਾ ਦਾਅਵਾ ਹੈ ਕਿ ਅਜਿਹਾ ਕਰਨਾ ਮੁਸੀਬਤ ਨੂੰ ਸੱਦਾ ਦੇਣਾ ਹੈ ਅਤੇ ਇਹ ਭੂਤਾਂ ਨੂੰ ਆਕਰਸ਼ਿਤ ਕਰ ਸਕਦਾ ਹੈ। ਜੋਤਸ਼ੀ ਵਿਆਸ ਦਾ ਇਸ ਸਬੰਧ ਵਿਚ ਕਹਿਣਾ ਹੈ ਕਿ ਪਾਣੀ ਵਿੱਚ ਹਲਦੀ ਪਾਉਣਾ ਕੋਈ ਆਮ ਪ੍ਰਕਿਰਿਆ ਨਹੀਂ ਹੈ ਸਗੋਂ ਇੱਕ ਤਾਂਤਰਿਕ ਰਸਮ ਹੈ। ਉਹਨਾਂ ਨੇ ਇਸ ਸਬੰਧ ਵਿਚ ਆਪਣੇ ਵਾਇਰਲ ਵੀਡੀਓ ਵਿੱਚ ਲੋਕਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਉਹ ਗਲਤੀ ਨਾਲ ਵੀ ਅਜਿਹਾ ਨਾ ਕਰਨ। ਵਿਆਸ ਦੇ ਅਨੁਸਾਰ ਇਹ ਰਸਮ ਤੁਹਾਡੇ ਘਰ ਵਿੱਚ ਨਕਾਰਾਤਮਕ ਊਰਜਾ ਲਿਆ ਸਕਦੀ ਹੈ ਅਤੇ ਤੁਹਾਨੂੰ ਭੂਤ ਵੀ ਬਣਾ ਸਕਦੀ ਹੈ। ਇਸ ਦਾਅਵੇ ਨੇ ਬਹੁਤ ਸਾਰੇ ਨੇਟੀਜ਼ਨਾਂ ਨੂੰ ਉਲਝਾ ਦਿੱਤਾ ਹੈ, ਖਾਸ ਕਰਕੇ ਉਹਨਾਂ ਲੋਕਾਂ ਨੂੰ ਜਿਹੜੇ ਪਹਿਲਾਂ ਹੀ ਇਸ ਟਰੈਂਡ ਨੂੰ ਫਾਲੋ ਕਰ ਚੁੱਕੇ ਹਨ ਅਤੇ ਵੀਡੀਓ ਬਣਾ ਕੇ ਅਪਲੋਡ ਕਰ ਚੁੱਕੇ ਹਨ। ਜੋਤਸ਼ੀ ਵਿਆਸ ਨੇ ਅੱਗੇ ਦੱਸਿਆ ਕਿ ਅਜਿਹੀ ਗਤੀਵਿਧੀ ਤੁਹਾਡੇ ਜਨਮ ਕੁੰਡਲੀ ਵਿੱਚ ਚੰਦਰਮਾ ਅਤੇ ਜੁਪੀਟਰ ਨੂੰ ਕਮਜ਼ੋਰ ਕਰ ਸਕਦੀ ਹੈ, ਜਿਸਦਾ ਤੁਹਾਡੀ ਕਿਸਮਤ ’ਤੇ ਬੁਰਾ ਪ੍ਰਭਾਵ ਪੈ ਸਕਦਾ ਹੈ। ਇਸ ਤੋਂ ਇਲਾਵਾ ਉਹ ਦਾਅਵਾ ਕਰਦੇ ਹਨ ਕਿ ਇਹ ਤੁਹਾਡੀ ਮਾਨਸਿਕ ਸਥਿਤੀ ਨੂੰ ਵੀ ਵਿਗਾੜ ਸਕਦਾ ਹੈ। ਵਿਆਸ ਦੇ ਅਨੁਸਾਰ ਇਹ ਇੱਕ ਪੂਰੀ ਤਰ੍ਹਾਂ ਨੁਕਸਾਨਦੇਹ ਪ੍ਰਕਿਰਿਆ ਹੈ, ਜੋ ਤੁਹਾਡੇ ਘਰ ਵਿੱਚ ਆਫ਼ਤ ਲਿਆ ਸਕਦੀ ਹੈ। ਇਸ ਲਈ, ਉਹ ਸੁਝਾਅ ਦਿੰਦੇ ਹਨ ਕਿ ਅਜਿਹੀਆਂ ਚੀਜ਼ਾਂ ਤੋਂ ਬਚਣਾ ਚਾਹੀਦਾ ਹੈ।

## ਗੋਲਗੱਪੇ ਵੇਚਣ ਵਾਲਿਆਂ ’ਤੇ ਹੋਵੇਗੀ ਕਾਰਵਾਈ ! ਪ੍ਰਸ਼ਾਸਨ ਨੇ ਲਿਆ ਵੱਡਾ .ਫੈਸਲਾ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 27 ਜੂਨ। ਸਬ-ਡਿਵੀਜ਼ਨ ਇੰਦੌਰਾ ਅਧੀਨ ਆਉਂਦੇ ਕਈ ਪਿੰਡਾਂ ਤੇ ਬਾਜ਼ਾਰਾਂ ’ਚ ਸੈਂਕੜੇ ਪ੍ਰਵਾਸੀ ਲੋਕ ਗੋਲਗੱਪੇ ਵੇਚ ਰਹੇ ਹਨ। ਇਹ ਲੋਕ ਗੋਲਗੱਪੇ ਵੇਚ ਕੇ ਵੱਧ ਪੈਸਾ ਕਮਾਉਣ ਲਈ ਘਟੀਆ ਖਾਣ-ਪੀਣ ਦੀਆਂ ਚੀਜ਼ਾਂ ਦੀ ਵਰਤੋਂ ਕਰਕੇ ਲੋਕਾਂ ਦੀ ਸਿਹਤ ਨੂੰ ਖਰਾਬ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ ਹਨ। ਇੰਦੌਰਾ ਇਲਾਕੇ ਦੇ ਕਈ ਲੋਕਾਂ ਨੇ ਦੱਸਿਆ ਕਿ ਗੋਲਗੱਪੇ ਵੇਚਣ ਵਾਲੇ ਇਹ ਪ੍ਰਵਾਸੀ ਲੋਕ ਗੋਲਗੱਪੇ ਦੇ ਪਾਣੀ (ਕਾਂਜੀ) ’ਚ ਇਮਲੀ ਦੀ ਬਜਾਏ ਟਾਰਟਰ ਅਤੇ ਰਸਾਇਣਾਂ ਦੀ ਵਰਤੋਂ ਕਰ ਰਹੇ ਹਨ ਕਿਉਂਕਿ ਇਨ੍ਹਾਂ ਚੀਜ਼ਾਂ ਨੂੰ ਪਾਣੀ ’ਚ ਮਿਲਾਉਣ ਨਾਲ ਪਾਣੀ ਜ਼ਿਆਦਾ ਖੱਟਾ ਹੋ ਜਾਂਦਾ ਹੈ। ਇਨ੍ਹਾਂ ਨੂੰ ਖਾਣ ਨਾਲ ਗਲੇ ’ਚ ਜਲਨ ਤੇ ਪੇਟ ਖਰਾਬ ਹੁੰਦਾ ਹੈ। ਸਥਾਨਕ ਨਿਵਾਸੀ ਕੁਲਵਿੰਦਰ ਰਾਣਾ ਨੇ ਕਿਹਾ ਕਿ ਗੋਲਗੱਪੇ ਦੇ ਪਾਣੀ ’ਚ ਮਿਲਾਵਟ ਕੀਤੀ ਜਾ ਰਹੀ ਹੈ ਅਤੇ ਪਾਣੀ ਦੇ ਸੁਆਦ ’ਚ ਇਮਲੀ ਦਾ ਸੁਆਦ ਬਿਲਕੁਲ ਵੀ ਨਹੀਂ ਹੈ। ਸਿਹਤ ਵਿਭਾਗ ਨੂੰ ਇਨ੍ਹਾਂ ਵਿਰੁੱਧ ਸਖ਼ਤ ਰੁਖ਼ ਅਪਣਾਉਣਾ ਚਾਹੀਦਾ ਹੈ। ਰਾਜੀਵ ਵਸ਼ਿਸ਼ਟ ਨੇ ਕਿਹਾ ਕਿ ਇਨ੍ਹਾਂ ਪ੍ਰਵਾਸੀ ਗੋਲਗੱਪਾ ਵਿਕਰੇਤਾਵਾਂ ਦੁਆਰਾ ਬਣਾਏ ਗਏ



ਪਾਣੀ (ਕਾਂਜੀ) ਵਿੱਚ ਇੱਕ ਪ੍ਰਤੀਸ਼ਤ ਵੀ ਖੱਟੀ ਇਮਲੀ ਦਾ ਸੁਆਦ ਮਹਿਸੂਸ ਨਹੀਂ ਹੁੰਦਾ ਅਤੇ ਕਾਂਜੀ ਕਿਸੇ ਰਸਾਇਣ ਵਾਂਗ ਸੁਆਦ ਲੈਂਦੀ ਹੈ। ਜਸਵਿੰਦਰ ਚੰਦੇਲ ਨੇ ਕਿਹਾ ਕਿ ਪ੍ਰਵਾਸੀ ਵਿਕਰੇਤਾਵਾਂ ਦਾ ਪਾਣੀ ਮਿਲਾਵਟੀ ਹੈ ਅਤੇ ਸਿਹਤ ਵਿਗੜ ਰਹੀ ਹੈ। ਸਚਿਨ ਕਟੋਚ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਇੰਦੌਰਾ ਖੇਤਰ ਦੇ ਸਾਰੇ ਗੋਲਗੱਪਾ ਵਿਕਰੇਤਾਵਾਂ ਦੁਆਰਾ ਤਿਆਰ ਕੀਤੇ ਗਏ ਖੱਟੇ ਕਾਂਜੀ ਅਤੇ ਮਿੱਠੇ ਪਾਣੀ ਦੇ ਨਮੂਨੇ ਲੈਣੇ ਚਾਹੀਦੇ ਹਨ ਅਤੇ ਇਸਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇੰਦੌਰਾ ਦੇ ਐਸਡੀਐਮ ਸੁਰੇਂਦਰ ਠਾਕੁਰ ਨੇ ਕਿਹਾ ਕਿ ਦੋ ਦਿਨ ਪਹਿਲਾਂ ਖੁਰਾਕ ਸਪਲਾਈ ਵਿਭਾਗ ਦੇ ਇੰਸਪੈਕਟਰ ਦੇ ਨਾਲ, ਉਨ੍ਹਾਂ ਨੇ ਇੰਦੌਰਾ ਬਾਜ਼ਾਰ ਵਿੱਚ ਦੁਕਾਨਾਂ ਦਾ ਨਿਰੀਖਣ ਕੀਤਾ ਸੀ ਅਤੇ ਜੁਰਮਾਨੇ ਵੀ ਲਗਾਏ ਸਨ। ਹੁਣ ਖੁਰਾਕ ਅਤੇ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਾਲ ਲੈ ਕੇ ਅਜਿਹੀਆਂ ਗੱਡੀਆਂ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਕਾਂਜੀ ਅਤੇ ਮਿੱਠੇ ਦੇ ਨਮੂਨੇ ਲੈ ਕੇ ਜਾਂਚ ਲਈ ਭੇਜੇ ਜਾਣਗੇ। ਜੇਕਰ ਮਿਲਾਵਟ ਪਾਈ ਗਈ ਤਾਂ ਨਿਯਮਾਂ ਅਨੁਸਾਰ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

## ਗੋਲੀਆਂ ਦੀ ਠਾਹ-ਠਾਹ ਨਾਲ ਕੰਬਿਆ ਪੰਜਾਬ ਦਾ ਇਹ ਇਲਾਕਾ ! ਪੈ ਗਈਆਂ ਭਾਜੜਾਂ

ਟਾਹਲੀ ਸਾਹਿਬ/ਤਰਸਿੱਕਾ 27 ਜੂਨ। ਪੰਜਾਬ ਵਿਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਥੋਂ ਦੇ ਰਾਮ ਦੀਵਾਲੀ ਮੁਸਲਮਾਨਾ ਵਿਖੇ ਸੁਖਮਨ ਮੈਡੀਕਲ ਸਟੋਰ ’ਤੇ ਗੋਲ?ਆਂ ਚੱਲ ਗਈਆਂ। ਇਸ ਸਬੰਧੀ ਗੱਲਬਾਤ ਕਰਦਿਆਂ ਸੁੱਖਮਨ ਮੈਡੀਕਲ ਸਟੋਰ ਦੇ ਮਾਲਕ ਪਵਿੱਤਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਭੰਗਾਲੀ ਕਲਾਂ ਨੇ ਦੱਸਿਆ ਕਿ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਉਸ ਤੋਂ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਸੀ, ਜਿਸ ’ਤੇ ਪਹਿਲਾਂ ਵੀ ਉਨ੍ਹਾਂ ਵੱਲੋਂ ਉਸ ’ਤੇ ਗੋਲ?ਆਂ ਚਲਾਈਆਂ ਗਈਆਂ ਸਨ ਅਤੇ ਹੁਣ ਫਿਰ ਉਕਤ ਅਣਪਛਾਤੇ ਵਿਅਕਤੀਆਂ ਵੱਲੋਂ ਮੇਰੇ ਮੈਡੀਕਲ ਸਟੋਰ ’ਤੇ ਫਾਇਰਿੰਗ ਕੀਤੀ ਗਈ। ਜਿਸ ’ਤੇ ਉਕਤ ਵਿਅਕਤੀ ਗੋਲ?ਆਂ ਚਲਾ ਕੇ ਮੋਟਰਸਾਈਕਲ ’ਤੇ ਫਰਾਰ ਹੋ ਗਏ ਅਤੇ ਇਹ ਸਾਰੀ ਵਾਰਦਾਤ ਸੀ. ਸੀ. ਟੀ. ਵੀ. ਕੈਮਰਿਆਂ ’ਚ ਕੈਦ ਹੋ ਗਈ। ਇਸ ਸਬੰਧੀ ਜਦ ਥਾਣਾ ਮੱਤੇਵਾਲ ਦੇ ਐੱਸ. ਐੱਚ. ਓ. ਬਿਕਰਮਜੀਤ ਸਿੰਘ ਰੰਧਾਵਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਸ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਸਬੰਧੀ ਪੁਲਸ ਦੀਆਂ ਵੱਖ-ਵੱਖ ਟੀਮਾਂ ਦੋਸ਼ੀਆਂ ਦੀ ਭਾਲ ਕਰ ਰਹੀਆਂ ਹਨ।

ਮਾਲ ਅਧਿਕਾਰੀਆਂ ਨੂੰ ਬਕਾਇਆ ਮਾਮਲਿਆਂ ਦੇ ਤੁਰੰਤ ਨਿਪਟਾਰੇ ਦੀ ਹਦਾਇਤ

# ਬਕਾਇਆ ਮਾਮਲਿਆਂ ਦੇ ਟੀਚੇ ਨਾ ਪੂਰੇ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਹੋਵੇਗੀ ਕਾਰਵਾਈ: ਇਸ਼ਾ ਸਿੰਗਲ



**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੇ ਜ਼ਿਲ੍ਹੇ ਦੇ ਮਾਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਜ਼ਮੀਨ ਦੀਆਂ ਨਿਸ਼ਾਨਦੇਹੀਆਂ, ਇੰਤਕਾਲ, ਜ਼ਮੀਨਾਂ ਦੀ ਤਕਸੀਮ ਤੇ ਸਰਕਾਰੀ ਮਾਲੀਆ ਦੀ ਰਿਕਵਰੀ ਦੇ ਬਕਾਇਆ ਮਾਮਲਿਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ। ਵਧੀਕ ਡਿਪਟੀ ਕਮਿਸ਼ਨਰ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਹੀਨਾਵਾਰ ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਕੰਮ ਦੀ ਸਮੀਖਿਆ ਕਰਨ ਮੌਕੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਸੰਬੋਧਨ ਕਰ ਰਹੇ ਸਨ।

ਮਾਲ ਵਿਭਾਗ ਦੇ ਕੰਮ ਦੀ ਸਮੀਖਿਆ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਮਾਲ ਅਧਿਕਾਰੀਆਂ ਨੂੰ ਕਿਹਾ ਕਿ ਉਨ੍ਹਾਂ ਦੇ ਕੰਮ ਦਾ ਹਰੇਕ ਮਹੀਨੇ ਮੁਲਾਂਕਣ ਕਰਕੇ ਇਸ ਦੀ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ ਅਤੇ ਕਾਰਗੁਜ਼ਾਰੀ ਸਹੀ ਨਾ ਹੋਣ 'ਤੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਰਕਾਰੀ ਮਾਲੀਆ ਦੀ ਰਿਕਵਰੀ ਟੀਚੇ ਨਾਲੋਂ ਘੱਟ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਸਬੰਧਤ ਮਾਲ ਅਧਿਕਾਰੀਆਂ ਨੂੰ ਅਗਲੀ ਮੀਟਿੰਗ ਤੋਂ ਪਹਿਲਾਂ ਨਿਰਧਾਰਤ ਟੀਚੇ ਮੁਤਾਬਿਕ ਰਿਕਵਰੀ ਕਰਨ ਦੀ ਹਦਾਇਤ ਵੀ ਕੀਤੀ। ਉਨ੍ਹਾਂ ਖ਼ਸਰਾ ਮੁਸਾਵੀ ਤੇ ਖ਼ਸਰਾ ਮੈਪਿੰਗ ਤੁਰੰਤ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਇਸ ਦੌਰਾਨ ਸਾਰੇ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਨੂੰ ਆਦੇਸ਼ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਮੀਨੀ ਰਿਕਾਰਡ ਅਤੇ ਮਾਲ ਵਿਭਾਗ ਨਾਲ ਜੁੜੇ ਅਤੇ ਲੰਬਿਤ ਕੰਮਾਂ ਸਮੇਤ ਵੱਖ-ਵੱਖ ਕਾਰਪੋਰੇਸ਼ਨਾਂ, ਸਟੈਂਪ ਡਿਊਟੀ ਤੇ ਰਜਿਸਟ੍ਰੇਸ਼ਨ ਆਦਿ ਦੀ ਬਕਾਇਆ ਮਾਲੀਆ ਰਿਕਵਰੀ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤਾ ਜਾਵੇ। ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਨੇ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਜ਼ਿਲ੍ਹੇ ਦੇ ਮਾਲ ਅਫ਼ਸਰਾਂ ਦੀ ਕਾਰਗੁਜ਼ਾਰੀ ਬਾਰੇ ਦੱਸਿਆ।

ਮੀਟਿੰਗ ਦੌਰਾਨ ਐਸ.ਡੀ.ਐਮ. ਡਾ. ਇਸਮਤ ਵਿਜੈ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਸਮੇਤ ਜ਼ਿਲ੍ਹੇ ਦੇ ਸਮੂਹ ਮਾਲ ਅਧਿਕਾਰੀ ਹਾਜ਼ਰ ਸਨ।

➢ ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ 'ਕਥਾ ਤੇ ਕਥਾਕਾਰ: ਉਚਾਰ ਤੇ ਵਿਚਾਰ' ਸਮਾਗਮ
➢ ਨਾਮਵਰ ਕਹਾਣੀਕਾਰ ਬਲਵਿੰਦਰ ਗਰੇਵਾਲ ਤੇ ਜਤਿੰਦਰ ਹਾਂਸ ਹੋਏ ਸਾਹਿਤ ਪ੍ਰੇਮੀਆਂ ਦੇ ਰੂਬਰੂ

# ਸੰਵੇਦਨਾਵਾਂ ਦੀ ਪੁਨਰ ਸੁਰਜੀਤੀ ਲਈ ਸਾਹਿਤਕ ਨਾਲ ਜੁੜਨਾ ਲਾਜ਼ਮੀ: ਜਸਵੰਤ ਸਿੰਘ ਜ਼ਫ਼ਰ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਸ਼ਾ ਵਿਭਾਗ ਪੰਜਾਬ ਵੱਲੋਂ ਇੱਥੇ ਭਾਸ਼ਾ ਭਵਨ ਵਿਖੇ 'ਕਥਾ ਤੇ ਕਥਾਕਾਰ: ਉਚਾਰ ਤੇ ਵਿਚਾਰ' ਸਿਰਲੇਖ ਹੇਠ ਪੰਜਾਬੀ ਦੇ ਨਾਮਵਰ ਕਹਾਣੀਕਾਰ ਬਲਵਿੰਦਰ ਗਰੇਵਾਲ ਤੇ ਜਤਿੰਦਰ ਹਾਂਸ ਨੂੰ ਸਾਹਿਤ ਪ੍ਰੇਮੀਆਂ ਦੇ ਰੂਬਰੂ ਕਰਵਾਇਆ ਗਿਆ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ 'ਚ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਚਿੰਤਕ ਡਾ. ਧਨਵੰਤ ਕੌਰ ਨੇ ਕੀਤੀ ਅਤੇ ਕਹਾਣੀਕਾਰਾਂ ਨਾਲ ਜਾਣ-ਪਛਾਣ ਕਰਵਾਉਣ ਦੀ ਜਿੰਮੇਵਾਰੀ ਡਾ. ਪਰਮਜੀਤ ਸਿੰਘ ਨਿਭਾਈ। ਇਸ ਮੌਕੇ ਨਾਮਵਰ ਚਿੰਤਕ ਡਾ. ਜਸਵਿੰਦਰ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਸੁਰਜੀਤ ਸਿੰਘ, ਸ਼੍ਰੋਮਣੀ ਸ਼ਾਇਰ ਬਲਵਿੰਦਰ ਸੰਧੂ, ਗੁਰਚਰਨ ਸਿੰਘ ਪੱਬਰਾਲੀ ਸਮੇਤ ਸਾਹਿਤ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਪੰਜਾਬ 'ਚੋਂ ਹੋ ਰਹੇ ਪ੍ਰਵਾਸ ਤੇ ਪੰਜਾਬ 'ਚ ਹੋ ਰਹੇ ਪ੍ਰਵਾਸ 'ਤੇ ਅਧਾਰਤ ਆਪਣੀ ਕਹਾਣੀ 'ਡੁੰਮਣੇ ਦਾ ਡੰਗ' ਪੜ੍ਹੀ, ਜੋ ਬਹੁਤ ਸਾਰੇ ਵਿਸ਼ਿਆਂ ਨੂੰ ਛੂਹਣ ਵਾਲੀ ਰੋਚਕ ਕਹਾਣੀ ਹੋ ਨਿੱਬੜੀ। ਆਪਣੀ ਸਿਰਜਣ ਪ੍ਰਕਿਰਿਆ ਬਾਰੇ ਸ. ਗਰੇਵਾਲ ਨੇ ਕਿਹਾ ਕਿ ਉਨ੍ਹਾਂ ਕਿਹਾ ਕਹਾਣੀ ਕਦੋਂ ਵੀ ਕਿਸੇ ਵੀ ਹਾਲਾਤ 'ਚ ਸੁੱਝ ਜਾਂਦੀ ਹੈ ਪਰ ਇਸ ਨੂੰ ਸਿਰਜਣ ਲਈ ਲੰਬਾ ਸਮਾਂ ਲੱਗਦਾ ਹੈ ਤੇ ਕਈ ਵਾਰ ਦੋ-ਤਿੰਨ ਘਟਨਾਵਾਂ ਦੇ ਮੇਲ ਨਾਲ ਵੀ ਕਹਾਣੀ ਸਿਰਜੀ ਜਾਂਦੀ ਹੈ ਉਸ ਵਿੱਚ ਬਦਲਾਅ ਵੀ ਆ ਜਾਂਦਾ ਹੈ। ਉਨ੍ਹਾਂ ਆਪਣੀਆਂ ਚੋਣਵੀਆਂ ਕਹਾਣੀਆਂ ਦੀ ਸਿਰਜਣਾ ਦੀਆਂ ਮਿਸਾਲਾਂ ਵੀ ਦਿੱਤੀਆਂ। ਦੂਸਰੇ ਕਹਾਣੀਕਾਰ ਜਤਿੰਦਰ ਹਾਂਸ ਨੇ ਆਪਣੀ ਕਹਾਣੀ 'ਸ਼ਿੱਦਤ' ਰਾਹੀਂ ਮਰਦ ਦੀ ਜ਼ਿੰਦਗੀ 'ਚ ਔਰਤ ਦੀ ਅਹਿਮੀਅਤ ਨੂੰ ਦਰਸਾਇਆ। ਜਿਸ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਆਪਣੀ ਸਿਰਜਣ ਪ੍ਰਕਿਰਿਆ ਬਾਰੇ ਉਨ੍ਹਾਂ ਕਿਹਾ ਕਿ ਉਹ ਬਹੁਤਾ ਸਮਾਜਿਕ ਪ੍ਰਾਣੀ ਨਹੀਂ ਹੈ ਭਾਵ ਅੰਤਰਮੁਖੀ ਹਾਂ। ਜੇਕਰ ਉਹ ਭੀੜ 'ਚ ਵਿਚਰਨ ਦਾ ਆਦੀ ਹੁੰਦਾ ਸ਼ਾਇਦ ਉਹ ਕਹਾਣੀਆਂ ਨਾ ਸਿਰਜ ਸਕਦਾ ਕਿਉਂਕਿ ਹੁਣ ਉਹ ਦੁਨੀਆ ਨੂੰ ਇੱਕ ਕੋਨੇ 'ਚ ਇਕੱਲਾ ਖੜਕੇ ਦੇਖਦਾ/ਵਾਚਦਾ ਹੈ ਤੇ ਉਸ ਵਿੱਚੋਂ ਕਹਾਣੀਆਂ ਫੜਦਾ ਹੈ। ਸ੍ਰੀ ਹਾਂਸ ਨੇ ਕਿਹਾ ਕਿ ਉਸ ਨੂੰ ਇਹ ਕਦੇ ਵੀ ਯਾਦ ਨਹੀਂ ਰਹਿੰਦਾ ਕਿ ਉਸ ਨੂੰ ਕਹਾਣੀ ਕਿੰਨਾ ਹਾਲਾਤਾਂ 'ਚ ਔੜੀ ਜਾਂ ਮਿਲੀ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਧਨਵੰਤ ਕੌਰ ਨੇ ਕਿਹਾ ਕਿ ਭਾਸ਼ਾ ਵਿਭਾਗ ਦਾ ਮਾਹੌਲ ਬਦਲਣ ਲੱਗਿਆ ਹੈ ਤੇ ਇਸ ਦੀ ਫਿਜ਼ਾ 'ਚ ਸਾਹਿਤਕ ਰੰਗਤ ਮੁੜ ਨਜ਼ਰ ਆਉਣ ਲੱਗੀ ਹੈ। ਭਾਸ਼ਾ ਵਿਭਾਗ ਕੋਲ ਬਹੁਤ ਵੱਡਾ ਸਾਹਿਤਕ, ਖੋਜ ਭਰਪੂਰ ਤੇ ਗਿਆਨ ਵਰਧਕ ਸਰਮਾਇਆ ਹੈ, ਜੋ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਮੁੜ ਸ਼ਬਦ ਨਾਲ ਜੁੜ ਸਕਣ। ਸਮਾਗਮ ਸਬੰਧੀ ਉਨ੍ਹਾਂ ਕਿਹਾ ਕਿ ਬਲਵਿੰਦਰ ਗਰੇਵਾਲ ਤੇ ਜਤਿੰਦਰ ਹਾਂਸ ਦੋਨੋਂ ਹੀ ਸਮਕਾਲੀ ਤੇ ਨਵੇਂ ਦਿਸਹੱਦੇ ਕਾਇਮ ਕਰਨ ਵਾਲੇ ਕਹਾਣੀਕਾਰ ਹਨ। ਦੋਨੋਂ ਹੀ ਪੰਜਾਬ ਦੀ ਪੇਂਡੂ ਰਹਿਤਲ ਨਾਲ ਜੁੜੇ ਹੋਏ ਹਨ ਪਰ ਉਨ੍ਹਾਂ ਦਾ ਕਹਾਣੀ ਕਹਿਣ ਦਾ ਤਰੀਕਾ ਤੇ ਦ੍ਰਿਸ਼ਟੀਕੋਣ ਵੱਖਰਾ-ਵੱਖਰਾ ਹੈ, ਜੋ ਇੰਨ੍ਹਾਂ ਦੀਆਂ ਕਹਾਣੀਆਂ ਨੂੰ ਅਮੀਰੀ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਹਿਤ ਬਾਰੇ ਕਿਹਾ ਜਾਂਦਾ ਹੈ ਕਿ ਉਹ ਜ਼ਮਾਨੇ/ਸਮਕਾਲ ਦੀ ਤਰਜ਼ਮਾਨੀ ਕਰਦਾ ਹੈ ਪਰ ਉਨ੍ਹਾਂ ਦੀ ਰਾਇ ਹੈ ਕਿ ਉਹੀ ਸਾਹਿਤ ਵਧੇਰੇ ਪੜ੍ਹਿਆ ਜਾਂਦਾ ਹੈ ਜੋ ਜ਼ਮਾਨੇ ਤੋਂ ਅੱਗੇ ਦੀ ਗੱਲ ਕਰੇ। ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਧੰਨਵਾਦੀ ਭਾਸ਼ਨ 'ਚ ਕਿਹਾ ਕਿ ਅਜੋਕੇ ਦੌਰ 'ਚ ਅਸੀਂ ਸੁਣਨ ਦੇ ਆਦੀ ਨਹੀਂ ਰਹੇ ਸਿਰਫ਼ ਦੇਖਣ ਤੇ ਕਹਿਣ ਦਾ ਰੁਝਾਨ ਵਧ ਗਿਆ ਹੈ। ਜਿਸ ਕਾਰਨ ਸਾਡੀਆਂ ਸੰਵੇਦਨਾਵਾਂ ਕਮਜ਼ੋਰ ਹੋ ਗਈਆਂ ਹਨ। ਸੰਵੇਦਨਾਵਾਂ ਕਮਜ਼ੋਰ ਹੋਣ ਕਾਰਨ ਸਾਡੇ ਰਿਸ਼ਤਿਆਂ ਤੇ ਸਬੰਧਾਂ 'ਚ ਤਣਾਅ ਵਧ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਕਿ ਇਸ ਨਾਜ਼ੁਕ ਦੌਰ 'ਚੋਂ ਨਿਕਲਣ ਲਈ ਸਾਹਿਤ ਹੀ ਇੱਕੋ-ਇੱਕ ਜਰੀਆ ਹੈ, ਆਓ ਪੁਸਤਕਾਂ ਨਾਲ ਜੁੜੀਏ ਤੇ ਇਸ ਤਰ੍ਹਾਂ ਦੇ ਸਮਾਗਮਾਂ ਲਈ ਸਮਾਂ ਕੱਢੀਏ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਵੱਲੋਂ ਆਪਣੇ ਸਾਰੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ ਨਵਾਂ ਉੱਦਮ ਕੀਤਾ ਹੈ। ਜਿਸ ਤਹਿਤ ਹਰ ਇੱਕ ਨੂੰ ਮਹੀਨੇ 'ਚ ਇੱਕ ਪੁਸਤਕ ਪੜ੍ਹਨੀ ਲਾਜ਼ਮੀ ਕਰ ਦਿੱਤੀ ਗਈ ਅਤੇ ਮਹੀਨੇ ਦੇ ਅਖ਼ੀਰ 'ਚ ਪੜ੍ਹੀਆਂ ਪੁਸਤਕਾਂ ਬਾਰੇ ਹਰੇਕ ਦੇ ਵਿਚਾਰ ਸੁਣੇ ਜਾਣਗੇ। ਡਾ. ਪਰਮਜੀਤ ਸਿੰਘ ਨੇ ਦੋਨੋਂ ਕਹਾਣੀਕਾਰਾਂ ਦੀਆਂ ਲਿਖਤਾਂ ਬਾਰੇ ਜਾਣਕਾਰੀ ਦਿੱਤੀ ਤੇ ਉਨ੍ਹਾਂ ਦੀਆਂ ਕਹਾਣੀਆਂ ਦੀ ਸਾਹਿਤਕ ਪੜਚੋਲ ਵੀ ਕੀਤੀ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਰੰਗਕਰਮੀ ਵਿਨੋਦ ਕੌਸ਼ਲ, ਖੋਜ ਅਫ਼ਸਰ ਸਤਪਾਲ ਸਿੰਘ ਚਹਿਲ ਤੇ ਡਾ. ਮਨਜਿੰਦਰ ਸਿੰਘ, ਜਗਤਾਰ ਅਵਾਰਾ ਤੇ ਹੋਰ ਸਰੋਤਿਆਂ ਨੇ ਕਹਾਣੀਕਾਰਾਂ ਨੂੰ ਸਵਾਲ ਕਰਕੇ ਸਮਾਗਮ ਨੂੰ ਬਹੁਪਰਤੀ ਬਣਾ ਦਿੱਤਾ।

# ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਸਰਕਾਰ ਦੀ ਪਹਿਲੀ ਤਰਜੀਹ : ਡਿਪਟੀ ਕਮਿਸ਼ਨਰ

ਹੜ੍ਹਾਂ ਤੋਂ ਬਚਾਅ ਲਈ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ



**ਪਟਿਆਲਾ, 27 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹਾਂ ਤੋਂ ਬਚਾਅ ਲਈ ਬਰਸਾਤਾਂ ਤੋਂ ਪਹਿਲਾਂ ਪੁਖ਼ਤਾ ਪ੍ਰਬੰਧ ਕੀਤੇ ਜਾਣ । ਇਸ ਗੱਲ ਦਾ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਸਮੂਹ ਵਿਭਾਗਾਂ ਦੇ ਮੁੱਖੀਆਂ ਨਾਲ ਮੀਟਿੰਗ ਕਰਦਿਆਂ ਕੀਤਾ । ਉਹਨਾਂ ਕਿਹਾ ਕਿ ਲੋਕਾਂ ਦੀ ਜਾਨਮਾਲ ਦੀ ਸੁਰੱਖਿਆ ਸਰਕਾਰ ਦੀ ਤਰਜੀਹ ਹੈ ਅਤੇ ਕਿਸੇ ਵੀ ਹਾਲਤ ਵਿੱਚ ਪ੍ਰਬੰਧਾਂ ਵਿੱਚ ਕਮੀਆਂ ਨਹੀ ਰਹਿਣੀਆਂ ਚਾਹੀਦੀਆਂ। ਉਹਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਸਾਰੇ ਪੁਖ਼ਤਾ ਪ੍ਰਬੰਧ ਹੋਣੇ ਚਾਹੀਦੇ ਹਨ । ਉਹਨਾਂ ਕਿਹਾ ਕਿ ਕੁਤਾਹੀ ਵਰਤਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਤੁਰੰਤ ਸਖ਼ਤ ਐਕਸ਼ਨ ਲਿਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਛੋਟੀ ਤੇ ਵੱਡੀ ਨਦੀ ਸਬੰਧੀ ਡਰੇਨੇਜ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਨਿਰੀਖਣ ਕੀਤਾ। ਉਹਨਾਂ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਅਧੀਨ ਆਉਂਦੇ ਉਹਨਾਂ ਖੇਤਰਾਂ ਦਾ ਦੌਰਾ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਜਿੱਥੇ ਪਹਿਲਾਂ ਬਰਸਾਤਾਂ ਦੌਰਾਨ ਹੜ੍ਹ ਆਏ ਸਨ । ਉਹਨਾਂ ਜਲ ਨਿਕਾਸ, ਸਿੰਚਾਈ, ਲੋਕ ਨਿਰਮਾਣ, ਮੰਡੀ ਬੋਰਡ, ਜਲ ਸਪਲਾਈ, ਸੀਵਰੇਜ ਬੋਰਡ, ਸਥਾਨਕ ਸਰਕਾਰਾਂ , ਨਗਰ ਨਿਗਮ, ਪੀ.ਐਸ.ਪੀ.ਸੀ.ਐਲ, ਖੁਰਾਕ ਤੇ ਸਿਵਲ ਸਪਲਾਈ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਆਫ਼ਤ ਪ੍ਰਬੰਧਨ ਯੋਜਨਾ ਤੇ ਚਰਚਾ ਵੀ ਕੀਤੀ

ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ , ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਿੰਦਰ ਸਿੰਘ ਟਿਵਾਣਾ, ਵਧੀਕ ਡਿਪਟੀ ਕਮਿਸ਼ਨਰ(ਯੂ.ਡੀ.) ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਨਾਭਾ ਇਸਮਿਤ ਵਿਜੇ ਸਿੰਘ , ਜ਼ਿਲ੍ਹਾ ਮਾਲ ਅਫਸਰ ਨਵਦੀਪ ਸਿੰਘ , ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ 3 ਦਿਨ ਯੋਗ ਕੈਂਪ ਲਗਾਇਆ ਗਿਆ



**ਨਾਭਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਵਿਕਾਸ ਪਰਿਸ਼ਦ ਇਕਾਈ ਨਾਭਾ ਵੱਲੋਂ ਹੀਰਾ ਇਨਕਲੇਵ (ਪੁੱਡਾ ਕਲੋਨੀ) ਵਿਖੇ 3 ਦਿਨ ਯੋਗ ਕੈਂਪ ਲਗਾਇਆ ਗਿਆ। ਇਸ ਵਿੱਚ ਐਡਵੋਕੇਟ ਵਿਨੋਦ ਗੁਪਤਾ, ਮੈਡਮ ਜਸਵੀਰ ਕੌਰ, ਮੈਡਮ ਲਲਿਤਾ ਵਰਮਾ ਅਤੇ ਮੈਡਮ ਸੁਨੀਤਾ ਸਿੰਗਲਾ ਵੱਲੋ 130 ਦੇ ਕਰੀਬ ਯੋਗਾ ਕਰਨ ਵਾਲਿਆਂ ਨੂੰ ਸਰੀਰ ਦੀ ਤੰਦਰੁਸਤੀ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਇਕਾਈ ਦੇ ਪ੍ਰਧਾਨ ਨਰਿੰਦਰ ਵਰਮਾ, ਜਰਨਲ ਸਕੱਤਰ ਵਿਕਾਸ ਮਿੱਤਲ ਅਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੁਆਰਾ 2014 ਵਿੱਚ ਯੋਗ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ ਗਿਆ। ਜਿਸਦੀ ਸ਼ੁਰੂਆਤ 2015 ਵਿੱਚ ਆਰੰਭ ਹੋ ਗਈ। ਭਾਰਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸਦਾ ਮੋਢੀ ਮੰਨਿਆ ਜਾਂਦਾ ਹੈ। ਹਰ ਸਾਲ 21 ਜੂਨ ਨੂੰ ਅੰਤਰਾਸ਼ਟਰੀ ਯੋਗ ਦਿਵਸ ਵੱਜੋਂ ਮਨਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਯੋਗਾ ਸਾਨੂੰ ਆਪਣੀਆਂ ਸਾਰੀਆਂ ਮਾਸਪੇਸ਼ੀਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਜੋੜਨਾ ਸਿਖਾ ਕੇ ਸਰੀਰਕ ਤਾਕਤ ਦਾ ਵਿਕਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਖੜ੍ਹੇ, ਬੈਠਣ ਜਾਂ ਲੇਟ ਕੇ, ਹਰੇਕ ਆਸਣ ਵੱਖ-ਵੱਖ ਮਾਸਪੇਸ਼ੀਆਂ ਦੇ ਖੇਤਰਾਂ ਦੀ ਜਾਂਚ ਕਰ ਸਕਦਾ ਹੈ, ਨਾਲ ਹੀ ਯੋਗਾ ਸਾਨੂੰ ਸਾਡੇ ਸਰੀਰ ਬਾਰੇ ਜਾਗਰੂਕ ਹੋਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਕਿਹਾ ਕਿ ਸਵੇਰੇ ਜਲਦੀ ਯੋਗਾ ਕਰਨਾ ਫਾਇਦੇਮੰਦ ਹੁੰਦਾ ਹੈ। ਹਰ ਰੋਜ਼ ਕੁਝ ਮਿੰਟਾਂ ਦਾ ਯੋਗਾ ਤੁਹਾਨੂੰ ਦਿਨ ਭਰ ਤਾਜ਼ਾ ਅਤੇ ਊਰਜਾ ਨਾਲ ਭਰਪੂਰ ਰੱਖੇਗਾ। ਇਹ ਸਰੀਰ ਵਿੱਚੋਂ ਆਲਸ ਨੂੰ ਦੂਰ ਕਰਦਾ ਹੈ। ਇਸ ਮੌਕੇ ਕਲੋਨੀ ਪ੍ਰਧਾਨ ਮੁਨੀਸ਼ ਸ਼ਰਮਾ, ਰਾਜੇਸ਼ ਅਗਰਵਾਲ, ਸੁਮੀਤ ਬਾਂਸਲ, ਰਾਹੁਲ ਕੁਮਾਰ, ਅਨਿਲ ਕੁਮਾਰ, ਐਡਵੋਕੇਟ ਹਰ ਭਗਵਾਨ ਦਾਸ, ਹੀਨਾ ਸਿੰਗਲਾ, ਰਾਜੇਸ਼ ਸਿੰਗਲਾ, ਨੂਤਨ ਕੌਸ਼ਿਕ, ਸੰਜੀਵ ਕੁਮਾਰ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਲੋਨੀ ਵਾਸੀ ਹਾਜ਼ਰ ਸਨ।

# ਪਿੰਡਾਂ ਦੇ ਵਿਕਾਸ ਕਾਰਜਾਂ ਵਿੱਚ ਹੋਰ ਤੇਜੀ ਲਿਆਂਦੀ ਜਾਵੇ: ਅਮਰਿੰਦਰ ਸਿੰਘ ਟਿਵਾਣਾ



**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਅਮਰਿੰਦਰ ਸਿੰਘ ਟਿਵਾਣਾ ਨੇ ਪੇਂਡੂ ਵਿਕਾਸ ਤਹਿਤ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦੇ ਕੰਮਾਂ ਦਾ ਜਾਇਜ਼ਾ ਲਿਆ । ਉਹਨਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਿੰਡਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਉਂਦੇ ਹੋਏ ਵੱਖ-ਵੱਖ ਸਕੀਮਾਂ ਤਹਿਤ ਵੱਧ ਤੋਂ ਵੱਧ ਕਾਰਜ ਕਰਵਾਏ ਜਾਣ ਅਤੇ ਚੱਲ ਰਹੇ ਵਿਕਾਸ ਕਾਰਜਾਂ ਨੂੰ ਮਿੱਥੇ ਸਮੇਂ ਵਿੱਚ ਪੂਰਾ ਕੀਤਾ ਜਾਵੇ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਤੋਂ ਵਿਕਾਸ ਕਾਰਜਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਉਹਨਾਂ ਨੂੰ ਨਿਰਦੇਸ਼ ਦਿੱਤੇ ਕਿ ਸੂਬਾ ਸਰਕਾਰ ਵੱਲੋਂ ਲੋਕ ਭਲਾਈ ਵਿਕਾਸ ਕਾਰਜਾਂ ਹਿੱਤ ਸਾਰੀਆਂ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ' ਤੇ ਯੋਗ ਵਿਅਕਤੀਆਂ ਤੱਕ ਪਹੁੰਚੇ। ਉਹਨਾਂ ਅਧਿਆਰੀਆਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਅਧੂਰੇ ਕੰਮਾਂ ਨੂੰ ਤੁਰੰਤ ਮੁਕੰਮਲ ਕਰਕੇ ਵਰਤੋਂ ਸਰਟੀਫਿਕੇਟ ਸਬੰਧਤ ਵਿਭਾਗਾਂ ਪਾਸ ਜਮ ?ਹਾਂ ਕਰਵਾਏ ਜਾਣ ਅਤੇ ਅਗਲੀ ਮਹੀਨਾਵਾਰ ਮੀਟਿੰਗ ਵਿੱਚ ਪ੍ਰੋਗਰੈਸ ਰਿਪੋਰਟ ਪੇਸ਼ ਕੀਤੀ ਜਾਵੇ ।

ਸ੍ਰੀ ਅਮਰਿੰਦਰ ਸਿੰਘ ਟਿਵਾਣਾ ਨੇ ਲਿੰਕ ਰੋਡਜ਼, ਸ਼ਡਿਊਲ ਰੋਡਜ਼ ਤੇ ਹੋਈਆਂ ਅਣ-ਅਧਿਕਾਰਿਤ ਉਸਾਰੀਆਂ,ਸੀਵਰੇਜ਼ ਬੋਰਡ ਨਾਲ ਸਬੰਧਤ ਕੰਮ, ਵਾਟਰ ਸਪਲਾਈ ਅਤੇ ਸੈਨੀਟੈਸ਼ਨ ਨਾਲ ਸਬੰਧਤ ਸਕੀਮਾਂ, ਡਰੇਨੇਜ਼ ਵਿਭਾਗ ਨਾਲ ਸਬੰਧਤ ਕੰਮ, ਵਣ ਵਿਭਾਗ ਨਾਲ ਸਬੰਧਤ ਸਕੀਮਾਂ, ਕੈਚ ਦਾ ਰੇਨ ਵਾਟਰ ਸਕੀਮ , ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਸਬੰਧਤ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਸਕੀਮਾਂ 15 ਵਾਂ ਵਿੱਤ ਕਮੀਸ਼ਨ ਮਨਰੇਗਾ, ਐਨ.ਆਰ.ਐਚ.ਐਮ ਨਾਲ ਸਬੰਧਤ ਪੰਜਾਬ ਨਿਰਮਾਣ ਪ੍ਰੋਗਰਾਮ, ਸਮਾਰਟ ਵਿਲੇਜ਼ ਕੰਪੇਨਜ਼, ਐਮ.ਪੀ.ਲੈਂਡ ਸਕੀਮ, ਅਨ-ਟਾਈਡ ਫੰਡ , ਪੇਂਡੂ ਖੇਡ ਸਟੇਡੀਅਮ, ਪੰਜ ਮਰਲਾ ਪਲਾਂਟ , ਅੰਮ੍ਰਿਤ ਸਰੋਵਰ, ਬੈਂਕਰਸ ਨਾਲ ਸਬੰਧਤ ਰਿਵਿਊ ਮੀਟਿੰਗ, ਸਮੇਤ ਵੱਖ-ਵੱਖ ਕੰਮਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪਿੰਡਾਂ ਦੀਆਂ ਔਰਤਾਂ ਤੇ ਲੜਕੀਆਂ ਨੂੰ ਕਿੱਤਾ-ਮੁਖੀ ਸਿਖਲਾਈ ਕੋਰਸ ਕਰਵਾਇਆ




**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਬਾਂਧਨੀ ਰੰਗਾਈ ਅਤੇ ਵਾਤਾਵਰਣ ਪੱਖੀ ਸਫ਼ਾਈ ਪਦਾਰਥ ਤਿਆਰ ਕਰਨ ਸਬੰਧੀ ਪੰਜ ਰੋਜ਼ਾ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਕੋਰਸ ਵਿੱਚ ਪਿੰਡ ਦੰਦਰਾਲਾ ਖਰੌੜ, ਕੱਲਰ ਮਾਜਰੀ, ਘਨੂੰੜਕੀ, ਦੀਵਾਨ ਗੜ੍ਹ, ਬਿਰਧਨੋਂ, ਲੱਧਾ ਹੇੜੀ, ਜੱਸੋਮਾਜਰਾ, ਗੁਰਦਿੱਤਪੁਰਾ ਅਤੇ ਰਣਜੀਤਗੜ੍ਹ ਤੋਂ 33 ਪਿੰਡ ਦੀਆਂ ਔਰਤਾਂ, ਲੜਕੀਆਂ ਅਤੇ ਨੌਜੁਆਨਾਂ ਨੇ ਭਾਗ ਲਿਆ।

ਪ੍ਰੋਫੈਸਰ (ਗ੍ਰਹਿ ਵਿਗਿਆਨ) ਡਾ. ਗੁਰਉਪਦੇਸ਼ ਕੌਰ ਨੇ ਕੱਪੜਿਆਂ ਦੀ ਸਾਜ-ਸਜਾਵਟ ਲਈ ਬਾਧਨੀ ਕਲਾ ਦੀਆਂ ਵੱਖ-ਵੱਖ ਤਕਨੀਕਾਂ ਦੱਸੀਆਂ ਅਤੇ ਵੱਖ-ਵੱਖ ਤਰ੍ਹਾਂ ਦੇ ਸਮਾਨ ਜਿਵੇਂ ਕਿ ਦੁਪੱਟੇ, ਸੂਟ, ਕੁਸ਼ਨ ਕਵਰ, ਚਾਦਰਾਂ ਅਤੇ ਪਰਦਿਆਂ ਦੀ ਰੰਗਾਈ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਘਰ ਵਿਚ ਸਾਬਣ ਅਤੇ ਸਰਫ ਬਣਾਉਣ ਦੀਆਂ ਵਾਤਾਵਰਣ ਅਨੁਕੂਲਿਤ ਤਕਨੀਕਾਂ ਬਾਰੇ ਵੀ ਸਿਖਿਆਰਥਣਾਂ ਨੇ ਬਹੁਤ ਉਤਸ਼ਾਹ ਨਾਲ ਸਿੱਖਿਆ।

ਸਿਖਲਾਈ ਦੌਰਾਨ ਸਫਲ ਸਿਖਿਆਰਥਣਾਂ ਸੁਮਨ ਕੌਸ਼ਿਕ (ਹਾਰਵੇ ਸੈਲਫ-ਹੈਲਪ ਗਰੁੱਪ) ਅਤੇ ਭਿੰਦਰ ਕੌਰ (ਏਕਤਾ ਸੈਲਫ ਹੈਲਪ ਗਰੁੱਪ) ਨੇ ਸਵੈ-ਸਮੂਹਾਂ ਦੇ ਸ਼ਕਤੀਕਰਣ ਬਾਰੇ ਪ੍ਰੇਰਿਤ ਭਾਸ਼ਣ ਦਿੱਤਾ ਅਤੇ ਆਰਥਿਕ ਆਤਮ-ਨਿਰਭਰਤਾ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ। ਪ੍ਰੋਫੈਸਰ (ਬਾਗਬਾਨੀ) ਡਾ. ਰਚਨਾ ਸਿੰਗਲਾ ਨੇ ਔਰਤਾਂ ਨੂੰ ਘਰੇਲੂ ਬਗੀਚੀ ਅਤੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ। ਪ੍ਰੋਫੈਸਰ (ਭੋਜਨ ਵਿਗਿਆਨ) ਡਾ. ਰਜਨੀ ਗੋਇਲ ਨੇ ਘਰ ਵਿੱਚ ਫਲ਼ਾਂ ਸਬਜ਼ੀਆਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਦਿੱਤੀ। ਸਿਖਲਾਈ ਦੇ ਅਖੀਰਲੇ ਦਿਨ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਕਿਸਾਨ ਬੀਬੀਆਂ ਨੂੰ ਆਪਣਾ ਹੁਨਰ ਪਛਾਣ ਕੇ ਹੱਥ ਦੀ ਦਸਤਕਾਰੀ ਨੂੰ ਵਪਾਰਕ ਪੱਧਰ 'ਤੇ ਤੋਰਨ ਲਈ ਪ੍ਰੇਰਿਤ ਕੀਤਾ।

# ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਪਾਵਰ ਕੋਮ ਅਤੇ ਟਰਾਂਸਕੋ ਦੀ ਮੀਟਿੰਗ ਅਮਰਜੀਤ ਸਿੰਘ ਬਾਬਾ ਦੀ ਪ੍ਰਧਾਨਗੀ ਹੇਠ ਆਯੋਜਿਤ




**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਪਾਵਰ ਕੋਮ ਅਤੇ ਟਰਾਂਸਕੋ ਦੀ ਮੀਟਿੰਗ ਸੂਬਾ ਪ੍ਰਧਾਨ ਸ. ਅਮਰਜੀਤ ਸਿੰਘ ਬਾਬਾ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਜਿਸ ਵਿੱਚ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਵੱਲੋਂ ਸੋਧੇ ਹੋਏ ਤਨਖਾਹ ਸਕੇਲਾਂ ਦਾ ਏਰੀਅਰ ਮਿਤੀ 01-01-2016 ਤੋਂ 30-06-2021 ਤੱਕ ਦੇਣ ਵਿੱਚ ਟਾਲ ਮਟੋਲ ਕੀਤੀ ਜਾ ਰਹੀ ਹੈ। ਜਿਸ ਕਾਰਨ ਪੈਨਸ਼ਨਰਜ਼ ਵਿੱਚ ਬਹੁਤ ਭਾਰੀ ਨਿਰਾਸ਼ਤਾ ਪਾਈ ਜਾ ਰਹੀ ਹੈ। ਮੀਟਿੰਗ ਦੀ ਜਾਣਕਾਰੀ ਪ੍ਰੈਸ ਨੂੰ ਜਾਰੀ ਕਰਦੇ ਹੋਏ ਬੀ.ਐਸ. ਸੇਖੋਂ ਜਨਰਲ ਸਕੱਤਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਵੱਲੋਂ ਜਾਰੀ ਕੀਤੇ ਏਰੀਅਰ ਸਬੰਧੀ ਸਰਕੂਲਰ ਦੇ ਇੰਨ ਬਿੰਨ ਪਾਲਣਾ ਨਹੀਂ ਕੀਤੀ ਜਾ ਰਹੀ ਹੈ। 75 ਸਾਲ ਤੋਂ ਘੱਟ ਉਮਰ ਦੇ ਪੈਨਸ਼ਨਰਜ਼ ਦਾ ਏਰੀਅਰ ਫੀਲਡ ਦੇ ਦਫਤਰਾਂ ਵੱਲੋਂ ਨਹੀਂ ਬਣਾਇਆ ਜਾ ਰਿਹਾ ਅਤੇ ਨਾ ਹੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ 01-01-2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਜ਼ ਦੀ ਪੈਨਸ਼ਨ ਵਿੱਚ ਸੋਧ 2.59 ਦੇ ਫੈਕਟਰ ਨਾਲ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ 200 ਰੁਪਏ ਪ੍ਰਤੀ ਮਹੀਨਾ ਵਿਕਾਸ ਟੈਕਸ ਦੇ ਨਾਂ ਤੇ ਕੀਤੀ ਜਾ ਰਹੀ ਕਟੌਤੀ ਬੰਦ ਨਹੀਂ ਕੀਤੀ ਜਾ ਰਹੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਪੈਟਰਨ ਤੇ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਵੀ ਜਾਰੀ ਨਹੀਂ ਕੀਤੀਆਂ ਜਾ ਰਹੀਆਂ। ਜਿਸ ਕਾਰਨ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਨੂੰ ਤਾੜਨਾ ਕੀਤੀ ਗਈ ਕਿ ਜੇਕਰ ਪਹਿਲ ਦੇ ਆਧਾਰ ਤੇ ਪੈਨਸ਼ਨਰਜ਼ ਦੀਆਂ ਮੰਗਾਂ ਦਾ ਹੱਲ ਮੀਟਿੰਗ ਦੇ ਕੇ ਨਹੀਂ ਕੀਤਾ ਜਾਂਦਾ ਤਾਂ ਮੁਲਾਜ਼ਮ ਪੰਜਾਬ ਪੱਧਰ ਤੇ ਸੰਘਰਸ਼ ਆਰੰਭ ਕਰਨ ਲਈ ਮਜ਼ਬੂਰ ਹੋਣਗੇ। ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਦੀ ਹੋਵੇਗੀ। ਮੀਟਿੰਗ ਵਿੱਚ ਸ੍. ਅਮਰਜੀਤ ਸਿੰਘ ਬਾਬਾ ਪ੍ਰਧਾਨ , ਬੀ.ਐਸ. ਸੇਖੋਂ ਜਨਰਲ ਸਕੱਤਰ, ਵਿਨੋਦ ਸਲਵਾਨ, ਐਮ.ਐਲ ਕਪਿਲਾ, ਪਰਮਜੀਤ ਸਿੰਘ ਦਸੂਆ, ਰਾਜਿੰਦਰ ਠਾਕੁਰ, ਪਰਮਜੀਤ ਸਿੰਘ ਜਲੰਧਰ, ਕੁਲਦੀਪ ਸਿੰਘ ਮਿਨਹਾਸ, ਕੰਵਰ ਜਸਵਿੰਦਰਪਾਲ ਸਿੰਘ, ਜਗਦੀਸ਼ ਰਾਏ, ਜਗਦੇਵ ਮਾਨ, ਸ਼ਿਵਦੇਵ ਸਿੰਘ, ਪਵਿੱਤਰ ਸਿੰਘ, ਬਲਵੀਰ ਸਿੰਘ, ਇੰਦਰ ਸੈਨ, ਜਰਨੈਲ ਸਿੰਘ, ਰਜਿੰਦਰ ਸਿੰਘ, ਬਲਵਿੰਦਰ ਸਿੰਘ, ਬਲਦੇਵ ਸਿੰਘ, ਗੁਰਦੀਪ ਸਿੰਘ, ਪਲਵਿੰਦਰ ਸਿੰਘ, ਰਾਮ ਸਰਨ ਪ੍ਰਾਸ਼ਰ, ਲਖਵੀਰ ਸਿੰਘ ਆਦਿ ਹਾਜਰ ਸਨ।

# ਨੀਟ ਪ੍ਰੀਖਿਆ ਵਿੱਚ 171 ਵਾਂ ਰੈਂਕ ਹਾਸਲ ਕਰਨ ਵਾਲੇ ਜਤਿਨ ਦੀ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਕੀਤੀ ਹੌਸਲਾ ਅਫਜ਼ਾਈ



**ਮਲੌਟ 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਸਖ਼ਤ ਮੁਕਾਬਲੇ ਵਾਲੀ ਰਾਸ਼ਟਰੀ ਯੋਗਤਾ ਕਮ ਦਾਖ਼ਲਾ ਪ੍ਰੀਖਿਆ (ਨੀਟ) ਵਿੱਚ ਐਸ,ਸੀ, ਕੈਟੇਗਿਰੀ ਵਿੱਚੋਂ ਪੂਰੇ ਦੇਸ਼ ਵਿੱਚੋਂ 171 ਵਾਂ ਰੈਂਕ ਹਾਸਲ ਕਰਨ ਵਾਲੇ ਵਾਰਡ ਨੰਬਰ 19 , ਗੁਰੂ ਰਵਿਦਾਸ ਨਗਰ ਮਲੋਟ ਦੇ ਨੌਜਵਾਨ ਜਤਿਨ ਦੇ ਘਰ ਪਹੁੰਚ ਕੇ ਉਸਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਜਤਿਨ ਨੂੰ ਨਕਦ ਸਹਾਇਤਾ ਰਾਸ਼ੀ ਭੇਟ ਕਰਨ ਦੇ ਨਾਲ ਨਾਲ ਉਸਨੂੰ ਡਾਕਟਰੀ ਦੀ ਪੜ੍ਹਾਈ ਲਈ ਲੋੜੀਂਦੀਆਂ ਕਿਤਾਬਾਂ ਮੁਫ਼ਤ ਮੁੱਹਈਆ ਕਰਵਾਉਣ ਦਾ ਭਰੋਸਾ ਦਿੱਤਾ। ਨੀਟ ਪ੍ਰੀਖਿਆ ਕੁਆਲੀਫਾਈ ਕਰਨ ਵਾਲੇ ਜਤਿਨ ਨੂੰ ਹਾਰਦਿਕ ਵਧਾਈ ਦਿੰਦਿਆਂ ਡਾ ਬਲਜੀਤ ਕੌਰ ਨੇ ਨੀਟ ਪ੍ਰੀਖਿਆ ਚ ਇਸ ਸ਼ਾਨਦਾਰ ਸਫਲਤਾ ਤੋਂ ਬਾਅਦ ਜਤਿਨ ਨੂੰ ਸੁਨਹਿਰੀ ਭਵਿੱਖ ਲਈ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਵਰ੍ਹੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਹ ਸ਼ਾਨਦਾਰ ਪ੍ਰਾਪਤੀ ਸਾਡੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਅਧਿਆਪਕਾਂ ਦੇ ਸਮਰਪਣ ਨੂੰ ਉਜਾਗਰ ਕਰਦੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਉੱਤਮਤਾ ਪ੍ਰਾਪਤ ਕਰਨ ਲਈ ਸਾਜਗਾਰ ਮਾਹੌਲ ਪ੍ਰਦਾਨ ਕਰਨ ਲਈ ਦ੍ਰਿੜ੍ਹ ਵਚਨਬੱਧ ਹੈ ਤਾਂ ਜੋ ਸੂਬੇ ਦੇ ਵਿਦਿਆਰਥੀ ਹੋਰ ਉੱਚੇ ਮੁਕਾਮ ਹਾਸਲ ਕਰ ਸਕਣ । ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇੱਕ ਅਜਿਹੇ ਈਕੋਸਿਸਟਮ ਲਈ ਅਣਥੱਕ ਮਿਹਨਤ ਕਰਦੀ ਰਹੇਗੀ, ਜੋਂ ਵਿਦਿਆਰਥੀਆਂ ਦੀ ਪ੍ਰਤਿਭਾ ਦੀ ਪਛਾਣ ਕਰੇ ਅਤੇ ਉਨ੍ਹਾਂ ਦਾ ਸਮਰਥਣ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵਿਸ਼ਵ ਪੱਧਰੀ ਮਿਆਰੀ ਸਿੱਖਿਆ ਅਤੇ ਸਰੋਤਾਂ ਤੱਕ ਪਹੁੰਚ ਪ੍ਰਦਾਨ ਕੀਤੀ ਜਾਵੇ ਜੋਂ ਉਨ੍ਹਾਂ ਨੂੰ ਹੋਰ ਅੱਗੇ ਵਧਣ ਅਤੇ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਯੋਗ ਬਣਾਇਆ ਜਾ ਸਕੇ।

# ਸਮਾਜ ਸੇਵੀ ਸੰਸਥਾਵਾਂ ਵਲੋਂ ਲੋੜਵੰਦਾਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦੇਣੀਆਂ ਸ਼ਲਾਘਾਯੋਗ ਉਪਰਾਲਾ : ਨਾਨਕ ਸਿੰਘ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਪੰਜ ਟਰਾਈਸਾਈਕਲ ਅਤੇ ਵੀਲਚੇਅਰ ਵੰਡ ਸਮਾਰੋਹ ਡੀ ਆਈ ਜੀ ਪਟਿਆਲਾ ਰੇਂਜ ਪਟਿਆਲਾ ਦੇ ਦਫਤਰ ਵਿਖੇ ਕਰਵਾਇਆ ਗਿਆ ,ਜਿਸ ਵਿਚ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ ਜੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਡੀ ਐੱਸ ਪੀ ਜਸਵਿੰਦਰ ਸਿੰਘ ਟਿਵਾਣਾ ਨੇ ਕੀਤੀ, ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਉੱਘੀ ਸਮਾਜ ਸੇਵਿਕਾ ਭੁਪਿੰਦਰ ਕੌਰ ਕਰੋਜੀਵਾਲਾ,ਸਟੇਟ ਐਵਾਰਡੀ ਰੁਪਿੰਦਰ ਕੌਰ , ਉਪਕਾਰ ਸਿੰਘ, ਅਮਰਜੀਤ ਕੌਰ,ਰੁਦਰਪ੍ਰਤਾਪ ਸਿੰਘ, ਗੁਰਲੀਨ ਕੌਰ, ਕਰਮਜੀਤ ਕੌਰ , ਰਾਜ ਕੁਮਾਰ ਪੀਟੂ, ਰਾਜ ਕੁਮਾਰ, ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ ਜੀ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋਂ ਪੰਜ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦੇਣਾ ਸ਼ਲਾਘਾਯੋਗ ਉਪਰਾਲਾ ਹੈ , ਉਹਨਾਂ ਕਿਹਾ ਕਿ ਮਾਨਵਤਾ ਦੀ ਸੇਵਾ ਹੀ ਸੱਚੀ ਸੇਵਾ ਹੈ, ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ,ਉਹਨਾਂ ਕਿਹਾ ਕਿ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਸਟੇਟ ਐਵਾਰਡੀ ਰੁਪਿੰਦਰ ਕੌਰ ਦੀ ਟੀਮ ਵੱਲੋਂ ਸਮਾਜ ਭਲਾਈ ਦੇ ਕੀਤੇ ਜਾ ਰਹੇ ਕਾਰਜ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋ ਪਿੰਡਾਂ ਵਿਚ ਜਾ ਕੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ, ਉਹਨਾਂ ਕਿਹਾ ਕਿ ਉਹੋ ਸਮਾਜ ਸੇਵੀ ਕੰਮਾਂ ਲਈ ਦਿਨ ਰਾਤ ਹਾਜ਼ਰ ਹਨ। ਇਹ ਟਰਾਈਸਾਈਕਲ ਅਤੇ ਵੀਲਚੇਅਰ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਦਿੱਤੇ ਗਏ ਇਸ ਤੋਂ ਪਹਿਲਾਂ ਵੀ ਜਤਵਿੰਦਰ ਗਰੇਵਾਲ ਵਲੋਂ 300 ਤੋਂ ਉਪਰ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਅਤੇ ਵੀਲਚੇਅਰ ਦਿੱਤੇ ਜਾ ਚੁੱਕੇ ਹਨ।

# ਮਾਮਲਾ ਬਠੋਈ ਕਲਾਂ ਦੀ ਪੰਚਾਇਤੀ ਜਮੀਨ ਤੇ ਕਬਜੇ ਦਾ; ਜਥੇਬੰਦੀਆਂ ਦੇ ਆਗੂਆਂ ਦੀ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਹੋਈ ਮੀਟਿੰਗ



**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪਿੰਡ ਬਠੋਈ ਕਲਾਂ ਦੀ ਪੰਚਾਇਤੀ ਜਮੀਨ ਦੀ ਬੋਲੀ ਦੇਣ ਦੇ ਬਾਵਜੂਦ ਵੀ ਕਬਜਾ ਨਾ ਦੇਣ ਤੇ ਐਸ.ਸੀ ਭਾਈਚਾਰੇ ਦੇ ਹੱਕ ਵਿੱਚ ਆਏ ਧਾਰਮਿਕ, ਸਮਾਜਿਕ ਅੰਬੇਡਕਰ ਇਨਸਾਫ ਪਸੰਦ ਜਥੇਬੰਦੀਆਂ ਦੇ ਆਗੂਆਂ ਦੀ ਮੀਟਿੰਗ ਸਰਹਿੰਦ ਰੋਡ ਸਥਿਤ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਦਫ਼ਤਰ ਵਿਖੇ ਹੋਈ। ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਅਮਰਿੰਦਰ ਸਿੰਘ ਟਿਵਾਣਾ, ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ, ਡੀ.ਐਸ.ਪੀ ਸਪੈਸ਼ਲ ਬ੍ਰਾਂਚ ਜਸਵਿੰਦਰ ਸਿੰਘ ਟਿਵਾਣਾ ਸ਼ਾਮਲ ਹੋਏ। ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਵਿੱਚ ਆਪਣੀ ਗੱਲ ਨੂੰ ਬੜੀ ਬੇਬਾਕੀ ਨਾਲ ਰੱਖਿਆ ਅਤੇ ਸਪੱਸ਼ਟ ਕੀਤਾ ਕਿ ਉਹ ਐਸ.ਸੀ. ਭਾਈਚਾਰੇ ਨਾਲ ਕਿਸੇ ਤਰ੍ਹਾਂ ਦਾ ਕੋਈ ਧੱਕਾ ਨਹੀਂ ਹੋਣ ਦੇਣਗੇ ਅਤੇ ਉਨ੍ਹਾਂ ਦਾ ਬਣਦਾ ਹੱਕ ਲੈ ਕੇ ਦੇਣਗੇ।

ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਹੁਣ ਤੱਕ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਰਿਹਾ, ਜਿਸ ਦੇ ਕਾਰਨ ਭਾਈਚਾਰੇ ਵਿੱਚ ਲਗਾਤਾਰ ਰੋਸ਼ ਵਧਦਾ ਜਾ ਰਿਹਾ ਹੈ, ਜੇਕਰ ਪ੍ਰਸ਼ਾਸ਼ਨ ਨੇ ਕੋਈ ਠੋਸ ਕਦਮ ਨਾ ਚੁੱਕਿਆ ਤਾਂ ਉਥੇ ਹੋਣ ਵਾਲੀ ਹਰ ਘਟਨਾ ਦੇ ਲਈ ਸਿੱਧੇ ਤੌਰ ਤੇ ਪ੍ਰਸ਼ਾਸ਼ਨ ਅਤੇ ਪੰਜਾਬ ਸਰਕਾਰ ਜਿੰਮੇਵਾਰ ਹੋਵੇਗੀ। ਜਥੇਬੰਦੀਆਂ ਦੇ ਆਗੂਆਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਹੁਣ ਇਸ ਸਬੰਧ ਵਿੱਚ ਕਿਸੇ ਵੀ ਸਰਕਾਰੀ ਅਧਿਕਾਰੀ ਨੂੰ ਕੋਈ ਮੰਗ ਪੱਤਰ ਨਹੀਂ ਦੇਣਗੇ। ਇਸ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਉਹ ਨਿਰਧਾਰਤ ਸਮੇਂ ਵਿੱਚ ਬੋਲੀ ਸਮੇਂ ਬੀ.ਡੀ.ਪੀ.ਓ ਦਫ਼ਤਰ ਵਿਖੇ ਬਠੋਈ ਕਲਾਂ ਦੇ ਐਸ.ਸੀ ਭਾਈਚਾਰੇ ਨਾਲ ਹੋਈ ਕੁੱਟਮਾਰ ਦੇ ਮਾਮਲੇ ਵਿੱਚ ਉਚਿਤ ਐਕਸ਼ਨ ਲੈਣਗੇ। ਪ੍ਰਸ਼ਾਸ਼ਨ ਅਧਿਕਾਰੀਆਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਜਿਹੜੀ ਪੰਚਾਇਤੀ ਜਮੀਨ ਦੀ ਬੋਲੀ ਐਸ.ਸੀ ਭਾਈਚਾਰੇ ਵੱਲੋਂ ਦਿੱਤੀ ਗਈ ਹੈ, ਉਸ ਦਾ ਕਬਜਾ ਉਨ੍ਹਾਂ ਦਿਵਾਇਆ ਜਾਵੇਗਾ। ਇਸ ਮੌਕੇ ਵਿੱਕੀ ਪਰੋਚਾ ਧੂਰੀ, ਦਰਸ਼ਨ ਸਿੰਘ ਮੈਣ, ਡਾ. ਦਲਜੀਤ ਸਿੰਘ ਚੌਹਾਨ ਰਾਮਪੁਰਾ ਫੂਲ, ਹੈਪੀ ਲੋਹਟ ਪਟਿਆਲਾ, ਕਿਰਨਜੀਤ ਸਿੰਘ ਗਹਿਰੀ ਬਠਿੰਡਾ, ਰਜਿੰਦਰ ਸਿੰਘ ਵਾਲਮੀਕਿ ਰਾਜਪੁਰਾ, ਦੀਪੂ ਬਾਲੀ ਸਮਾਣਾ, ਅਜਾਇਬ ਸਿੰਘ ਬਠੋਈ, ਬਾਬਾ ਚਰਨਜੀਤ ਸਿੰਘ ਕਰਤਾਰਪੁਰ, ਬੱਬੂ ਚੋਹਾਨ ਪਟਿਆਲਾ, ਨਾਜ਼ਰ ਸਿੰਘ ਲਗੜੋਈ, ਅਮਰੀਕ ਸਿੰਘ ਮਹਿਮਦਪੁਰ, ਕਰਨ ਰਾਜਪੂਤ ਪਾਤੜਾ, ਦੀਪਕ ਪਾਤੜਾਂ ਸਮੇਤ ਸਾਰੀਆਂ ਜਥੇਬੰਦੀਆਂ ਦੇ ਆਗੂ ਵੀ ਹਾਜ਼ਰ ਸਨ।

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

## ਸੋਨ ਸੁਨਹਿਰੀ ਕਲਮਾਂ

# ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲਾ ਲੇਖਕ



ਅੰਸ਼ ਸਾਗਰ
87086-52098

ਮੰਡੀ ਡੱਬਵਾਲੀ 'ਚ ਜਨਮਿਆ ਪਲ਼ਿਆ ਅੰਸ਼ ਅਰੋੜਾ ਆਪਣੇ ਸੁਫ਼ਨੇ ਨੂੰ ਵਿਸ਼ਾਲਤਾ ਦਿੰਦਾ ਕਦੇ ਕਵੀ, ਗਾਇਕ, ਅਦਾਕਾਰ ਤੇ ਕਦੇ ਸਮਾਜ ਸੇਵੀ ਹੁੰਦਾ ਅੱਗੇ ਵਧਦਾ ਹੋਇਆ ਅੰਸ਼ ਸਾਗਰ ਹੋ ਗਿਆ। ਮਾਂ ਡਿੰਪਲ ਤੋਂ ਮਿਲੀ ਸੰਗੀਤਕ ਗੁੜ੍ਹਤੀ ਨੇ ਸਹਿਜ ਸੁਭਾਅ ਹੀ ਬਾਲ ਅੰਸ਼ ਦਾ ਰੁਝਾਨ ਸੰਗੀਤ ਵੱਲ ਕਰਨਾ ਸ਼ੁਰੂ ਕਰ ਦਿੱਤਾ। ਸਗੀਤ ਹੌਲੀ-ਹੌਲੀ ਰੂਹ ਦੀ ਖ਼ੁਰਾਕ ਬਣ ਗਿਆ। ਅੰਸ਼ ਦਾ ਸੁਪਨਾ ਸੰਗੀਤ ਵਿਚ ਹੀ ਆਪਣਾ ਨਾਂ ਬਨਾਉਣ ਦਾ ਬਣ ਗਿਆ। ਇਕ ਵਾਰ ਹਰ ਸਮੇਂ ਸੰਗੀਤਕ ਧੁਨਾਂ 'ਚ ਗਵਾਚੇ ਅੰਸ਼ ਨੂੰ ਪਿਤਾ ਪਵਨ ਕੁਮਾਰ ਪੁੱਛਿਆ ਕਿ ਕੀ ਬਣਨਾ ਹੈ ਤਾਂ ਉਹੀ ਪੁਰਾਣਾ ਮਾਸੂਮ ਜਵਾਬ ਸੀ 'ਗਾਇਕ'। ਉਮਰ ਦੇ ਨਾਲ-ਨਾਲ ਸਵਾਲ ਦਾ ਅਸਰ ਗਹਿਰਾ ਹੁੰਦਾ ਗਿਆ। ਸਵਾਲ ਭਾਵੇਂ ਉਹੀ ਰਿਹਾ ਪਰ ਜਵਾਬ ਬਦਲ ਕੇ ਪਾਇਲਟ ਬਣ ਜਾਣ 'ਤੇ ਰੁਕਣ ਲੱਗਾ। ਜਵਾਬ ਬਦਲਣ ਨਾਲ ਦਿਲ ਤਾਂ ਨਹੀਂ ਬਦਲਦੇ ਪਰ ਫੇਰ ਵੀ ਅੰਸ਼ ਸਾਗਰ ਨਾਨ-ਮੈਡੀਕਲ ਦੀ ਪੜ੍ਹਾਈ ਲਈ ਤਿਆਰ ਹੋ ਗਿਆ। ਆਈਆਈਟੀ ਦੀ ਤਿਆਰੀ ਲਈ ਦੋ ਸਾਲ ਲਈ ਕੋਟਾ ਵੀ ਭੇਜਿਆ ਗਿਆ ਪਰ ਮਨ ਕਿਤੇ ਹੋਰ ਅਟਕਿਆ ਸੀ। ਇਸ ਦਾ ਅਸਰ ਪ੍ਰੀਖਿਆ ਦੇ ਨਤੀਜਿਆਂ 'ਤੇ ਵੀ ਸਾਫ਼ ਦਿਖਿਆ। ਕੁਝ ਨਾ ਹੁੰਦਾ ਵੇਖ ਮਲੋਟ ਵਿਚ ਐੱਮਐੱਮ ਆਈਟੀ ਕਾਲਜ ਤੋਂ ਮਕੈਨੀਕਲ ਇੰਜੀਨਿਰਿੰਗ ਕੀਤੀ। ਇਸ ਦਾ ਸਿਹਰਾ ਵੀ ਅੰਸ਼ ਬੜੀ ਸਾਫ਼ਗੋਈ ਨਾਲ ਆਪਣੇ ਮਿੱਤਰ ਅਮਰਜੀਤ ਦੇ ਸਿਰ ਬੰਨ੍ਹਦਾ ਹੈ ਜਿਸ ਦੀ ਮਦਦ ਨਾਲ ਉਹ ਕਈ ਔਖੇ-ਔਖੇ ਵਿਸ਼ਿਆਂ ਵਿੱਚੋਂ ਪਾਸ ਹੁੰਦਾ ਰਿਹਾ ਤੇ ਇੰਜਿਨਰਿੰਗ ਦੀ ਪੜ੍ਹਾਈ ਵਕਤ ਰਹਿੰਦੇ ਪੂਰੀ ਕੀਤੀ। ਕਾਲਜ 'ਚ ਹੁੰਦੇ ਯੁਵਕ ਮੇਲਿਆਂ ਵਿਚ ਅੰਸ਼ ਨੇ ਹਰ ਵਾਰ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹਨ ਲਈ ਦੋ ਵਾਰ ਵਿਸ਼ਵਵਿਦਿਆਲੇ ਤੋਂ ਸੋਨ ਤਗਮੇਂ ਵੀ ਜਿੱਤੇ। ਪਿਤਾ ਨੂੰ ਐੱਮਟੈਕ ਦੀ ਥਾਂ ਐੱਮਏ ਉਰਦੂ ਕਰਨ ਲਈ ਮਨਾ ਕੇ ਅੰਸ਼ ਨੇ ਆਪਣਾ ਰੁੱਖ ਚੰਡੀਗੜ੍ਹ ਵੱਲ ਕਰ ਲਿਆ। ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਰੰਗ।

• ਗੁਰਪ੍ਰੀਤ ਮਾਨ
98786-12757

### ਕਵਿਤਾ

## ਗੁੱਡੀਆਂ ਪਟੋਲੇ

ਬਾਪੂ ਸਿਰ ਰੱਖਿਆ ਤੈਅ ਤਾਜ ਕੁੜੇ ਦਾਜ ਦਾ
ਬਾਪੂ ਤੋਂ ਨਾ ਉੱਤੇ ਹੁੰਦੀ ਪੱਤ ਕਿਸੇ ਹੋਰ ਦੀ
ਗੁੱਡੀ ਤੂੰ ਤਾਂ ਸੱਖਣੀ ਸੱਜ ਬੈਠ ਡੋਲੀ ਨੀ
ਵੀਰ ਤੇਰਾ ਸਾਂਭ ਲਉ ਹਨੇਰੇ ਘਨਘੋਰ ਨੀ
ਤੇਰੇ ਬਿਨਾਂ ਸੁੰਨਾ ਸਾਨੂੰ ਲੱਗਣਾ ਏ ਵਿਹੜਾ ਨੀ
ਇਕ ਅੱਧਾ ਘਰ ਵਿਚ ਘੱਟ ਲੱਗੂ ਗੇੜਾ ਵੀ
ਸਹੁਰਿਆਂ ਦਾ ਘਰ ਭਾਵੇਂ ਆਪਣਾ ਕਹਾਵੇਂਗੀ
ਰਹੇਂਗੀ ਜਿੱਥੇ ਤੂੰ, ਦਿਲ ਓਥੇ ਲਾਵੇਂਗੀ
ਧੀਏ ਤੂੰ ਕੁਆਰੀ ਸੀ ਮੈਂ ਢੂੰਡਦਾ ਸੀ ਵਰ ਤੇਰੇ ਲਈ
ਸ਼ਗਨਾਂ ਦੇ ਦਿਨ ਰੋਕਾਂ ਹੰਜੂਆਂ ਦੇ ਹੜ੍ਹ ਨੂੰ
ਬੀਤ ਜਾਂਦੀ ਰਾਤ ਸਾਡੀ ਹਾਸਿਆਂ ਤੋਂ ਓਹਲੇ ਨੀ
ਯਾਦ ਤੈਨੂੰ ਆਉਂਦੇ ਹੋਣੇ ਗੁੱਡੀਆਂ ਪਟੋਲੇ ਨੀ।



ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

---

ਸੁਖਰਾਜ ਸਿੰਘ ਚਹਿਲ



# ਬਿਗਾਨੇ ਮੁਲਕ ਜਾਣ ਦੀ ਲਾਲਸਾ

ਅਜੋਕੇ ਸਮੇਂ ਵਿਚ ਰੰਗਲੇ ਪੰਜਾਬ ਦੇ ਬਹੁਗਿਣਤੀ ਪੰਜਾਬੀਆਂ ਦੀ ਚਾਹਤ ਵਿਦੇਸ਼ਾਂ ਵਿਚ ਜਾ ਕੇ ਰਹਿਣ ਦੀ ਬਣੀ ਹੋਈ ਹੈ। ਹਰ ਵਿਅਕਤੀ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਘਰ-ਬਾਰ ਛੱਡ ਕੇ ਸੱਤ ਸਮੁੰਦਰੋਂ ਪਾਰ, ਚੰਗੀ ਜ਼ਿੰਦਗੀ ਜਿਊਣ ਲਈ ਕਾਹਲਾ ਹੈ। ਇੱਥੇ ਤਾਂ ਸਿਰਫ਼ ਉਹੀ ਲੋਕ ਰਹਿਣ ਲਈ ਮਜਬੂਰ ਹਨ, ਜਿਨ੍ਹਾਂ ਦਾ ਵਿਦੇਸ਼ ਜਾਣ ਲਈ ਕੋਈ ਜ਼ਰੀਆ ਨਹੀਂ ਬਣਦਾ। ਲੱਖਾਂ ਰੁਪਏ ਖ਼ਰਚ ਕੇ ਲੋਕ ਆਪਣਾ ਮੁਲਕ ਛੱਡਣ ਲਈ ਤਿਆਰ ਹਨ ਕਿਉਂਕਿ ਉਹ ਇੱਥੋਂ ਦੇ ਸਿਸਟਮ ਤੋਂ ਪਰੇਸ਼ਾਨ ਹਨ। ਜਿਸ ਕਰਕੇ ਉਹ ਵਿਦੇਸ਼ੀ ਪਰਵਾਸ ਨੂੰ ਹੀ ਆਪਣਾ ਮਿਸ਼ਨ ਸਮਝ ਰਹੇ ਹਨ। ਇਹ ਸਾਡੇ ਦੇਸ਼ ਜਾਂ ਸੂਬੇ ਲਈ ਕੋਈ ਚੰਗੀ ਪ੍ਰਾਪਤ ਦਾ ਸੰਕੇਤ ਨਹੀਂ ਬਲਕਿ ਇਹ ਤਾਂ ਸਾਡੇ ਮੁਲਕ ਲਈ ਚਿੰਤਨ ਕਰਨ ਵਾਲੀ ਗੱਲ ਹੈ। ਮੁਲਕ ਵਿਚ ਜੇ ਕਮੀਆਂ ਹੋਣਗੀਆਂ ਤਾਂ ਹੀ ਲੋਕ ਆਪਣਾ ਸਭ ਕੁਝ ਛੱਡ ਕੇ ਬਿਗਾਨੇ ਮੁਲਕਾਂ ਵਿਚ ਸੈਟਲ ਹੋਣ ਲਈ ਉਤਾਵਲੇ ਹਨ।

### ਲੜਕੀ ਦੀ ਪੜ੍ਹਾਈ ਦਾ ਖ਼ਰਚਾ

ਚੰਗੇ ਅੰਕ ਆਉਣ ਉਪਰੰਤ ਉਸ ਦੇ ਵਿਆਹ ਲਈ ਕੋਈ ਲੜਕਾ ਦੇਖਿਆ ਜਾਂਦਾ ਹੈ ਤਾਂ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਵਿਆਹ ਅਤੇ ਵਿਦੇਸ਼ ਭੇਜਣ ਅਤੇ ਉੱਥੋਂ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਲੜਕੇ ਪਰਿਵਾਰ ਨੂੰ ਕਰਨਾ ਪਵੇਗਾ। ਲੋਕ ਵਿਦੇਸ਼ ਜਾਣ ਦੇ ਚਾਹਵਾਨ ਹੋਣ ਕਾਰਨ ਸਾਰੀਆਂ ਸ਼ਰਤਾਂ ਕਬੂਲ ਕੇ ਵਿਆਹ ਤੋਂ ਲੈ ਕੇ ਵਿਦੇਸ਼ੀ ਪੜ੍ਹਾਈ ਤਕ ਦੇ ਸਾਰੇ ਖ਼ਰਚੇ ਲੜਕੇ ਵਾਲੇ ਕਰਦੇ ਹਨ। ਇਹ ਹੁਣ ਰਿਵਾਜ ਬਣਦਾ ਜਾ ਰਿਹਾ ਹੈ।

ਹੁਣ ਇੱਥੇ ਰਹਿਣ ਵਾਲੀਆਂ ਲੜਕੀਆਂ ਦੀ ਮੰਗ ਲਗਾਤਾਰ ਘੱਟਦੀ ਜਾ ਰਹੀ ਹੈ। ਹੁਣ ਵਿਚੋਲਿਆਂ ਕੋਲ ਜ਼ਿਆਦਾਤਰ ਆਈਲੈਟਸ ਪਾਸ ਲੜਕੀਆਂ ਦੇ ਰਿਸ਼ਤਿਆਂ ਦੀ ਗਿਣਤੀ ਵਧੇਰੇ ਹੈ। ਅਜਿਹੇ ਰਿਸ਼ਤਿਆਂ 'ਚ ਵਿਚੋਲਿਆਂ ਦੀ ਵੀ ਚਾਂਦੀ ਬਣ ਰਹੀ ਹੈ ਕਿਉਂਕਿ ਉਹ ਰਿਸ਼ਤੇ ਕਰਵਾਉਣ ਦਾ ਮੋਟਾ ਕਮਿਸ਼ਨ ਵਸੂਲਦੇ ਹਨ। ਕਈ ਲੋਕ ਰਿਸ਼ਤਾ ਕਰਨ ਤੋਂ ਪਹਿਲਾਂ ਇਹ ਗੱਲ ਕਰਦੇ ਹਨ ਕਿ ਜੇਕਰ ਉਹ ਆਪਣੇ ਲੜਕੇ ਜਾਂ ਲੜਕੀ ਨੂੰ ਆਈਲੈਟਸ ਕਰਵਾਉਣ ਤਾਂ ਹੀ ਰਿਸ਼ਤੇ ਦੀ ਗੱਲ ਅੱਗੇ ਤੁਰੇਗੀ।

### ਆਈਲੈਟਸ ਨੂੰ ਤਰਜੀਹ

ਅਜਿਹਾ ਵਰਤਾਰਾ ਦੇਖ ਲੋਕ ਲੜਕੀਆਂ ਨੂੰ ਆਈਲੈਟਸ ਕਰਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। 60 ਤੋਂ 70 ਪ੍ਰਤੀਸ਼ਤ ਰਿਸ਼ਤੇ ਵਿਦੇਸ਼ੀ ਪਰਵਾਸ 'ਤੇ ਕੇਂਦਰਿਤ ਹੋ ਗਏ ਹਨ। ਜਿਸ ਕਰਕੇ ਹੁਣ ਇੱਧਰ ਰਹਿੰਦੇ ਲੜਕਿਆਂ ਅਤੇ ਲੜਕੀਆਂ ਦੀ ਪੁੱਛਗਿੱਛ ਘੱਟ ਗਈ ਹੈ। ਜਿਹੜੇ ਲੜਕੇ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਹਨ ਜਾਂ ਇਸ ਤੋਂ ਹੇਠਲੀ ਕਤਾਰ ਵਿਚ ਆਉਂਦੇ ਹਨ ਉਨ੍ਹਾਂ ਲਈ ਇਹ ਵਰਤਾਰਾ ਸਾਰਥਿਕ ਨਹੀਂ ਸਿੱਧ ਹੋ ਰਿਹਾ ਕਿਉਂਕਿ ਉਹ ਕਿਸੇ ਨੂੰ ਵਿਦੇਸ਼ ਭੇਜਣ 'ਤੇ ਖ਼ਰਚਾ ਨਹੀਂ ਕਰ ਸਕਦੇ ਤੇ ਇੱਧਰ ਉਨ੍ਹਾਂ ਨੂੰ ਆਮ ਰਿਸ਼ਤਾ ਮਿਲਣ ਵਿਚ ਦਿੱਕਤ ਆਉਂਦੀ ਹੈ ਕਿਉਂਕਿ ਹੁਣ ਲੜਕੀਆਂ ਵਿਦੇਸ਼ ਵੱਲ ਜਾ ਰਹੀਆਂ ਹਨ। ਜਿਸ ਕਾਰਨ ਉਹ ਵਧੇਰੇ ਚਿੰਤਤ ਹਨ। ਜਿੱਥੇ ਲੜਕੀਆਂ ਦੀ ਆਈਲੈਟਸ ਕਰਨ ਵਿਚ ਰੁੱਚੀ ਵਧੀ ਹੈ ਉੱਥੇ ਹੀ ਜਿਹੜੇ ਲੜਕੇ ਸਰਦੇ-ਪੁਜਦੇ ਹਨ, ਉਹ ਵੀ ਆਈਲੈਟਸ ਕਰਕੇ ਵਿਦੇਸ਼ ਜਾਣ ਲਈ ਉਤਾਵਲੇ ਹਨ। ਉਹ ਵੀ ਵਿਦੇਸ਼ ਰਹਿੰਦੀ ਕੁੜੀ ਜਾਂ ਫਿਰ ਇਧਰੋਂ ਆਈਲੈਟਸ ਪਾਸ ਲੜਕੀ ਲਈ ਤਲਾਸ਼ ਕਰਦੇ ਹਨ। ਨੌਜਵਾਨਾਂ ਦੀ ਆਈਲੈਟਸ ਕਰਨ ਵੱਲ ਵਧੀ ਦਿਲਚਸਪੀ ਕਾਰਨ ਹੁਣ ਹਰ ਜਗ੍ਹਾ ਉੱਪਰ ਆਈਲੈਟਸ ਕਰਵਾਉਣ ਵਾਲੇ ਕੇਂਦਰਾਂ ਦੀ ਭਰਮਾਰ ਹੈ। ਜਿੱਥੇ ਦੇਖੋ ਆਈਲੈਟਸ ਵਾਲੇ ਸਕੂਲ, ਕਾਲਜ ਨਜ਼ਰੀਂ ਪੈਂਦੇ ਹਨ। ਹਰ ਕੇਂਦਰ ਵਿਚ ਆਈਲੈਟਸ ਕਰਨ ਵਾਲੇ ਵਿਦਿਆਰਥੀਆਂ ਦਾ ਤਾਂਤਾ ਲੱਗਿਆ ਹੋਇਆ ਹੈ।

> ***ਵਿਦੇਸ਼ ਜਾਣ ਦੇ ਤਰੀਕੇ***
> *ਲੋਕ ਵਿਦੇਸ਼ ਜਾਣ ਲਈ ਅਲੱਗ-ਅਲੱਗ ਤਰੀਕੇ ਅਪਨਾਉਂਦੇ ਹਨ। ਪਹਿਲਾਂ ਜ਼ਿਆਦਾਤਰ ਲੋਕਾਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਜਾਂ ਏਜੰਟਾਂ ਰਾਹੀਂ ਵਿਦੇਸ਼ ਦਾ ਰਾਹ ਅਖ਼ਤਿਆਰ ਕਰਨਾ ਅਤੇ ਕੋਈ ਆਪਣੇ ਸਾਕ-ਸਬੰਧੀਆਂ ਰਾਹੀਂ ਜਹਾਜ਼ ਚੜ੍ਹ ਜਾਂਦਾ ਆਦਿ ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਸਨ। ਜ਼ਿਆਦਾਤਰ ਲੋਕ ਵਿਆਹ ਦਾ ਸਹਾਰਾ ਲੈ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ, ਜਿਸ ਕਾਰਨ ਹੁਣ ਲੜਕੀ ਵਾਲੇ ਕੁਝ ਰੁਪਏ ਲਾ ਕੇ ਆਪਣੀ ਲੜਕੀ ਨੂੰ ਆਈਲੈਟਸ ਕਰਵਾ ਦਿੰਦੇ ਹਨ।*

### ਸਿਸਟਮ ਤੋਂ ਪਰੇਸ਼ਾਨ ਇਨਸਾਨ

ਚੰਗੇ ਕਾਰੋਬਾਰੀ, ਚੰਗੀਆਂ ਜ਼ਮੀਨਾਂ ਜਾਇਦਾਦਾਂ ਅਤੇ ਸਰਕਾਰੀ ਨੌਕਰੀ ਪੇਸ਼ੇ ਨਾਲ ਸਬੰਧਿਤ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵੱਲ ਧੱਕ ਰਹੇ ਹਨ ਕਿਉਂਕਿ ਇੱਥੋਂ ਦੇ ਸਿਸਟਮ ਤੋਂ ਹਰੇਕ ਇਨਸਾਨ ਪਰੇਸ਼ਾਨ ਹੈ। ਨੌਜਵਾਨਾਂ ਤੇ ਆਮ ਲੋਕਾਂ ਦਾ ਆਪਣਾ ਮੁਲਕ ਛੱਡ ਵਿਦੇਸ਼ ਜਾਣਾ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆਂ ਚਿੰਨ੍ਹ ਲਗਾਉਂਦਾ ਹੈ ਕਿਉਂਕਿ ਨੌਜਵਾਨਾਂ ਨੂੰ ਚੰਗੀਆਂ ਪੜ੍ਹਾਈਆਂ ਕਰ ਕੇ ਇੱਥੇ ਰੁਜ਼ਗਾਰ ਨਹੀਂ ਮਿਲਦਾ, ਜੇਕਰ ਮਿਲਦਾ ਹੈ ਤਾਂ ਤਨਖਾਹਾਂ ਨਿਗੂਣੀਆਂ ਮਿਲਦੀਆਂ ਹਨ ਤੇ ਕੰਮ ਵਧੇਰੇ ਲਿਆ ਜਾਂਦਾ ਹੈ। ਜਿਸ ਕਾਰਨ ਲੋਕ ਇਹ ਗੱਲ ਸੋਚਦੇ ਹਨ ਕਿ ਇਕ ਵਾਰ ਪੈਸੇ ਖ਼ਰਚਾ ਕਰਕੇ ਸਾਰੀ ਜ਼ਿੰਦਗੀ ਸਰੁੱਖਿਅਤ ਹੋ ਜਾਂਦੀ ਹੈ। ਰੁਜ਼ਗਾਰ ਤੋਂ ਇਲਾਵਾ ਜੇਕਰ ਕੋਈ ਆਪਣਾ ਕੰਮਕਾਰ ਕਰਦਾ ਹੈ ਤਾਂ ਉਸ ਨੂੰ ਅਨੇਕਾਂ ਟੈਕਸਾਂ, ਮਹਿੰਗਾਈ ਆਦਿ ਦੀ ਮਾਰ ਪੈ ਜਾਂਦੀ ਹੈ ਜਿਸ ਕਾਰਨ ਉਸ ਦਾ ਰੁਜ਼ਗਾਰ ਠੱਪ ਹੋ ਜਾਂਦਾ ਹੈ। ਲੋਕ ਟੈਕਸ ਦੇਣ ਨੂੰ ਤਿਆਰ ਹਨ ਪਰ ਉਸ ਦੇ ਮੁਕਾਬਲੇ ਸਹੂਲਤਾਂ ਵੀ ਦਿੱਤੀਆਂ ਜਾਣ। ਬਾਕੀ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਲੋਕਾਂ ਦੀ ਵਿਦੇਸ਼ ਜਾਣ ਦੀ ਗਤੀ ਹੋਰ ਤੇਜ਼ ਹੁੰਦੀ ਹੈ ਜਾਂ ਸਰਕਾਰਾਂ ਪ੍ਰਬੰਧ ਕਰਨਗੀਆਂ ਜਿਸ ਨਾਲ ਨੌਜਵਾਨ ਵਰਗ ਮੁੜ ਤੋਂ ਆਪਣੇ ਮੁਲਕ ਵੱਲ ਮੂੰਹ ਕਰੇਗਾ। •

97810-48055

---

## ਪੱਤਰ ਹਰੇ ਕਚੂਰ

# ਸਮਾਜ ਸੇਵਾ ਨੂੰ ਸਮਰਪਿਤ ਸ਼ਾਇਰ



ਪਰਮਜੀਤ ਰਾਮਗੜ੍ਹੀਆ

ਸਾਹਿਤਕ ਵਿਧਾਵਾਂ ਤੇ ਸ਼ਿਲਪਕਲਾ ਦਾ ਮਾਹਿਰ ਪਰਮਜੀਤ ਹੋਰ ਅਨੇਕਾਂ ਬਹੁਕਲਾਵਾਂ ਦੇ ਧਾਰਨੀ ਹੈ। ਕਿੱਤੇ ਵਜੋਂ ਅਧਿਆਪਨ ਦੇ ਕਾਰਜ ਵਿਚ ਆਪਣੇ ਵਿਸ਼ੇ ਵਿਚ ਨਿਪੁੰਨ ਪਰਮਜੀਤ ਨੇ ਸਾਲ 2014 ਵਿਚ ਡਰਾਇੰਗ ਵਿਸ਼ੇ ਵਿਚ ਨਵੀਂ ਖੋਜ ਕਰਦਿਆਂ, ਇਸ ਵਿਸ਼ੇ ਦਾ ਸਿਲੇਬਸ ਬਣਾ ਸਭ ਨੂੰ ਅਚੰਭਿਤ ਕਰ ਦਿੱਤਾ। ਜਿਸ ਨੂੰ ਪੰਜਾਬ ਦੇ ਮਾਨਯੋਗ ਡੀਜੀਐੱਸਈ ਵੱਲੋਂ ਮਨਜ਼ੂਰ ਕੀਤਾ ਗਿਆ। ਆਲ ਇੰਡੀਆ ਰੇਡੀਓ ਜਲੰਧਰ, ਬਠਿੰਡਾ ਤੋਂ ਕਈ ਕਵੀ ਤੇ ਕਹਾਣੀ ਦਰਬਾਰਾਂ ਵਿਚ ਕਵਿਤਾ ਪਾਠ ਤੇ ਮਿੰਨੀ ਕਹਾਣੀਆਂ ਪੜ੍ਹੀਆਂ। ਪਰਮਜੀਤ ਦੀ ਮਿੰਨੀ ਕਹਾਣੀ 'ਸ਼ਿਕਾਰ' ਨੂੰ ਅੰਤਰਰਾਸ਼ਟਰੀ ਅਵਾਰਡ ਵੀ ਮਿਲਿਆ। ਉਸ ਦੀਆਂ ਰਚਨਾਵਾਂ ਵਿੱਚੋਂ ਮਨੁੱਖੀ ਦਰਦ ਆਪ-ਮੁਹਾਰੇ ਬੋਲਦਾ ਹੈ। ਉਹ ਆਪਮੇ ਤੋਂ ਗੱਲ ਸ਼ੁਰੂ ਕਰਕੇ ਪਰ ਦੇ ਦੁੱਖਾਂ-ਸੁੱਖਾਂ ਦੀ ਬਾਤ ਪਾਉਂਦਾ ਹੈਸ਼ ਪਰਮਦਾਤ ਦੇ ਕੰਮਾਂ ਨੂੰ ਦੇਖ ਦੇ ਹੋਏ ਪੰਜਾਬ ਸਰਕਾਰ ਨੇ ਸਾਲ 2014 ਵਿਚ ਸਟੇਟ ਅਵਾਰਡ ਨਾਲ ਨਾਲ ਸਨਮਾਨਿਆ। ਬੇਸ਼ੱਕ ਪਰਮਜੀਤ ਦੀ ਕਲਮ 1988 ਤੋਂ ਲਗਾਤਾਰ ਲਿਖ ਰਹੇ ਪਰਮਜੀਤ ਦੀਆਂ ਚਾਰ ਕਿਤਾਬਾਂ ਦਾ ਮੈਟਰ ਛਪਣ ਲਈ ਤਿਆਰ ਪਿਆ ਹੈ । ਉਸ ਦਾ ਇਕ ਕਾਵਿ ਸੰਗ੍ਰਹਿ 'ਮਘਦੇ ਹਰਫ਼' ਛਪ ਚੁੱਕਾ ਹੈ। ਜਿਸ ਦੀ ਪ੍ਰਸ਼ੰਸਾ ਸਾਹਿਤਕ ਖੇਤਰ ਵਿਚ ਹੋ ਚੁੱਕੀ ਹੈ। ਉਸ ਇਕ ਪਾਠਕ ਵਰਗ ਹੈ। ਆਉ ਮਾਣ ਦੇ ਹਾਂ ਉਸ ਦੀ ਰਚਨਾ ਦਾ ਅਨੰਦ।

• ਗੁਰਬਾਜ ਗਿੱਲ
98723-62507

### ਨਜ਼ਮਾਂ

## ਦੁਆ ਕਰਿਓ



ਦੁਆ ਕਰਿਓ ਪੰਜਾਬ ਮੇਰੇ 'ਚ ਸਭ ਸੁੱਖ ਹੋਵੇ,
ਫੁੱਲਾਂ ਦੇ ਵਾਂਗ ਮਹਿਕਾਂ ਵੰਡਦਾ ਹਰ ਮੁੱਖ ਹੋਵੇ।

ਦਿਓ ਸੁਨੇਹਾ ਜਨ ਨੂੰ ਕਿ ਸ਼ਾਂਤੀ ਬਣੀ ਰਹੇ,
ਟੁੱਟੇ ਨਾ ਕੋਈ ਕਹਿਰ ਅਜਿਹਾ ਕਿ ਦੁੱਖ ਹੋਵੇ।

ਕਲੀਆਂ ਵਰਗੇ ਕੋਮਲ ਰੂਪ ਰੱਬ ਦੇਵੇ ਬੱਚੇ,
ਇਨ੍ਹਾਂ ਬਾਝੋਂ ਸੁੰਨੀ ਨਾ ਕਿਸੇ ਮਾਂ ਦੀ ਕੁੱਖ ਹੋਵੇ।

ਫੁੱਲਾਂ ਤੋਂ ਬਿਨਾਂ ਬਗ਼ੀਚਾ ਵੀ ਕਦੇ ਸੋਹੇ ਨਾ,
ਰੋਹੀ ਵਿਚ ਇਕੱਲਾ ਕਦੇ ਨਾ ਕੋਈ ਰੁੱਖ ਹੋਵੇ।

ਹਰ ਕਾਮੇ ਦੇ ਜੀਅ ਨੂੰ ਮਿਲਦੀ ਹੋਵੇ ਰੋਟੀ,
ਗ਼ਰੀਬ ਦੀ ਮੌਤ ਕਦੇ ਨਾ ਉਸ ਦੀ ਭੁੱਖ ਹੋਵੇ।

ਕਈ ਦਿਨਾਂ ਤੋਂ ਪਤਾ ਨ੍ਹੀਂ ਕਿਉਂ ਅੱਖ ਫਰਕੇ,
ਰੱਬਾ ਦੁਆ ਹੈ ਦੁਸ਼ਮਣ ਘਰ ਵੀ ਸੁੱਖ ਹੋਵੇ।

ਪਰਮਾਤਮਾ ਕਦੇ ਨਾ ਐਸੀ ਹਨ੍ਹੇਰੀ ਝੁੱਲੇ,
ਕਿ ਅੰਮੜੀ ਦਾ ਸੀਨਾ ਕਿਸੇ ਵਜ੍ਹਾ ਕੋਈ ਦੁੱਖ ਹੋਵੇ।

---

ਸੁਖਵੀਰ ਘੁਮਾਣ ਦਿੜਬਾ

# ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ



ਲੋਕ-ਗੀਤਾਂ ਦੀ ਯਾਤਰਾ ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਦੀ ਹੀ ਵਿਕਾਸ ਗਾਥਾ ਹੈ। ਪੁਰਾਤਨ ਹੋਣ ਦੇ ਬਾਵਜੂਦ ਵੀ ਲੋਕ-ਗੀਤ ਸਮੇਂ ਦੀ ਸੀਮਾਂ ਤੋਂ ਪਾਰਗਾਮੀ ਹੁੰਦੇ ਹਨ । ਲੋਕ ਗੀਤ ਦੀ ਵਿਸ਼ੇਸਤਾ ਇਹ ਹੁੰਦੀ ਹੈ ਕਿ ਇਹ ਲੋਕਾਂ ਦੇ ਬੁੱਲ੍ਹਾਂ 'ਤੇ ਸਹਿਜ ਸੁਭਾਅ ਯਾਤਰਾ ਕਰਦਾ ਰਹਿੰਦਾ ਹੈ। ਲੋਕ ਕਿੱਤੇ, ਲੋਕ ਸੰਸਕਾਰ, ਲੋਕ ਰਹੁ ਰੀਤਾਂ ਮਨੁੱਖੀ ਜ਼ਬਾਨ ਰਾਹੀਂ ਲੋਕ ਗੀਤਾਂ ਵਿਚ ਢਲ ਜਾਂਦੇ ਹਨ। ਹਰ ਸੱਭਿਆਚਾਰ, ਸੰਸਕ੍ਰਿਤੀ ਤੇ ਉਸ ਦੀ ਸਥਾਨਕ ਭਾਸ਼ਾ ਵਿਚ ਲੋਕ ਗੀਤ ਜਨਮ ਲੈਂਦੇ ਹਨ। ਲੋਕ ਗੀਤ ਲੋਕ ਜੀਵਨ ਦਾ ਝਰੋਖਾ ਹੁੰਦੇ ਹਨ ਜਿਸ ਵਿੱਚੋਂ ਸਮੁੱਚਾ ਲੋਕ ਜੀਵਨ ਨਜ਼ਰੀ ਪੈਂਦਾ ਹੈ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ 'ਪੰਜਾਬ ਦਾ ਲੋਕ ਕਾਵਿ ਤਾਂ ਹੈ ਹੀ ਉਨ੍ਹਾਂ ਅਣਗਿਣਤ ਅਗਿਆਤ ਕਵੀਆਂ ਦੀ ਕਿਰਤ ਜੋ ਕੁਦਰਤ ਦੀ ਗੋਦੀ ਵਿਚ ਜੰਮਦੇ ਪਲਦੇ ਤੇ ਪ੍ਰਵਾਨ ਚੜ੍ਹਦੇ ਰਹੇ। ਜੇ ਅਸੀਂ ਪੰਜਾਬ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਇਹ ਕਹਿਣਾ ਪਵੇਗਾ ਕਿ ਪੰਜਾਬੀ ਲੋਕ ਗੀਤਾਂ ਦਾ ਪਿੜ ਬਹੁਤ ਵੱਡਾ ਹੈ ਜਿਸ ਵਿੱਚੋਂ ਪੰਜਾਬੀ ਰਹਿਣ-ਸਹਿਣ ਅਤੇ ਪੰਜਾਬੀ ਸੱਭਿਆਚਾਰ ਦੇ ਝਲਕਾਰੇ ਡੁੱਲ-ਡੁੱਲ ਪੈਂਦੇ ਹਨ। ਪੰਜਾਬੀ ਲੋਕ ਗੀਤਾਂ ਵਿੱਚੋਂ ਪੰਜਾਬੀ ਲੋਕ ਕਿੱਤਿਆਂ ਦੇ ਨਾਲ-ਨਾਲ, ਪੰਛੀਆਂ ਪ੍ਰਤੀ ਪ੍ਰੇਮ ਦਾ ਜ਼ਿਕਰ ਵੀ ਵਿਸ਼ੇਸ ਤੌਰ 'ਤੇ ਮਿਲਦਾ ਹੈ। ਪੰਛੀਆਂ ਵਰਗੇ ਖੁੱਲ੍ਹੇ ਸੁਭਾਅ ਦੇ ਪੰਜਾਬੀ ਲੋਕ, ਲੋਕ ਗੀਤਾਂ ਦੀ ਭਾਸ਼ਾ ਰਹੀਂ ਪੰਛੀਆਂ ਨਾਲ ਸੰਵਾਦ ਰਚਾਉਂਦੇ ਹਨ। ਪੰਜਾਬੀ ਜਨ-ਜੀਵਨ ਵਿਚ ਪੰਛੀਆਂ ਨੂੰ ਜੀਵਨ ਦਾ ਇਕ ਅੰਗ ਅਤੇ ਦੁੱਖਾਂ-ਸੁੱਖਾਂ ਦਾ ਭਾਵੀਵਾਲ ਵੀ ਮੰਨਿਆਂ ਗਿਆ ਹੈ। ਪੰਛੀਆਂ ਦੀਆਂ ਅਨੇਕਾਂ ਪ੍ਰਜਾਤੀਆਂ ਵਿੱਚੋਂ ਕਾਂ ਨੇ ਪੰਜਾਬੀ ਲੋਕ ਗੀਤਾਂ ਵਿੱਚ ਜ਼ਿਕਰਯੋਗ ਥਾਂ ਮੱਲੀ ਹੋਈ ਹੈ। ਚੁਸਤ ਚਲਾਕ ਵਿਰਤੀ ਦਾ ਇਹ ਪੰਛੀ ਪੰਜਾਬੀ ਲੋਕ ਗੀਤਾਂ ਦੀ ਜ਼ਬਾਨ ਵਿਚ ਆਪਣੀ ਗਹਿਰੀ ਹੋਂਦ ਜਮਾਈਂ ਬੈਠਾ ਹੈ। ਹਮਲਾਵਰ ਅਤੇ ਚੁਸਤ-ਚਲਾਕ ਪ੍ਰਵਿਰਤੀ ਦਾ ਇਹ ਪੰਛੀ ਭਾਵੇਂ ਆਪਣੀਆਂ ਆਦਤਾਂ ਕਾਰਨ ਕੁਝ ਹੱਦ ਤਕ ਬਦਨਾਮ ਵੀ ਹੈ ਪਰ ਫਿਰ ਵੀ ਵੱਡੇ ਰੂਪ ਵਿਚ ਇਸ ਪੰਛੀ ਦੇ ਹਿੱਸੇ ਵਡਿਆਈਆਂ ਹੀ ਆਈਆਂ ਹਨ। ਪੰਜਾਬੀ ਸੱਭਿਆਚਾਰ ਵਿਚ ਕਾਂ ਦਾ ਬਨੇਰੇ 'ਤੇ ਬੋਲਣਾ ਸ਼ੁੱਭ ਸ਼ਗਨ ਮੰਨਿਆਂ ਜਾਂਦਾ ਹੈ। ਕਾਂ ਦਾ ਬਨੇਰੇ 'ਤੇ ਬੋਲਣ ਦੀ ਧਾਰਨਾਂ ਨੂੰ ਘਰ ਵਿਚ ਕਿਸੇ ਪ੍ਰਹੁਣੇ ਦੇ ਆਉਣ ਦਾ ਸੰਦੇਸ਼ ਮੰਨਿਆਂ ਜਾਂਦਾ ਹੈ। ਗੁਆਂਢੀਆਂ ਦੇ ਬਨੇਰੇ 'ਤੇ ਬੋਲਦੇ ਕਾਂ ਵੇਖ ਕੇ ਦੂਜੀ ਗੁਆਂਢਣ ਚਿੰਤਾਤੁਰ ਹੁੰਦੀ ਹੋਈ ਉਸ ਨੂੰ ਆਪਣੇ ਘਰ ਦੇ ਬਨੇਰੇ 'ਤੇ ਬੋਲਣ ਦਾ ਵਾਸਤਾ ਪਾਉਂਦੀ ਹੈ ਤਾਂ ਜੋ ਉਸ ਦੇ ਘਰ ਵੀ ਅੱਜ ਕਿਸੇ ਮਹਿਮਾਨ ਦੀ ਸੱਜਰੀ ਪੈੜ ਪੈ ਸਕੇ। ਇਸ ਦਾ ਵਰਨਣ ਇਸ ਤਰ੍ਹਾਂ ਮਿਲਦਾ ਹੈ :

ਕਦੇ ਸਾਡੇ ਵੀ ਬਨੇਰੇ ਉੱਤੇ ਬੋਲ ਵੇ
ਨਿੱਤ ਬੋਲਦੈਂ ਗੁਆਂਢੀਆਂ ਦੇ ਕਾਵਾਂ...

ਜਦੋਂ ਚਿੱਠੀ ਪੱਤਰ ਯੁੱਗ ਪੂਰਨ ਰੂਪ ਵਿਚ ਹੋਂਦ ਵਿਚ ਨਹੀਂ ਆਇਆ ਸੀ ਤਾਂ ਕਾਵਾਂ ਹੱਥ ਸੁਨੇਹੇ ਘੱਲ ਕੇ ਮਨ ਨੂੰ ਤਸੱਲੀ ਅਤੇ ਧਰਵਾਸ ਦਿੱਤਾ ਜਾਂਦਾ ਸੀ ਕਿਉਂਕਿ ਕਾਂ ਨੂੰ ਚੰਗਾ ਸੰਦੇਸ਼ ਵਾਹਕ ਪੰਛੀ ਮੰਨਿਆਂ ਜਾਂਦਾ ਰਿਹਾ ਹੈ। ਇਸ ਕਰਕੇ ਆਪਣੇ ਮਾਹੀ ਦੀ ਉਡੀਕ ਵਿਚ ਝੱਲੀ ਹੋਈ ਮੁਟਿਆਰ ਅੱਖੀਆਂ ਤੋਂ ਦੂਰ ਵਸਦੇ ਮਾਹੀ ਨੂੰ ਮਿਲਣ ਦੀ ਤਾਂਘ ਵਿਚ ਕਾਵਾਂ ਨੂੰ ਵਾਸਤੇ ਪਾਉਂਦੀ ਹੋਈ ਕਹਿੰਦੀ ਕਿ ਜੇ ਉਹ ਮੇਰੇ ਮਾਹੀ ਤਕ ਮੇਰੀ ਵੇਦਨਾ ਭਰੀ ਉਡੀਕ ਦਾ ਸੁਨੇਹਾਂ ਲੈ ਜਾਵੇ ਤਾਂ ਉਹ ਸ਼ੁਕਰਾਨੇ ਵਜੋਂ ਉਸ ਦੀ ਚੁੰਝ ਸੋਨੇ ਵਿਚ ਮੜ੍ਹਾ ਦੇਵੇਗੀ ਅਤੇ ਸੇਵਾ ਵਜੋਂ ਉਸ ਨੂੰ ਦੇਸੀ ਘਿਓ ਦੀ ਚੂਰੀ ਵੀ ਖਾਣ ਲਈ ਦੇਵੇਗੀ। ਉਡੀਕ ਦੀ ਵੇਦਨਾ ਵਿੱਚੋਂ ਇਹ ਬੋਲ ਜ਼ਬਾਨ ਤੇ ਆਏ :

ਚੁੰਝ ਤੇਰੀ ਵੇ ਕਾਲਿਆ ਕਾਵਾਂ
ਸੋਨੇ ਨਾਲ ਮੜ੍ਹਾਵਾ
ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ
ਨਿੱਤ ਮੈਂ ਔਂਸੀਆਂ ਪਾਵਾਂ
ਖ਼ਬਰਾਂ ਲਿਆ ਕਾਵਾਂ
ਤੈਨੂੰ ਘਿਓ ਦੀ ਚੂਰੀ ਪਾਵਾਂ...

ਸਹੁਰੇ ਘਰ ਵਿਆਹ ਕੇ ਆਈ ਮੁਟਿਆਰ ਦੇ ਮੋਹ ਦੀਆਂ ਤੰਦਾ ਹਮੇਸ਼ਾ ਆਪਣੇ ਮਾਂ, ਪਿਓ ਅਤੇ ਭਰਾਵਾਂ ਦੇ ਪਿਆਰ ਨਾਲ ਜਕੜੀਆਂ ਰਹਿੰਦੀਆਂ ਹਨ। ਸਹੁਰਿਆਂ ਦੇ ਘਰ ਪੇਕੇ ਘਰ ਦੀ ਯਾਦ ਮੁਟਿਆਰ ਦੇ ਕਲੇਜੇ ਖੋਹ ਜਿਹੀ ਪਾਉਂਦੀ ਰਹਿੰਦੀ ਹੈ। ਮਾਂ ਪਿਓ ਅਤੇ ਭਰਾਵਾਂ ਨੂੰ ਮਿਲਣ ਦੀ ਤਾਂਘ ਹਮੇਸ਼ਾ ਉਸ ਦੇ ਮਨ ਵਿਚ ਉੱਸਲਵੱਟੇ ਲੈਂਦੀ ਰਹਿੰਦੀ ਹੈ ਪਰ ਸਹੁਰੇ ਘਰ ਅਤੇ ਪੇਕੇ ਘਰ ਵਿਚਲਾ ਫ਼ਾਸਲਾਂ ਉਸ ਨੂੰ ਸਰ ਕਰਨਾਂ ਔਖਾ ਪ੍ਰਤੀਤ ਹੁੰਦਾ ਹੈ। ਕੋਈ ਵੱਸ ਨਾਂ ਚਲਦਾ ਦੇਖ ਕੇ ਉਸ ਨੂੰ ਕਾਂ ਤੋਂ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਜੋ ਉਸ ਦਾ ਸੁਨੇਹਾ ਨੂੰ ਉਸ ਦੇ ਪੇਕਿਆਂ ਦੇ ਘਰ ਪਹੁੰਚਾ ਸਕਦਾ ਹੈ। ਭਾਵੇਂ ਕਿ ਪੰਛੀਆਂ ਦੀ ਭਾਸ਼ਾ ਦਾ ਮਨੁੱਖਾ ਦੀ ਭਾਸ਼ਾ ਨਾਲ ਕੋਈ ਮੇਲ ਨਹੀਂ ਪਰ ਕਾਂ ਨਾਲ ਰਚਾਇਆਂ ਸੰਵਾਦ ਮਨ ਨੂੰ ਤਸੱਲੀ ਜ਼ਰੂਰ ਦੇ ਜਾਂਦਾ ਹੈ।

ਉੱਡਦਾ-ਉੱਡਦਾ ਜਾਈਂ ਵੇ ਕਾਲਿਆ ਕਾਵਾਂ
ਬੈਠੀ ਜਾ ਕੇ ਮੇਰੇ ਮਾਪਿਆਂ ਦੇ ਵਿਹੜੇ
ਆਖੀਂ ਵੇ ਜਾ ਕੇ ਮੇਰੀ ਮਾਂ ਨੂੰ ਵੇ ਅੜਿਆ। •

98155-90209

---

ਬਲਵੀਰ ਮੰਨਣ



# ਬੜਾ ਯਾਦ ਆਉਂਦੀਆਂ ਬਾਪੂ ਦੀਆਂ ਗੱਲਾਂ

ਬੱਚੇ ਦੇ ਸਿਰ 'ਤੇ ਬਾਪੂ ਦਾ ਹੋਣਾ ਕਾਦਰ ਵੱਲੋਂ ਬਖ਼ਸ਼ੀ ਬਹੁਤ ਵੱਡੀ ਦਾਤ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਸਾਰੇ ਫ਼ਿਕਰ ਆਪਣੇ ਸਿਰ ਲੈ ਲੈਂਦਾ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਦਸੀਂ ਦਿਸ਼ਾਵੀਂ ਨਿਗ੍ਹਾ ਰੱਖਦਾ, ਉਸ ਵੱਲ ਤੱਕਣ ਵਾਲੀ ਮੁਸੀਬਤ ਨੂੰ ਬੱਚੇ 'ਤੇ ਆਉਣ ਤੋਂ ਪਹਿਲਾਂ ਹੀ ਮੁਕਾ ਛੱਡਦਾ ਹੈ। ਜਦਕਿ ਬੱਚੇ ਨੂੰ ਇਸ ਬਾਰੇ ਰਤਾ ਭਰ ਇਲਮ ਵੀ ਨਹੀਂ ਹੁੰਦਾ। ਬਾਪੂ ਬੱਚਿਆਂ ਦੇ ਸਿਰ 'ਤੇ ਬੋਹੜ ਦੀ ਛਾਂ ਜਿਹਾ ਹੁੰਦਾ ਹੈ। ਉਹ ਬਾਪੂ, ਜਿਸ ਦੇ ਸਿਰ 'ਤੇ ਬੱਚਿਆਂ ਨੂੰ ਰਤਾ ਵੀ ਫ਼ਿਕਰ ਨਹੀਂ ਹੁੰਦਾ। ਉਹ ਬਾਪੂ, ਜਿਸ ਦੇ ਤੁਰ ਜਾਣ 'ਤੇ ਹੀ ਉਸ ਦੀ ਹੋਂਦ ਦੀ ਕੀਮਤ ਨੂੰ ਸਮਝ ਆਉਂਦਾ ਹੈ। ਹਾਂ! ਮੇਰਾ ਬਾਪੂ ਵੀ ਇਵੇਂ ਦਾ ਸੀ। ਉਹ ਦਰਮਿਆਨੇ ਸਰੀਰ ਤੇ ਕੱਦ ਵਾਲਾ। ਕੰਮ 'ਤੇ ਜਾਣ ਤੋਂ ਪਹਿਲਾਂ ਨਹਾ-ਧੋ ਕੇ ਖੱਬੇ ਪਾਸਿਓਂ ਸੱਜੇ ਨੂੰ ਵਾਲ ਵਾਹ ਕੇ, ਧਰਤੀ 'ਤੇ ਬਹਿ ਰੋਟੀ ਖਾਣ ਵਾਲਾ। ਦਾਲ਼ ਦੇ ਵਿਚ ਦਹੀਂ ਮਿਲਾ ਕੇ, ਉਸ ਨਾਲ ਰੋਟੀ ਖਾਣੀ ਉਹਨੂੰ ਬੜੀ ਪਸੰਦ ਸੀ। ਇਕ ਪਾਸੇ ਪੈਂਤੀ ਕਿਲੋਮੀਟਰ ਸਫ਼ਰ ਸਾਈਕਲ 'ਤੇ ਤੈਅ ਕਰ ਕੇ ਜਾਂਦਾ ਹੁੰਦਾ ਸੀ ਬਾਪੂ ਆਪਣੀ ਡਿਊਟੀ ਉੱਤੇ। ਤਿੰਨ ਭਰਾ ਸਾਂ ਅਸੀਂ ਤੇ ਮੈਂ ਚਾਰ ਸਾਲ ਦਾ ਸੀ ਓਦੋਂ, ਜਦੋਂ ਮੇਰੀ ਮਾਂ ਮਰ ਗਈ। ਵੱਡਾ ਭਾਈ ਸੱਤਾਂ ਦਾ ਤੇ ਛੋਟਾ ਦੋ ਸਾਲ ਦਾ। ਬਾਪੂ ਦੀ ਉਮਰ ਉਦੋਂ ਬਹੁਤੀ ਨਹੀਂ ਸੀ, ਜੁਆਨ ਸੀ ਉਹ। ਲੋਕਾਂ ਨੇ ਬਥੇਰਾ ਕਿਹਾ ਕਿ ਵਿਆਹ ਕਰਵਾ ਲੈ, ਨੌਕਰੀ ਕਰਦਾ ਹੈਂ ਪਰ ਨਹੀਂ ਕਰਵਾਇਆ। ਮਨ ਅੰਦਰ ਤੌਖ਼ਲਾ ਸੀ, 'ਕਿਤੇ ਮਤਰੇਈ ਦੇ ਆਇਆਂ ਮੇਰੇ ਬੱਚੇ ਰੁਲ਼ ਨਾ ਜਾਣ।' ਕੀ ਜਤੀ-ਸਤੀ ਏਦਾਂ ਦੇ ਮਨੁੱਖਾਂ ਤੋਂ ਇਲਾਵਾ ਕੋਈ ਹੋਰ ਹੁੰਦੇ ਨੇ? ਸਾਨੂੰ ਤਿਆਰ ਕਰਨਾ। ਚੁੱਲ੍ਹੇ 'ਤੇ ਰੋਟੀ ਪਕਾਉਣੀ। ਸਾਡੇ ਸਿਰ ਨੂੰ ਤੇਲ ਲਾ ਕੇ ਵਾਲਾ ਵਿੱਚੋਂ ਖੱਬੇ ਪਾਸਿਓਂ ਚੀਰ ਕੱਢਣਾ। ਸਕੂਲ ਭੇਜਣਾ। ਪਿੱਛੇ ਨਿਗ੍ਹਾ ਰੱਖਣੀ ਕਿ ਸਕੂਲ ਜਾਂਦੇ ਵੀ ਆ। ਜੇ ਅਸੀਂ ਅਵੇਸਲੇ ਹੋ ਜਾਣਾ ਤਾਂ ਝਿੜਕਣਾ ਵੀ। ਅੱਜ ਇਹ ਅੱਖਰ ਲਿਖਦਿਆਂ ਬਾਪੂ ਦੀ ਘਾਲਣਾ ਇਨ੍ਹਾਂ ਅੱਖਰਾਂ ਦੀ ਬਣ ਰਹੀ ਬਣਤਰ ਮਗਰ ਉੱਘੜਦੀ ਦਿਖਾਈ ਦੇ ਰਹੀ ਹੈ। ਬਾਪੂ ਤੋਂ ਬਿਨਾਂ ਬੰਦਾ ਕਾਸ ਜੋਗਾ ਹੈ? ਕਦੇ-ਕਦੇ ਸਾਨੂੰ ਆਪਣੇ ਨਾਲ ਕੰਮ 'ਤੇ ਲੈ ਜਾਣਾ, ਵਾਰੀ-ਵਾਰੀ। ਬਾਪੂ ਦੇ ਸਾਈਕਲ ਦੇ ਮੂਹਰਲੇ ਡੰਡੇ 'ਤੇ ਬੈਠਿਆਂ ਜੋ ਨਜ਼ਾਰਾ ਆਉਂਦਾ ਸੀ, ਉਹ ਹੁਣ ਗੱਡੀਆਂ ਵਿਚ ਫਿਰਦਿਆਂ ਵੀ ਨਹੀਂ ਆਉਂਦਾ। ਦੇਰ ਤਕ ਸਾਈਕਲ ਦੇ ਡੰਡੇ 'ਤੇ ਬੈਠਿਆਂ ਥੱਕ ਵੀ ਜਾਣਾ। ਫਿਰ ਬਾਪੂ ਨੇ ਕੁਝ ਦੇਰ ਰੁਕ ਜਾਣਾ। ਰਾਹ ਵਿੱਚੋਂ ਕੁਝ ਖਵਾਉਣਾ। ਸਾਨੂੰ ਤਿੰਨਾਂ ਭਰਾਵਾਂ ਨੂੰ ਨਵੇਂ ਕੱਪੜੇ ਲੈ ਕੇ ਦੇਣੇ। ਸਾਡਾ ਮੇਚਾ (ਨਾਪ) ਲੈਣ ਦਾ ਬਾਪੂ ਦਾ ਢੰਗ ਅਲਹਿਦਾ ਹੀ ਸੀ। ਲੱਕ ਤੋਂ ਲੈ ਕੇ ਗਿੱਟੇ ਤੱਕ ਸੇਬੇ (ਪਟਸਨ ਦੀ ਪਤਲੀ ਰੱਸੀ) ਨਾਲ ਮੇਚਾ ਲੈਣਾ ਤੇ ਉਸ ਸੇਬੇ ਨੂੰ ਕੱਟ ਲੈਣਾ। ਇਸੇ ਤਰ੍ਹਾਂ ਝੱਗੇ (ਕਮੀਜ਼) ਦਾ ਮਾਪ ਲੈਣ ਲਈ ਮੋਢਿਆਂ ਦੇ ਵਿਚਕਾਰੋਂ ਲੈ ਕੇ ਲੰਬਾਈ ਅਨੁਸਾਰ ਸੇਬਾ ਕੱਟ ਲੈਣਾ। ਤਿੰਨਾਂ ਭਰਾਵਾਂ ਦਾ ਇਸੇ ਤਰ੍ਹਾਂ ਨਾਪ ਲੈ ਕੇ ਸੇਬੇ ਅਲੱਗ-ਅਲੱਗ ਸਾਂਭ ਲੈਣੇ ਤੇ ਤ੍ਰਿਕਾਲ਼ਾਂ ਨੂੰ ਪੂਰੇ ਮੇਚੇ ਦੇ ਨਵੇਂ ਕੱਪੜੇ ਆ ਜਾਣੇ। ਅਸਾਂ ਪਾ ਬੜੇ ਖ਼ੁਸ਼ ਹੋਣਾ। ਦੂਜੇ ਦਿਨ ਸਕੂਲ ਵਿਚ ਦੱਸਦੇ ਫਿਰਨਾ, 'ਇਹ ਕੱਪੜੇ ਕੱਲ੍ਹ ਮੇਰੇ ਡੈਡੀ ਨੇ ਨਵੇਂ ਲਿਆ ਕੇ ਦਿੱਤੇ ਆ।' ਬੜੀ ਘਾਲਣਾ ਘਾਲ਼ੀ ਉਸ ਨੇ ਸਾਡੇ ਲਈ। ਸਾਰੀ ਉਮਰ ਸਖ਼ਤ ਕਮਾਈ ਕਰਦਿਆਂ, ਹੁਣ ਉਸ ਨੇ ਸੁੱਖ ਦਾ ਸਾਹ ਲੈਣਾ ਸੀ। ਹੁਣ ਅਸੀਂ ਜਵਾਨ ਹੋ ਗਏ, ਵਿਆਹੇ ਗਏ, ਕੰਮਾਂ-ਕਾਰਾਂ 'ਤੇ ਲੱਗ ਗਏ। ਬਾਪੂ ਪੋਤਿਆਂ-ਪੋਤੀਆਂ ਵਾਲ਼ਾ ਹੋ ਗਿਆ ਸੀ ਪਰ ਹੋਣੀ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਘਰੋਂ ਚਲੇ ਗਏ ਨੂੰ ਤੇਰਾਂ ਸਾਲ ਹੋ ਗਏ ਆ। ਮੁੜ ਕੋਈ ਹਾਲ ਨਹੀਂ ਦੱਸਿਆ ਆਪਣਾ। ਛੋਟੇ ਭਰਾ ਨੂੰ ਇਕ ਝੂਠੇ ਕੇਸ ਵਿਚ ਸਜ਼ਾ ਹੋ ਗਈ ਸੀ ਛੇ ਸਾਲ ਦੀ। ਬਾਪੂ ਕਿੰਝ ਝੱਲ ਸਕਦਾ ਸੀ ਆਪਣੇ ਪੁੱਤ ਦਾ ਵਿਛੋੜਾ। ਛੇ ਸਾਲ ਦਾ ਲੰਮਾ ਅਰਸਾ, ਜੇਲ੍ਹ ਦਾ। ਕਿਵੇਂ ਜਰ ਸਕਦਾ ਸੀ ਬਾਪੂ, ਜਿਹਨੇ ਆਪਣੇ ਛੋਟੇ ਪੁੱਤ ਨੂੰ, ਜਿਹੜਾ ਮਾਂ ਮਰੀ ਵੇਲੇ ਦੋ ਸਾਲ ਦਾ ਸੀ, ਜਿਹਨੂੰ ਬਾਪੂ ਨੇ ਢਿੱਡ 'ਤੇ ਪਾ-ਪਾ ਕੇ ਸੁਲ਼ਾਇਆ ਸੀ। ਬਾਪੂ ਤੋਂ ਇਹ ਸਦਮਾ ਸਹਿਆ ਨਹੀਂ ਗਿਆ। ਉਹ ਘਰੋਂ ਚਲਾ ਗਿਆ ਤੇ ਮੁੜ ਕਦੇ ਨਹੀਂ ਪਰਤਿਆ। ਕੀ ਰੱਬ ਇੰਨੇ ਦੁੱਖ ਵੀ ਲਿਖ ਦਿੰਦੈਂ ਕਿਸੇ ਦੀ ਜ਼ਿੰਦਗੀ ਵਿੱਚ? ਆਪ ਦੁੱਖ ਝੱਲਦਾ ਤੇ ਸਾਨੂੰ ਸੁੱਖ ਦਿੰਦਾ ਬਾਪੂ ਬਿਨਾਂ ਕੋਈ ਮੁੱਲ ਲਿਆ ਸਾਡੇ ਕੋਲੋਂ ਪਰ੍ਹਾਂ ਹੋ ਗਿਆ। ਲੱਭਦੇ ਰਹੇ ਆਂ, ਹੁਣ ਵੀ ਲੱਭਦੇ ਆਂ ਪਰ ਕਦੇ ਕੋਈ ਸੂਹ ਨਹੀਂ ਲੱਗੀ। ਜਿਊਣ ਜੋਗਿਓ! ਸਾਂਭ ਲਓ ਆਪਣੇ ਬਾਪੂ ਨੂੰ! ਇਹ ਜੇ ਇਹ ਕਿੱਧਰੇ ਤੁਰ ਗਿਆ ਤਾਂ ਮੁੜ ਪਰਤ ਕੇ ਨਹੀਂ ਆਉਣਾ ਇਸ ਨੇ। •

94173-45485

---

ਮਨਪ੍ਰੀਤ ਕੌਰ ਮਿਨਹਾਸ

# ਹੁੰਦੇ ਨਹੀਂ ਗੰਵਾਰ ਪੰਜਾਬੀ ਬੋਲਣ ਵਾਲੇ



ਪੰਜਾਬ ਵਿਚ ਮਾਂ ਬੋਲੀ ਦੇ ਨਿਰਾਦਰ ਦਾ ਵਿਸ਼ਾ ਬਹੁਤ ਹੀ ਸੰਜੀਦਾ ਅਤੇ ਵਿਚਾਰਨਯੋਗ ਬਣਦਾ ਜਾ ਰਿਹਾ ਹੈ। ਅਕਸਰ ਸਾਹਿਤਕ ਪਿੜਾਂ ਵਿਚ ਇਹ ਮਸਲਾ ਗਰਮਾਇਆ ਰਹਿੰਦਾ ਹੈ ਕਿਉਂਕਿ ਅੱਜ ਦੀ ਨੌਜਵਾਨ ਪੀੜ੍ਹੀ ਪੰਜਾਬੀ ਭਾਸ਼ਾਂ ਤੋਂ ਮੁੱਖ ਮੋੜ ਰਹੀ ਹੈ। ਠੇਠ ਪੰਜਾਬੀ ਬੋਲਣ ਵਾਲੇ ਨੂੰ ਗੰਵਾਰ ਜਾਂ ਪੇਂਡੂ ਦਾ ਦਰਜਾ ਦਿੱਤਾ ਜਾਂਦਾ ਹੈ। ਭਾਸ਼ਾ ਕੋਈ ਵੀ ਮਾੜੀ ਨਹੀਂ ਹੁੰਦੀ ਕਿਉਂਕਿ ਜਿੰਨੀਆਂ ਭਾਸ਼ਾਵਾਂ ਬਾਰੇ ਤੁਹਾਨੂੰ ਗਿਆਨ ਹੋਵੇਗਾ ਓਨਾ ਹੀ ਤੁਹਾਡੀ ਸ਼ਖ਼ਸੀਅਤ ਵਿਚ ਨਿਖਾਰ ਆਵੇਗਾ ਪਰ ਆਪਣੀ ਮਾਂ ਬੋਲੀ ਨੂੰ ਪਿੱਛੇ ਸੁੱਟ ਕੇ ਦੂਜੀਆਂ ਭਾਸ਼ਾਵਾਂ ਨੂੰ ਮੋਹਰੀ ਬਣਾਉਣਾ ਵੀ ਗ਼ਲਤ ਹੈ। ਲੱਖ ਚਾਚੀਆਂ-ਤਾਈਆਂ ਹੋਣ ਪਰ ਮਾਂ ਤਾਂ ਮਾਂ ਹੀ ਹੁੰਦੀ ਹੈ।

ਇਸ ਵਰਤਾਰੇ ਵਿਚ ਕਿਸੇ ਵੀ ਇਨਸਾਨ ਦਾ ਬਚਪਨ ਬਹੁਤ ਅਹਿਮੀਅਤ ਰੱਖਦਾ ਹੈ। ਅੱਜ ਮਹਿੰਗੇ ਪ੍ਰਾਈਵੇਟ ਸਕੂਲਾਂ ਦੀ ਮਾਸੂਮ ਬੱਚਿਆਂ ਨੂੰ ਅੰਗਰੇਜ਼ ਬਣਾਉਣ ਦੀ ਦੌੜ ਵਿਚ ਉਨ੍ਹਾਂ ਨੂੰ ਮਾਂ-ਬੋਲੀ ਨਾਲੋਂ ਜ਼ਬਰਦਸਤ ਤਰੀਕੇ ਨਾਲ ਤੋੜਿਆ ਜਾ ਰਿਹਾ ਹੈ। ਇਨ੍ਹਾਂ ਸਕੂਲਾਂ ਨੇ ਤਾਂ ਸਹੁੰ ਖਾਧੀ ਹੋਈ ਹੈ ਕਿ ਬੱਚਿਆਂ ਨੂੰ ਦੇਸੀ ਅੰਗਰੇਜ਼ ਬਣਾ ਕੇ ਹੀ ਛੱਡਣਾ ਹੈ। ਇਸ ਲਈ ਸਕੂਲਾਂ ਵਿਚ ਪੰਜਾਬੀ ਬੋਲਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਸਕੂਲਾਂ ਵਿਚ ਜ਼ਬਰਦਸਤੀ ਅੰਗਰੇਜ਼ੀ ਥੋਪੀ ਜਾਂਦੀ ਹੈ ਅਤੇ ਨਾ ਬੋਲਣ 'ਤੇ ਜ਼ੁਰਮਾਨਾ ਵੀ ਲਾਇਆ ਜਾਂਦਾ ਹੈ। ਮਾਪੇ ਅਧਿਆਪਕ ਮਿਲਣੀ 'ਤੇ ਵੀ ਇਹੀ ਰਾਗ ਅਲਾਪਿਆ ਜਾਂਦਾ ਹੈ ਕਿ ਘਰ ਬੱਚਿਆ ਨਾਲ ਅੰਗਰੇਜ਼ੀ ਵਿਚ ਹੀ ਗੱਲ ਕੀਤੀ ਜਾਵੇ। ਕਈ ਬਹੁਤ ਹੀ ਸਮਝਦਾਰ ਮਾਪੇ ਘਰ ਆ ਕੇ ਵੀ ਬੱਚਿਆ ਨੂੰ ਪੰਜਾਬੀ ਬੋਲਣ ਨਹੀਂ ਦਿੰਦੇ ਅਤੇ ਆਪ ਵੀ ਉਨ੍ਹਾਂ ਨਾਲ ਮਿਲਗੋਭਾ ਹਿੰਦੀ-ਅੰਗਰੇਜ਼ੀ ਵਿਚ ਗੱਲ ਕਰਨਗੇ। ਅੰਗਰੇਜ਼ੀ ਕੋਈ ਮਾੜੀ ਨਹੀਂ ਕਿਉਂਕਿ ਇਹ ਅੰਤਰ ਰਾਸ਼ਟਰੀ ਭਾਸ਼ਾ ਹੈ, ਜੋ ਬਾਕੀ ਦੁਨੀਆ ਵਿਚ ਵਿਚਰਦਿਆਂ ਸੰਚਾਰ ਦਾ ਮਾਧਿਅਮ ਬਣੇਗੀ ਪਰ ਮਾਂ ਬੋਲੀ ਵਿਚ ਮੁਹਾਰਤ ਉਸ ਤੋਂ ਵੀ ਜ਼ਰੂਰੀ ਹੈ। ਅੱਜ ਆਲਮ ਇਹ ਹੈ ਕਿ ਪਿੰਡਾਂ ਵਿਚ ਰਹਿਣ ਵਾਲੇ ਪ੍ਰਾਈਵੇਟ ਸਕੂਲਾਂ ਵਿਚ ਵੱਡੀਆਂ ਕਲਾਸਾਂ ਵਿਚ ਪੜ੍ਹਨ ਵਾਲੇ 50 ਤਕ ਪੰਜਾਬੀ ਦੀ ਗਿਣਤੀ ਨਹੀਂ ਜਾਣਦੇ 100 ਤਾਂ ਬਹੁਤ ਦੂਰ ਦੀ ਗੱਲ ਹੈ ਪਰ ਦੂਜੇ ਪਾਸੇ ਅੰਗਰੇਜ਼ੀ ਦੀ ਗਿਣਤੀ ਐੱਲਕੇਜੀ ਵਾਲਾ ਵੀ ਰੱਟੀ ਫਿਰਦਾ ਹੈ। ਛੋਟੀ ਪਨੀਰੀ ਤਾਂ ਅੰਗਰੇਜ਼ੀ ਦੀਆਂ ਕਵਿਤਾਵਾਂ ਸੁਣਾਉਂਦੇ ਅੰਗਰੇਜ਼ਾ ਦੇ ਜੁਆਕਾਂ ਨੂੰ ਵੀ ਮਾਤ ਪਾਉਂਦੀ ਹਨ। ਇਸ ਦਾ ਕਾਰਣ ਇਹ ਹੈ ਕਿ ਅੰਗਰੇਜ਼ੀ ਵਿਸ਼ਾ ਮੁੱਢਲੀਆਂ ਕਲਾਸਾਂ (ਨਰਸਰੀ, ਐੱਲਕੇਜੀ) ਵਿਚ ਸ਼ੁਰੂ ਕਰ ਦਿੱਤਾ ਜਾਂਦਾ ਹੈ ਪਰ ਪੰਜਾਬੀ ਨੂੰ ਪਹਿਲੀ ਜਾਂ ਦੂਜੀ ਕਲਾਸ ਵਿਚ ਸ਼ੁਰੂ ਕੀਤਾ ਜਾਂਦਾ ਹੈ। ਅੱਜ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨ ਵਾਲੇ ਜ਼ਿਆਦਾਤਰ ਸ਼ਹਿਰੀ ਬੱਚੇ ਬਾਕੀ ਵਿਸ਼ਿਆ ਵਿਚ ਤਾਂ ਕਾਰਗੁਜ਼ਾਰੀ ਬਹੁਤ ਵਧੀਆ ਦਿਖਾਉਂਦੇ ਹਨ ਪਰ ਪੰਜਾਬੀ ਵਿਸ਼ੇ ਵਿਚ ਉਹ ਲਗਾਤਾਰ ਪਛੜ ਰਹੇ ਹਨ। ਉਨ੍ਹਾਂ ਨੂੰ ਪੰਜਾਬੀ ਔਖੀ ਲੱਗਦੀ ਹੈ। ਨਾ ਤਾਂ ਸਕੂਲ ਅਤੇ ਨਾ ਹੀ ਮਾਪੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਜ਼ਿਆਦਾਤਰ ਵਿਦਿਆਰਥੀ ਸ਼ੁੱਧ ਪੰਜਾਬੀ ਲਿਖ ਹੀ ਨਹੀਂ ਸਕਦੇ। ਇਸ ਲਈ ਮਾਪਿਆ ਨੂੰ ਖ਼ੁਦ ਹੀ ਬੱਚਿਆਂ ਨੂੰ ਘਰ ਪੰਜਾਬੀ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨਾਲ ਸ਼ੁੱਧ ਪੰਜਾਬੀ ਵਿਚ ਗੱਲ ਕਰੋ। ਬੱਚਿਆਂ ਨੂੰ ਪੰਜਾਬੀ ਸਾਹਿਤ ਪੜ੍ਹਨ ਦੀ ਆਦਤ ਪਾਓ। ਘਰ ਵਿਚ ਪੰਜਾਬੀ ਅਖ਼ਬਾਰ ਜ਼ਰੂਰ ਲਗਵਾਓ, ਸਿਰਫ਼ ਕਾਰਟੂਨਾਂ ਨਾਲ ਹੀ ਉਨ੍ਹਾਂ ਦਾ ਟਾਇਮ ਪਾਸ ਨਾ ਕਰਾਓਪਰਵਾਸੀ ਪੰਜਾਬੀਆਂ ਤੋਂ ਕੁਝ ਸਿੱਖੋ ਜਿਨ੍ਹਾਂ ਨੇ ਵਿਦੇਸ਼ਾ ਵਿਚ ਵਸਣ ਦੇ ਬਾਵਜੂਦ ਆਪਣੀ ਮਾਂ-ਬੋਲੀ ਦੇ ਵਜੂਦ ਨੂੰ ਨਹੀਂ ਵਿਸਾਰਿਆ ਅਤੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਵਿਚ ਵੀ ਮਾਂ-ਬੋਲੀ ਨੂੰ ਵਿਸ਼ੇਸ਼ ਦਰਜਾ ਦੁਆਇਆ ਹੈ। ਆਪਣੀ ਭਵਿੱਖੀ ਨਸਲ ਦੀ ਵੀ ਪੰਜਾਬੀ ਬੋਲੀ, ਆਪਣੇ ਧਰਮ ਅਤੇ ਸੱਭਿਆਚਾਰ ਨਾਲ ਨਿੱਘੀ ਸਾਂਝ ਪੁਆਈ ਹੈ। ਹੋਰ ਤਾਂ ਹੋਰ ਅੰਗਰੇਜ਼ਾਂ ਨੂੰ ਵੀ ਆਪਣੇ ਰੰਗ ਵਿਚ ਰੰਗਿਆ ਹੈ ਅਤੇ ਆਪਣੀ ਮਾਂ-ਬੋਲੀ ਨੂੰ ਵਿਦੇਸ਼ਾਂ ਵਿਚ ਵੀ ਮਾਣ ਬਖ਼ਸ਼ਿਆ ਹੈ। ਵਿਦੇਸ਼ਾ ਵਿਚ ਬੈਠੇ ਵੀ ਉਹ ਪੰਜਾਬੀ ਅਖ਼ਬਾਰ ਅਤੇ ਮੈਗਜ਼ੀਨ ਛਾਪ ਕੇ ਇਸ ਦੀ ਸੇਵਾ ਕਰ ਰਹੇ ਹਨ ਪਰ ਅਸੀਂ ਆਪਣੇ ਘਰ ਵਿਚ ਹੀ ਆਪਣੀ ਮਾਂ-ਬੋਲੀ ਦੀ ਬੇਕਦਰੀ ਕੀਤੀ ਪਈ ਹੈ ਪਤਾ ਨਹੀਂ ਕਿਉਂ ਅਸੀਂ ਆਪਣੇ ਬੱਚਿਆਂ ਨੂੰ ਦੇਸੀ ਅੰਗਰੇਜ਼ ਬਣਾਉਣ 'ਤੇ ਜ਼ੋਰ ਲਾਇਆ ਪਿਆ ਹੈ। ਆਪਾਂ ਤਾਂ ਵੈਸੇ ਕੋਈ ਯੂਪੀ, ਬਿਹਾਰ ਵਾਲੇ ਲੋਕ ਜਾਂ ਕੰਮ ਵਾਲੀਆਂ ਨੂੰ ਵੀ ਏਨਾ ਮਾਣ ਬਖ਼ਸ਼ਦੇ ਹਾਂ ਕਿ ਝੱਟ ਆਪਣੀ ਬੋਲੀ ਛੱਡ ਕੇ ਉਨ੍ਹਾਂ ਨਾਲ ਗੁਲਾਬੀ ਹਿੰਦੀ ਵਿਚ ਗੱਲਾਂ ਕਰਨ ਲੱਗ ਜਾਂਦੇ ਹਾਂ ਪਰ ਜਦੋਂ ਉਹ ਅੱਗੋਂ ਸਾਡੇ ਨਾਲ ਪੰਜਾਬੀ ਵਿਚ ਗੱਲ ਕਰਨ ਲੱਗ ਜਾਣ ਤਾਂ ਬੜੀ ਕਸੂਤੀ ਸਥਿਤੀ ਬਣ ਜਾਂਦੀ ਹੈ।

ਮੰਜ਼ਿਲ ਕਦੇ ਨਸੀਬ ਨਾ ਹੁੰਦੀ
ਡੋਲਣ ਵਾਲੇ ਨੂੰ,
ਕਿਉਂ ਦੇਸੀ ਸਮਝਣ ਲੋਕ
ਪੰਜਾਬੀ ਬੋਲਣ ਵਾਲੇ ਨੂੰ।
ਬੱਚਿਆਂ ਨੂੰ ਵੀ ਰੱਖਦੇ ਲੋਕੀ
ਦੂਰ ਪੰਜਾਬੀ ਤੋਂ,
ਐਡੀ ਵੀ ਕੀ ਗ਼ਲਤੀ ਹੋ ਗਈ
ਬੋਲੀ ਸਾਡੀ ਤੋਂ।
ਮਿਲੇ ਤਰੱਕੀ ਮਾਂ-ਬੋਲੀ
ਰੋਲਣ ਵਾਲੇ ਨੂੰ,
ਸਮਝਣੋ ਨਾ ਗੰਵਾਰ ਪੰਜਾਬੀ
ਬੋਲਣ ਵਾਲੇ ਨੂੰ। •

94643-89293

## ਸੰਪਾਦਕੀ

# ਦੁਨੀਆਂ 'ਚ ਕ੍ਰਿਕਟ ਦਾ ਸਾਮਰਾਜ ਤੇ ਸੰਮੋਹਨ

ਕੁਝ ਦਿਨ ਪਹਿਲਾਂ ਬਿਹਾਰ ਦੇ ਪੇਂਡੂ ਬੱਚਿਆਂ ਨਾਲ ਗੱਲਬਾਤ ਕਰਦਿਆਂ ਮੈਂ ਉਨ੍ਹਾਂ ਤੋਂ ਉਨ੍ਹਾਂ ਦੀ ਪਸੰਦੀਦਾ ਖੇਡ ਕ੍ਰਿਕਟ ਬਾਬਤ ਪੁੱਛ ਪੜਤਾਲ ਕੀਤੀ। ਉਨ੍ਹਾਂ ਬਹੁਤ ਜੋਸ਼ ਨਾਲ ਹੁੰਗਾਰਾ ਭਰਿਆ। ਮੈਂ ਉਨ੍ਹਾਂ ਤੋਂ ਉਨ੍ਹਾਂ ਦੇ ਪਸੰਦੀਦਾ ਕ੍ਰਿਕਟਰ ਬਾਰੇ ਸਵਾਲ ਕੀਤਾ ਤਾਂ ਉਨ੍ਹਾਂ ਨੇ ਜੋਸ਼ ਨਾਲ ਜਵਾਬ ਦਿੱਤਾ- 'ਵਿਰਾਟ ਕੋਹਲੀ'। ਇਸ ਨਾਲ ਮੇਰੇ ਲਈ ਗੱਲਬਾਤ ਜਾਰੀ ਰੱਖਣੀ ਸੌਖੀ ਹੋ ਗਈ। 'ਕੀ ਤੁਸੀਂ ਮੈਨੂੰ ਹਾਕੀ ਦੇ ਕਿਸੇ ਮਹਾਨ ਖਿਡਾਰੀ ਜਾਂ ਕਿਸੇ ਮਹਿਲਾ ਪਹਿਲਵਾਨ ਦਾ ਨਾਂ ਦੱਸ ਸਕਦੇ ਹੋ ?' ਇਸ ਵਾਰ ਉਹ ਸਭ ਚੁੱਪ ਹੋ ਗਏ। ਦਰਅਸਲ, ਇਹ ਚੁੱਪ ਦੱਸਦੀ ਹੈ ਕਿ ਕਿਵੇਂ ਕ੍ਰਿਕਟ ਨੇ ਸਾਡੀ ਸਮੂਹਿਕ ਚੇਤਨਾ 'ਤੇ ਕਬਜ਼ਾ ਕਰ ਲਿਆ ਹੈ ਅਤੇ ਇਵੇਂ ਮਸਲਨ, ਧਿਆਨ ਚੰਦ ਵਰਗੇ ਮਹਾਨ ਹਾਕੀ ਖਿਡਾਰੀ, ਇੰਦਰ ਸਿੰਘ ਜਿਹੇ ਫੁੱਟਬਾਲਰ ਜਾਂ ਵਿਨੇਸ਼ ਫੋਗਾਟ ਜਿਹੀ ਪਹਿਲਵਾਨ ਨਾਲ ਜੁੜੀਆਂ ਸਾਡੀਆਂ ਸਮੂਹਿਕ ਯਾਦਾਂ ਮਿਟ ਰਹੀਆਂ ਹਨ। ਦਰਅਸਲ, ਹਰ ਪਾਸੇ ਕ੍ਰਿਕਟ ਨੇ ਪੈਰ ਪਸਾਰ ਲਏ ਹਨ; ਸ਼ਹਿਰਾਂ ਵਿੱਚ ਹੀ ਨਹੀਂ ਸਗੋਂ ਪਿੰਡਾਂ ਵਿੱਚ ਵੀ; ਝੁੱਗੀਆਂ ਝੌਂਪੜੀਆਂ ਤੋਂ ਲੈ ਕੇ ਗੇਟਬੰਦ ਸੁਸਾਇਟੀਆਂ ਵਿੱਚ; ਡਿਊਟੀ 'ਤੇ ਤਾਇਨਾਤ ਟ੍ਰੈਫਿਕ ਸਿਪਾਹੀ ਤੋਂ ਲੈ ਕੇ ਘਰ ਦੀ ਸੁਆਣੀ ਤੱਕ; ਜਾਂ ਕਿਸੇ ਕਾਰਪੋਰੇਟ ਐਗਜ਼ੈਕਟਿਵ ਤੋਂ ਲੈ ਕੇ ਨੌਜਵਾਨ ਵਿਦਿਆਰਥੀ ਤੱਕ, ਹਰ ਕੋਈ ਕ੍ਰਿਕਟ ਦਾ ਦੀਵਾਨਾ ਬਣ ਗਿਆ ਲੱਗਦਾ ਹੈ। ਇਸ ਕਰ ਕੇ ਸ਼ਾਇਦ ਜਦੋਂ ਇਹ ਅਨੁਮਾਨ ਸਾਹਮਣੇ ਆਇਆ ਕਿ ਹਾਲੀਆ ਆਈਪੀਐੱਲ ਦੇ ਮੁਕਾਬਲਿਆਂ ਨੂੰ ਕਰੀਬ 50 ਕਰੋੜ ਲੋਕਾਂ ਨੇ ਟੀਵੀ ਜਾਂ ਮੋਬਾਈਲ 'ਤੇ ਦੇਖਿਆ ਸੀ ਤਾਂ ਇਸ 'ਤੇ ਕਿਸੇ ਨੂੰ ਕੋਈ ਹੈਰਾਨੀ ਨਾ ਹੋਈ। ਇਵੇਂ ਲਗਦਾ ਹੈ ਕਿ ਕ੍ਰਿਕਟ ਹੁਣ ਖੇਡਾਂ ਵਾਂਗ ਨਹੀਂ ਹੈ। ਇਹ ਤਮਾਸ਼ਾ ਹੈ; ਇਹ ਜਨਤਕ ਖ਼ਪਤ ਦੀ ਵਸਤ ਹੈ; ਤੇ ਸਭ ਤੋਂ ਵਧ ਕੇ ਇਹ ਅਜਿਹਾ ਆਧੁਨਿਕ ਮਿਥਿਹਾਸ ਹੈ ਜਿਸ ਰਾਹੀਂ ਲਾਈਫ ਸਟਾਈਲ- ਸ਼ੋਹਰਤ, ਪੈਸਾ ਤੇ ਸਟਾਰਡਮ, ਵੇਚਿਆ ਜਾਂਦਾ ਹੈ। ਦੇਖਿਆ ਜਾਵੇ ਤਾਂ ਇਸ ਵਰਤਾਰੇ 'ਚੋਂ ਸਾਨੂੰ ਤਿੰਨ ਚੀਜ਼ਾਂ ਦੀ ਸਮਝ ਪੈਂਦੀ ਹੈ। ਪਹਿਲੀ, ਕ੍ਰਿਕਟ ਨੇ ਬਹੁਤ ਹੀ ਲਾਹੇਵੰਦ ਕਾਰੋਬਾਰੀ ਸਾਮਰਾਜ ਦਾ ਰੂਪ ਧਾਰ ਲਿਆ ਹੈ। ਜਿਵੇਂ ਨਵ-ਉਦਾਰਵਾਦ ਦੇ ਯੁੱਗ ਵਿੱਚ ਮੰਡੀ ਨੂੰ ਬਹੁਤ ਹੀ ਉੱਚੀ ਚੀਜ਼ ਗਿਣਿਆ ਜਾਂਦਾ ਹੈ, ਉਸੇ ਤਰ੍ਹਾਂ ਕ੍ਰਿਕਟ, ਖ਼ਾਸਕਰ ਇਸ ਦੇ ਇੱਕ ਦਿਨਾ ਜਾਂ ਟੀ20 ਰੂਪਾਂ ਦੀ ਫਟਾਫਟੀ, ਉਤੇਜਨਾ, ਇਸ਼ਤਿਹਾਰ ਮਸ਼ੀਨਰੀਆਂ ਅਤੇ ਤਕਨੀਕੀ ਤੇ ਨਵੀਂਸ ਲਾਈਵ ਕਵਰੇਜ ਸਦਕਾ ਇਹ ਵੇਚਣਯੋਗ ਵਸਤ ਬਣ ਚੁੱਕੀ ਹੈ। ਇਸ ਕਰ ਕੇ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਬੀਸੀਸੀਆਈ ਨੇ ਆਈਪੀਐੱਲ 2025 ਸੀਜ਼ਨ ਤੋਂ ਘੱਟੋ-ਘੱਟ 20 ਹਜ਼ਾਰ ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਜਦੋਂ ਸਾਨੂੰ ਇਹ ਜਾਣਨ ਦਾ ਮੌਕਾ ਮਿਲਦਾ ਹੈ ਕਿ ਇਸ ਨੇ ਸਿਰਫ਼ ਘਰੇਲੂ ਮੀਡੀਆ ਪ੍ਰਸਾਰਨ ਮਾਲੀਏ ਦੇ ਰੂਪ ਵਿੱਚ ਹੀ 1.21 ਅਰਬ ਡਾਲਰ ਕਮਾਏ ਹਨ ਤਾਂ ਅਸੀਂ ਸਮਝ ਸਕਦੇ ਹਾਂ ਕਿ ਆਈਪੀਐੱਲ ਬਹੁਤ ਵੱਡਾ ਕਾਰੋਬਾਰੀ ਮਾਡਲ ਹੈ; ਇਹ ਨਾ ਭੁੱਲਣਾ ਕਿ ਕ੍ਰਿਕਟ ਸੱਟੇਬਾਜ਼ੀ ਦੀਆਂ ਐਪਾਂ ਦੀ ਕੋਈ ਗਿਣਤੀ ਹੀ ਨਹੀਂ ਹੈ ਜਿਨ੍ਹਾਂ ਨੂੰ ਸਾਰੇ ਵੱਡੇ ਕ੍ਰਿਕਟ ਖਿਡਾਰੀਆਂ ਵੱਲੋਂ ਹੁਲਾਰਾ ਦਿੱਤਾ ਜਾ ਰਿਹਾ ਹੈ। ਇਸ ਲਿਹਾਜ਼ ਤੋਂ ਇੱਕ ਅਨੁਮਾਨ ਮੁਤਾਬਿਕ, ਆਈਪੀਐੱਲ ਦੌਰਾਨ ਮੈਚਾਂ 'ਤੇ ਸੱਟਾ ਲਾਉਣ ਵਾਲੇ ਭਾਰਤੀਆਂ ਦੀ ਤਾਦਾਦ 34 ਕਰੋੜ ਤੋਂ ਵੀ ਵੱਧ ਰਹੀ ਹੈ ਅਤੇ ਆਲਮੀ ਪੱਧਰ 'ਤੇ ਇਸ ਸੱਟੇਬਾਜ਼ੀ ਰਾਹੀਂ ਇੱਕ ਅਰਬ ਡਾਲਰ ਤੋਂ ਵੱਧ ਕਾਰੋਬਾਰ ਹੋਇਆ ਸੀ। ਜਦੋਂ ਮੈਂ ਇਹ ਦੇਖਦਾ ਹਾਂ ਤਾਂ ਮੈਂ ਪਾਟੇ ਫ਼ਰੀਟੇ ਕੱਪੜਿਆਂ ਵਿੱਚ ਉਸ ਪੇਂਡੂ ਬੱਚੇ ਬਾਰੇ ਸੋਚਦਾ ਹਾਂ ਜੋ ਵਿਰਾਟ ਕੋਹਲੀ ਨੂੰ ਆਪਣਾ ਹੀਰੋ ਮੰਨਦਾ ਹੈ। ਮੈਂ ਉਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ ਕਿ ਉਸ ਦਾ ਚਹੇਤਾ ਕ੍ਰਿਕਟਰ ਅਸਲ 'ਚ ਇੱਕ 'ਵਸਤ' ਜਾਂ ਬ੍ਰਾਂਡ ਹੈ ਜਿਸ ਦੀ 'ਕੀਮਤ' ਇਸ ਵਾਰ 21 ਕਰੋੜ ਰੁਪਏ ਪਈ ਸੀ; ਤੇ ਰਾਇਲ ਚੈਲੇਂਜਰਜ਼ ਬੰਗਲੁਰੂ ਨਾਂ ਦੀ ਕੰਪਨੀ ਨੇ ਉਸ ਨੂੰ ਖਰੀਦਿਆ ਹੈ, ਤਦ ਉਹ ਟੱਡੀਆਂ ਅੱਖਾਂ ਨਾਲ ਮੇਰੇ ਵੱਲ ਤੱਕਦਾ ਹੈ। ਦੂਜਾ, ਕਿਉਂਕਿ ਸਾਡੇ ਵਿੱਚੋਂ ਬਹੁਤੇ ਲੋਕ ਸਰਗਰਮ ਸਿਰਜਣਹਾਰਿਆਂ ਦੀ ਥਾਂ ਸੁਸਤ ਖ਼ਪਤਕਾਰਾਂ ਵਜੋਂ ਜਿਊਂਦੇ ਹਨ, ਇਸ ਲਈ ਇਨ੍ਹਾਂ ਪਸੰਦੀਦਾ ਕ੍ਰਿਕਟਰਾਂ ਨਾਲ ਜੁੜੀਆਂ ਖਿਆਲੀ ਕਹਾਣੀਆਂ ਵੱਲ ਖਿੱਚੇ ਜਾਣਾ ਬਹੁਤਾ ਔਖਾ ਨਹੀਂ ਹੈ। ਇਨ੍ਹਾਂ ਦੀ ਚਮਕ-ਦਮਕ, 'ਬ੍ਰਾਂਡ ਵੈਲਿਊ', ਪ੍ਰੇਮ ਪ੍ਰਸੰਗ, ਫਰਜ਼ੀ ਪਛਾਣਾਂ ਤੇ ਇਨ੍ਹਾਂ ਦੇ ਰਹਿਣ-ਸਹਿਣ ਦੇ ਤਰੀਕੇ ਸਾਨੂੰ ਖਿੱਚਦੇ ਹਨ। ਦਰਅਸਲ, ਇਹ ਕਿਸੇ ਵੀ ਲਿਹਾਜ਼ ਤੋਂ 'ਬੇਤੁਕੇ' ਬੌਲੀਵੁੱਡ ਸਿਤਾਰਿਆਂ ਨਾਲੋਂ ਘੱਟ ਨਹੀਂ ਹਨ। ਸਿਰਫ਼ ਇਹੀ ਨਹੀਂ, ਬਾਜ਼ਾਰ ਦਾ ਲਾਲਚ ਇੰਨਾ ਤਾਕਤਵਰ ਹੈ ਕਿ ਜੇਕਰ ਤੁਸੀਂ ਕਿਸੇ ਆਈਪੀਐੱਲ ਟੀਮ ਦੀ ਜਰਸੀ ਵੱਲ ਨਿਗ੍ਹਾ ਮਾਰੋ, ਜਿਸ 'ਤੇ ਵੱਖ-ਵੱਖ ਸਪਾਂਸਰਾਂ ਦੇ ਲੋਗੋ ਲੱਗੇ ਹੋਏ ਹਨ, ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਹ ਕ੍ਰਿਕਟਰ ਅਸਲੋਂ 'ਚੱਲਦੇ ਫਿਰਦੇ ਇਸ਼ਤਿਹਾਰੀ ਬੋਰਡ' ਬਣੇ ਹੋਏ ਹਨ। ਖੇਡਣ ਲੱਗਿਆਂ ਇਹ ਤੁਹਾਨੂੰ ਇਹ ਉਤਪਾਦ ਖਰੀਦਣ ਲਈ ਵੀ ਲਲਚਾ ਰਹੇ ਹੁੰਦੇ ਹਨ। ਇਹ ਪੈਸੇ ਦਾ ਚੱਕਰ ਹੈ। ਤੁਸੀਂ ਤੇ ਮੈਂ ਪਾਗਲ ਹੋ ਜਾਂਦੇ ਹਾਂ, ਬਲੈਕ 'ਚ ਆਈਪੀਐੱਲ ਦੀਆਂ ਟਿਕਟਾਂ ਖਰੀਦਦੇ ਹਾਂ ਜਾਂ ਫਿਰ ਟੈਲੀਵਿਜ਼ਨ ਮੂਹਰੇ ਘੰਟਿਆਂਬੱਧੀ ਬੈਠ ਕੇ ਰੋਂਦ ਦੀ ਨੀਰਸਤਾ ਤੋਂ ਪਾਰ ਪਾਉਣ ਲਈ ਕ੍ਰਿਕਟ ਦੇਖਦੇ ਹਾਂ ਤੇ ਇਸੇ ਦੌਰਾਨ ਕ੍ਰਿਕਟਰ ਤੇ ਉਨ੍ਹਾਂ ਦੇ ਸਪਾਂਸਰ ਆਪਣਾ ਹਿੱਸਾ ਕੱਢ ਲੈਂਦੇ ਹਨ ਵਾਲੀ ਸੰਪਤੀ ਜੋੜਦੇ ਜਾਂਦੇ ਹਨ। ਤੇ ਤੀਜਾ, ਇੱਕ ਹੋਰ ਕੋਝੀ ਅਸਲੀਅਤ ਨੂੰ ਸਵੀਕਾਰ ਕਰਨਾ ਵੀ ਮਹੱਤਵਪੂਰਨ ਹੈ: ਕ੍ਰਿਕਟ ਦੀ ਹਥਿਆਰ ਵਜੋਂ ਵਰਤੋਂ। ਬਿਲਕੁਲ, ਨਵ-ਉਦਾਰਵਾਦ ਦੇ ਅੰਧ-ਰਾਸ਼ਟਰਵਾਦ ਨਾਲੋਂ-ਨਾਲ ਚੱਲਦੇ ਹਨ; ਤੇ ਇਸ ਲਈ ਇਹ ਹੈਰਾਨ ਕਰਨ ਵਾਲਾ ਨਹੀਂ ਕਿ ਕ੍ਰਿਕਟ ਦੀ ਵਿਆਪਕ ਖਿੱਚ ਨੂੰ ਅਕਸਰ ਅੰਧ-ਰਾਸ਼ਟਰਵਾਦ ਦੀ ਉਤੇਜਨਾ ਨੂੰ ਤਿੱਖਾ ਕਰਨ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਕਲਪਨਾ ਕਰੋ ਕਿ ਭਾਰਤ ਤੇ ਪਾਕਿਸਤਾਨ ਵਿਸ਼ਵ ਕੱਪ ਵਿੱਚ ਖੇਡ ਰਹੇ ਹਨ। ਸਾਨੂੰ ਖੇਡ ਨੂੰ ਜੰਗ ਵਿੱਚ ਬਦਲਣ ਲਈ ਵਰਚਾਇਆ ਜਾਂਦਾ ਹੈ। ਮੈਚ 'ਚ ਜਿੱਤ ਭਾਵੇਂ ਰਾਸ਼ਟਰ ਦੀ ਆਤਮ-ਕੇਂਦਰਿਤ ਹਉਮੈ ਨੂੰ ਅੰਬਰੀਂ ਲਾ ਦਿੰਦੀ ਹੈ, ਪਰ ਹਾਰ ਤੋਂ ਬਾਅਦ ਸਾਂਝਾ ਸੋਗ ਉਪਜਦਾ ਹੈ। ਅਸਲ 'ਚ ਕ੍ਰਿਕਟ ਨੂੰ ਅੰਧ-ਰਾਸ਼ਟਰਵਾਦ ਦੇ ਨਜ਼ਰੀਏ ਰਾਹੀਂ ਦੇਖਣਾ ਕਈ ਤਰ੍ਹਾਂ ਦੇ ਭਰਮਾਂ ਨੂੰ ਜਨਮ ਦਿੰਦਾ ਹੈ। ਤੁਸੀਂ ਕਿਸੇ ਪਾਕਿਸਤਾਨੀ ਕ੍ਰਿਕਟਰ ਦੀ ਗੇਂਦਬਾਜ਼ੀ ਦੀ ਸ਼ਲਾਘਾ ਨਹੀਂ ਕਰ ਸਕਦੇ, ਜਿਸ ਨੇ ਵਿਰਾਟ ਕੋਹਲੀ ਜਾਂ ਰੋਹਿਤ ਸ਼ਰਮਾ ਨੂੰ ਖੁੱਲ੍ਹ ਕੇ ਨਾ ਖੇਡਣ ਦਿੱਤਾ ਹੋਵੇ। ਜੇ ਤੁਸੀਂ ਇਸ ਤਰ੍ਹਾਂ ਦੇ 'ਰਾਸ਼ਟਰ ਵਿਰੋਧੀ' ਕਾਰੇ 'ਚ ਸ਼ਾਮਿਲ ਹੁੰਦੇ ਹੋ ਤਾਂ ਕੀ ਪਤਾ ਬੁਲਡੋਜ਼ਰ ਤੁਹਾਡਾ ਘਰ ਹੀ ਢਾਹ ਦੇਵੇ। ਦਰਅਸਲ, ਕ੍ਰਿਕਟ ਲਈ ਇਸ ਕਿਸਮ ਦੇ ਪਾਗਲਪਣ ਵਿਚਕਾਰ, ਅੰਧ-ਰਾਸ਼ਟਰਵਾਦੀ ਪ੍ਰਸ਼ੰਸਕਾਂ ਦੇ ਗੈਂਗ ਆਪਣੇ ਨਿਗਰਾਨ ਤੰਤਰ ਨੂੰ ਤੇਜ਼ ਕਰ ਦਿੰਦੇ ਹਨ ਤੇ ਦੇਖਦੇ ਰਹਿੰਦੇ ਹਨ ਕਿ ਕੀ ਦੇਸ਼ ਦੇ ਸੰਭਾਵੀ 'ਦੁਸ਼ਮਣ' ਭਾਰਤ ਦਾ ਸਮਰਥਨ ਕਰ ਰਹੇ ਹਨ ਜਾਂ ਨਹੀਂ, ਜਾਂ ਕੀ ਉਦੋਂ ਤਾੜੀਆਂ ਮਾਰ ਰਹੇ ਹਨ, ਜਦੋਂ ਕੋਈ ਪਾਕਿਸਤਾਨੀ ਬੱਲੇਬਾਜ਼ ਸ਼ਾਨਦਾਰ ਢੰਗ ਨਾਲ ਖੇਡਦਾ ਹੈ ਤੇ ਸੈਂਕੜੇ ਜੜਦਾ ਹੈ। ਖਪਤ ਦੀ ਵਸਤੂ ਤੋਂ ਇਲਾਵਾ ਕ੍ਰਿਕਟ ਇਨ੍ਹਾਂ ਜ਼ਹਿਰੀਲੇ ਸਮਿਆਂ 'ਚ ਅੰਧ-ਰਾਸ਼ਟਰਵਾਦੀ ਪ੍ਰੇਰਕ ਵੀ ਬਣ ਗਿਆ ਹੈ। ਤੇ ਇਹ ਵਿਕਦਾ ਵੀ ਹੈ ।

ਅਜਿਹਾ ਵਿਆਪਕ ਵਸ਼ੀਕਰਨ, ਜਿਸ ਨੂੰ ਕ੍ਰਿਕਟ ਵਰਗਾ ਕੌਤਕ ਉਕਸਾਉਂਦਾ ਹੈ, ਦੇ ਵਿਨਾਸ਼ਕਾਰੀ ਸਿੱਟੇ ਹੀ ਨਿਕਲਣਗੇ। ਮੈਨੂੰ ਧੱਕਾ ਜ਼ਰੂਰ ਲੱਗਾ, ਪਰ ਹੈਰਾਨੀ ਨਹੀਂ ਹੋਈ ਜਦੋਂ ਬੰਗਲੁਰੂ ਵਿੱਚ ਕ੍ਰਿਕਟ ਸਟੇਡੀਅਮ ਦੇ ਬਾਹਰ 11 ਜਣਿਆਂ ਦੀ ਮੌਤ ਹੋਣ ਦੀ ਦੁਰਘਟਨਾ ਵਾਪਰ ਗਈ। ਇਸ ਬਾਰੇ ਸੋਚ ਕੇ ਦੇਖੋ। ਸਟੇਡੀਅਮ ਦੀ ਸਮਰੱਥਾ 32,000 ਦੀ ਸੀ, ਪਰ 2,00,000 ਤੋਂ ਵੱਧ ਲੋਕ ਰਾਇਲ ਚੈਲੇਂਜਰਜ਼ ਬੰਗਲੁਰੂ ਦੀ ਆਈਪੀਐੱਲ ਜਿੱਤ ਦਾ ਜਸ਼ਨ ਮਨਾਉਣ ਲਈ ਪਹੁੰਚ ਗਏ। ਤੁਸੀਂ ਤੇ ਮੈਂ ਇਸ ਭੀੜ ਦੀ ਮਾਨਸਿਕਤਾ ਅਤੇ ਨਾਲ ਜੁੜੀ ਤ੍ਰਾਸਦੀ ਦਾ ਕੀ ਅਰਥ ਕੱਢਾਂਗੇ ? ਦੋ ਮਹੀਨੇ, ਉਹ ਸਕਰੀਨ 'ਤੇ ਆਪਣੇ 'ਸਿਤਾਰਿਆਂ' ਨੂੰ ਦੇਖਦੇ ਰਹੇ; ਉਨ੍ਹਾਂ ਇਨ੍ਹਾਂ ਕ੍ਰਿਕਟਰਾਂ ਦੀ ਸਾਵਧਾਨੀ ਨਾਲ ਬਣਾਈ ਤੇ ਬਾਜ਼ਾਰ ਸੰਚਾਲਿਤ ਪਛਾਣ ਨੂੰ ਭੋਗਿਆ; ਤੇ ਸੰਭਵ ਹੈ ਕਿ ਉਹ ਇਨ੍ਹਾਂ ਦੀ ਇੱਕ ਝਲਕ ਚਾਹੁੰਦੇ ਸਨ, ਛੂਹਣਾ ਤੇ ਸੁੰਘਣਾ ਚਾਹੁੰਦੇ ਸਨ, ਜਿਸ ਨਾਲ ਉਨ੍ਹਾਂ ਨੂੰ ਸ਼ਾਇਦ ਕਿਸੇ ਕਿਸਮ ਦੀ 'ਮੁਕਤੀ' ਦਾ ਅਹਿਸਾਸ ਹੁੰਦਾ। ਇਸ ਤਰ੍ਹਾਂ ਦੀ ਝੁੰਡ ਮਾਨਸਿਕਤਾ ਤੇ ਮਗਰੋਂ ਵਾਪਰੀ ਤ੍ਰਾਸਦੀ ਦਰਸਾਉਂਦੀ ਹੈ ਕਿ ਕ੍ਰਿਕਟ ਸੱਚੀਂ ਸਾਡੇ ਮੁਲਕ ਵਿੱਚ ਨਸ਼ਾ ਬਣ ਗਿਆ ਹੈ।

# ਸੇ.ਫ ਸਕੂਲ ਵਾਹਨ ਕਮੇਟੀ ਵੱਲੋਂ ਸਕੂਲ ਬੱਸਾਂ ਦੀ ਕੀਤੀ ਜਾਵੇਗੀ ਚੈਕਿੰਗ : ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ ਸੇਫ਼ ਸਕੂਲ ਵਾਹਨ ਪਾਲਿਸੀ ਦੇ ਤਹਿਤ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਪੱਧਰੀ ਸੇਫ਼ ਸਕੂਲ ਵਾਹਨ ਕਮੇਟੀ ਵੱਲੋਂ ਮਿਤੀ 1 ਜੁਲਾਈ 2025 ਤੋਂ ਸੇਫ਼ ਸਕੂਲ ਵਾਹਨ ਪਾਲਿਸੀ ਦੇ ਤਹਿਤ ਸਕੂਲੀ ਬੱਸਾਂ ਦੀ ਅਚਨਚੇਤ ਚੈਕਿੰਗ ਕੀਤੀ ਜਾਵੇਗੀ। ਇਹ ਪ੍ਰਗਟਾਵਾਂ ਜ਼ਿਲ੍ਹਾ ਬਾਲ ਸੁੱਖਿਆ ਵਿਭਾਗ ਦੇ ਅਧਿਕਾਰੀ ਰੂਪਵੰਤ ਕੌਰ ਨੇ ਕਰਦਿਆਂ ਕਿਹਾ ਕਿ ਬਾਲ ਸੁਰੱਖਿਆ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਕੂਲੀ ਬੱਸਾਂ ਜਿਨ੍ਹਾਂ ਵਿੱਚ ਬੱਚੇ ਸਫ਼ਰ ਕਰ ਰਹੇ ਹਨ ਉਹ ਸੇਫ਼ ਸਕੂਲ ਵਾਹਨ ਪਾਲਿਸੀ ਮੁਤਾਬਿਕ ਨਿਯਮਾਂ ਨੂੰ ਪੂਰਾ ਕਰਦੀਆਂ ਹੋਣ। ਉਨ੍ਹਾਂ ਕਿਹਾ ਕਿ ਨਿਯਮਾਂ ਨੂੰ ਪੂਰਾ ਕਰਨ ਸਬੰਧੀ ਸਕੂਲਾਂ ਨੂੰ ਸਮੇਂ ਸਮੇਂ ਤੇ ਨਿਰਦੇਸ਼ ਵੀ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਕੂਲੀ ਬੱਸਾਂ ਦੀ ਅਚਨਚੇਤ ਚੈਕਿੰਗ ਵਿੱਚ ਆਮ ਤੌਰ ਤੇ ਇਹ ਸਾਹਮਣੇ ਆਉਂਦਾ ਹੈ ਕਿ ਸਕੂਲ ਪ੍ਰਬੰਧਕ ਆਪਣੀਆਂ ਬੱਸਾਂ ਨੂੰ ਸੇਫ਼ ਸਕੂਲ ਵਾਹਨ ਪਾਲਿਸੀ ਅਧੀਨ ਨਿਯਮਾਂ ਅਨੁਸਾਰ ਨਹੀਂ ਚਲਾ ਰਹੇ ਤਾਂ ਉਨ੍ਹਾਂ ਬੱਸਾਂ ਦੇ ਚਲਾਨ ਕੀਤੇ ਜਾਂਦੇ ਹਨ। ਬੱਸਾਂ ਦੀ ਹਾਲਤ ਨੂੰ ਦੇਖਦੇ ਹੋਏ ਬੱਸਾਂ ਨੂੰ ਜ਼ਬਤ ਵੀ ਕੀਤਾ ਜਾਂਦਾ ਹੈ।

ਇਸ ਸਬੰਧੀ ਸਕੂਲੀ ਵਾਹਨ ਚਾਲਕ ਅਤੇ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 1 ਜੁਲਾਈ 2025 ਤੋਂ ਪਹਿਲਾਂ ਆਪਣੇ ਸਕੂਲੀ ਨਿੱਜੀ ਵਾਹਨ ਅਤੇ ਹੋਰ ਵਾਹਨ ਜਿਨ੍ਹਾਂ ਵਿੱਚ ਬੱਚੇ ਸਫ਼ਰ ਕਰ ਰਹੇ ਹਨ ਵਿੱਚ ਸੇਫ਼ ਸਕੂਲ ਪਾਲਿਸੀ ਦੀਆਂ ਹਦਾਇਤਾਂ ਅਨੁਸਾਰ ਕਮੀਆਂ ਨੂੰ ਮੁਕੰਮਲ ਕਰ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਗਾਈਡ ਲਾਈਨਜ਼ ਅਨੁਸਾਰ ਬੱਸ ਦਾ ਰਜਿਸਟਰੇਸ਼ਨ ਨੰਬਰ, ਫਿਟਨੈੱਸ ਸਰਟੀਫਿਕੇਟ, ਬੱਸ 15 ਸਾਲ ਤੋਂ ਵੱਧ ਪੁਰਾਣੀ ਨਾ ਹੋਵੇ, ਬੀਮਾ, ਪ੍ਰਦੂਸ਼ਣ ਸਰਟੀਫਿਕੇਟ, ਫ਼ਸਟ ਏਡ ਬਾਕਸ, ਅੱਗ ਬੁਝਾਊ ਯੰਤਰ, ਡਰਾਈਵਰ ਦਾ ਨਾਮ, ਡਰਾਈਵਰ ਦਾ ਤਜਰਬਾ (5 ਸਾਲ), ਡਰਾਈਵਰ ਦਾ ਮੈਡੀਕਲ ਫਿਟਨੈੱਸ, ਡਰਾਈਵਰ ਦਾ ਲਾਇਸੈਂਸ, ਅਟੈਂਡੈਂਟ ਹੋਣਾ, ਸੀ.ਸੀ.ਟੀ.ਵੀ., ?ਖਿੜਕੀਆਂ ਤੇ ਗਰੀਲ, ਡੋਰ ਲਾਕ, ਸਪੀਡ ਲੀਮਟ, ਨੇਮ ਪਲੇਟ ਡਰਾਈਵਰ ਤੇ ਅਟੈਂਡੈਂਟ, ਬੈਗ ਰੱਖਣ ਦੀ ਥਾਂ, ਸਕੂਲ ਦੇ ਨਾਮ ਦਾ ਬੋਰਡ ਅਤੇ ਰੂਟ ਤੇ ਸਮਾਂ ਲਿਖਣਾ ਜ਼ਰੂਰੀ ਹੈ।

# ਦੋ ਦੋਸ਼ੀ ਗ੍ਰਿਫਤਾਰ, 08 ਮੋਟਰਸਾਈਕਲ ਬਰਾਮਦ




**ਮਲੇਰਕੋਟਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਪਤਾਨ ਪੁਲਿਸ ਇਨਵੈਸਟੀਗੇਸ਼ਨ ਮਲੇਰਕੋਟਲਾ ਸੱਤਪਾਲ ਸ਼ਰਮਾ ਵਲੋਂ ਜਾਣਕਾਰੀ ਦਿੰਦਿਆ ਦੱਸਿਆ ਕਿ ਸੀਨੀਅਰ ਕਪਤਾਨ ਪੁਲਿਸ, ਮਲੇਰਕੋਟਲਾ ਗਗਨ ਅਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਮਲੇਰਕੋਟਲਾ ਅੰਦਰ ਹੋ ਰਹੀਆਂ ਚੋਰੀ/ਲੁੱਟ ਖੋਹ ਦੀਆਂ ਵਾਰਦਾਤਾਂ ਥੱਲ ਪਾਉਣ ਲਈ ਮਾੜੇ ਅਨਸਰਾਂ ਖ਼ ?ਲਾਫ਼ ਆਰੰਭੀ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਪ੍ਰਾਪਤ ਹੋਈ ਜਦੋਂ ਉਪ ਕਪਤਾਨ ਪੁਲਿਸ ਇਨਵੈਸਟੀਗੇਸ਼ਨ, ਸਤੀਸ਼ ਕੁਮਾਰ ਅਤੇ ਇਨਸਪੈਕਟਰ ਹਰਸਮਿਰਨਜੀਤ ਸਿੰਘ ਇੰਚਾਰਜ ਸੀ.ਆਈ.ਏ ਮਾਹੌਰਾਂ ਵਾਲੀ ਨਿਗਰਾਨੀ ਹੇਠ ਸ: ਹਰਜੀਤ ਸਿੰਘ 496/ਸੰਗਰੂਰ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਪ੍ਰਾਪਤ ਹੋਈ ਜਦੋਂ ਸ: ਹਰਜੀਤ ਸਿੰਘ 496/ਸੰਗਰੂਰ ਵਲੋਂ ਮੁਕੱਦਮਾ ਨੰਬਰ 152 ਦਰਜ 22/06/2025 ਨੂੰ ਧਾਰਾ CC(B) BNS ਅਤੇ B WB/OENBK ਦਰਜ ਕਰਕੇ ਅਮਾਂਗੜ ਫਾਟਕ ਮਲੇਰਕੋਟਲਾ ਵਿਖੇ ਨਾਕਾਬੰਦੀ ਕਰਕੇ ਹੈਪੀ ਸਿੰਘ ਉਰਫ ਗੁੱਡੀ ਪੁੱਤਰ ਮਹਿੰਦਰ ਸਿੰਘ ਵਾਸੀ ਰਾਮ ਨਗਰ ਬਸਤੀ ਸੰਗਰੂਰ ਅਤੇ ਮੁਹੰਮਦ ਸਾਹਿਦ ਉਰਫ ਸਾਹਿਲ ਪੁੱਤਰ ਮੁਹੰਮਦ ਅਸਰਫ਼ ਵਾਸੀ ਮੁਹੱਲਾ ਚਮੜੀ ਵਾਲਾ ਖੂਹ ਸਰੋਦ ਰੋਡ ਮਲੇਰਕੋਟਲਾ ਚੋਰੀ ਦੇ 2 ਮੋਟਰਸਾਈਕਲਾਂ ਬਿਨਾਂ ਨੰਬਰੀ ਮਾਰਕਾ ਸਪਲੈਂਡਰ ਸਮੇਤ ਹਿਸਾਬ ਜਵਾਬਤ ਗ੍ਰਿਫਤਾਰ ਕੀਤਾ ਗਿਆ ਅਤੇ ਜੁਰਮ CAG(B) BNS ਦਾ ਵਾਧਾ ਕੀਤਾ ਗਿਆ, ਜਿਸ ਤੋਂ ਬਾਅਦ ਦੋਸ਼ੀਆਂ ਉਕਤਾਂ ਨੂੰ ਮਾਨਯੋਗ ਅਦਾਲਤ ਵਿਖੇ ਪੇਸ਼ ਕਰਕੇ ਇਕ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਅਤੇ ਦੋਸ਼ੀਆਂ ਦੀ ਪੁੱਛਗਿੱਛ ਕਰਨ ਤੋਂ ਬਾਅਦ ਉਨ੍ਹਾਂ ਪਾਸੋਂ 06 ਚੋਰੀ ਸ਼ੁਦਾ ਮੋਟਰਸਾਈਕਲ ਹੋਰ ਬਰਾਮਦ ਕੀਤੇ ਗਏ। ਜੋ ਦੋਸ਼ੀਆਂ ਉਕਤਾਂ ਵਲੋਂ ਮਲੇਰਕੋਟਲਾ ਸ਼ਹਿਰ ਅਤੇ ਇਸ ਦੇ ਆਸ-ਪਾਸ ਦੇ ਇਲਾਕੇ ਵਿੱਚੋਂ ਚੋਰੀ ਕੀਤੇ ਗਏ ਸਨ। ਦੋਸ਼ੀਆਂ ਪਾਸੋਂ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਪੁੱਛਗਿੱਛ ਤੋਂ ਹੋਰ ਚੋਰੀਆਂ ਸੰਬੰਧੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਚੰਗੀ ਸਿਹਤ ਲਈ ਟੀਕਾਕਰਨ ਜ਼ਰੂਰੀ

**ਮਲੇਰਕੋਟਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਨੂੰ ਚੰਗੀ ਸਿਹਤ ਪ੍ਰਦਾਨ ਕਰਨ ਅਤੇ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਹਰ ਹਫ਼ਤੇ ਰੁਟੀਨ ਅਤੇ ਸਪੈਸ਼ਲ ਟੀਕਾਕਰਨ ਕੈਂਪ ਲਗਾਏ ਜਾਂਦੇ ਹਨ ।



ਇਹ ਜਾਣਕਾਰੀ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦਿੱਤੀ । ਉਨ੍ਹਾਂ ਕਿਹਾ ਕਿ ਬੱਚਿਆਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਸਿਹਤ ਵਿਭਾਗ ਵਲੋਂ ਰੁਟੀਨ ਹਰ ਬੁੱਧਵਾਰ ਅਤੇ ਹਰ ਸ਼ਨੀਵਾਰ ਸ਼ਹਿਰੀ ਖੇਤਰ ਵਿੱਚ ਸਪੈਸ਼ਲ ਆਊਟ ਰੀਚ ਟੀਕਾਕਰਨ ਕੈਂਪ ਲਗਾਏ ਜਾਂਦੇ ਹਨ ਤਾਂ ਜੋ ਬੱਚੇ ਜਾਂ ਗਰਭਵਤੀ ਔਰਤਾਂ ਕਿਸੇ ਕਾਰਨ ਕਰਕੇ ਟੀਕਾਕਾਰਨ ਤੋਂ ਵਾਂਝੇ ਰਹਿ ਗਏ ਹਨ ਉਹਨਾਂ ਦਾ ਸਪੈਸ਼ਲ ਕੈਂਪ ਵਿੱਚ ਟੀਕਾਕਾਰਨ ਕੀਤਾ ਜਾਵੇਗਾ ।

ਉਨ੍ਹਾਂ ਕਿਹਾ ਕਿ ਟੀਕਾਕਰਨ ਨਾਲ ਹੀ ਬਿਮਾਰੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।ਸਪੈਸ਼ਲ ਟੀਕਾਕਰਨ ਕੈਂਪ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪੂਰੇ ਜ਼ਿਲ੍ਹੇ ਦੇ ਵੱਖ ਵੱਖ ਖੇਤਰਾਂ, ਵਿਸ਼ੇਸ਼ ਤੌਰ ਤੇ ਸਲੱਮ ਏਰੀਆ, ਝੁੱਗੀਆਂ—ਝੋਪੜੀਆਂ, ਭੱਠੇ ਆਦਿ ਹਾਈ ਰਿਸਕ ਏਰੀਆ ਕਵਰ ਕੀਤੇ ਜਾਂਦੇ ਹਨ। ਜਿਸਦਾ ਉਦੇਸ਼ ਜਨਮ ਤੋਂ 16 ਸਾਲ ਦੀ ਉਮਰ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕਰਨਾ ਹੈ ਤਾਂ ਜੋ ਕੋਈ ਵੀ ਲਾਭਪਾਤਰੀ ਟੀਕਾਕਰਨ ਤੋਂ ਵਾਂਝਾ ਨਾ ਰਹੇ।

ਇਸ ਮੌਕੇ ਜ਼ਿਲਾ ਟੀਕਾਕਰਨ ਅਫ਼ਸਰ ਡਾ. ਰੰਜੀਵ ਬੈਂਸ ਨੇ ਦੱਸਿਆ ਕਿ ਇਹਨਾਂ ਕੈਂਪਾਂ ਗਰਭਵਤੀ ਮਹਿਲਾਵਾਂ ਅਤੇ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਗਰਭਵਤੀ ਮਹਿਲਾਵਾਂ ਤੇ ਬੱਚੇ ਦੇ ਜਨਮ ਤੋਂ ਲੈ ਕੇ 16 ਸਾਲ ਦੀ ਉਮਰ ਤੱਕ ਦੇ ਬੱਚਿਆਂ ਦਾ ਟੀਕਾਕਰਨ ਮੁਫਤ ਕੀਤਾ ਜਾਂਦਾ ਹੈ। ਇਹ ਬੱਚਿਆਂ ਨੂੰ ਕਈ ਮਾਰੂ ਰੋਗ ਜਿਵੇਂ ਟੀ.ਬੀ., ਕਾਲਾ ਪੀਲੀਆ, ਦਿਮਾਗੀ ਬੁਖ਼ਾਰ, ਗਲਘੋਟੂ, ਕਾਲੀ ਖੰਘ, ਨਿਮੋਨੀਆ, ਦਸਤ ਰੋਗ, ਖਸਰਾ—ਰੁਬੇਲਾ ਅਤੇ ਟੈਟਨਸ ਤੋਂ ਬਚਾਉਂਦਾ ਹੈ।

ਜ਼ਿਲ੍ਹਾ ਟੀਕਾਕਰਨ ਅਫ਼ਸਰ ਨੇ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਦਾ ਟੀਕਾਕਰਨ ਸਹੀ ਸਮੇਂ ਤੇ ਦੱਸੀਆਂ ਤਰੀਕਾਂ ਮੁਤਾਬਕ ਜਰੂਰ ਕਰਵਾਓ ਤਾਂ ਜੋ ਬੱਚਿਆਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਅਤੇ ਤੰਦਰੁਸਤ ਸਮਾਜ ਦੀ ਸਿਰਜਣਾ ਹੋ ਸਕੇ। ਇਸ ਸਮੇਂ ਮਾਸ ਮੀਡੀਆ ਅਫ਼ਸਰ ਰਣਬੀਰ ਸਿੰਘ ਢੰਡੇ ਤੇ ਟੀਕਾਕਰਨ ਸਹਾਇਕ ਅਕਮਲ ਅਨਸ਼ਾਰੀ ਵੀ ਹਾਜ਼ਰ ਸਨ।

# ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਰੁਜ਼ਗਾਰ ਮੇਲਾ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਬਹੁਤਕਨੀਕੀ ਕਾਲਜ ਪਟਿਆਲਾ ਵਿਖੇ ਤਕਨੀਕੀ ਸਿੱਖਿਆ ਵਿਭਾਗ ਅਤੇ ਪੰਜਾਬ ਵਿਕਾਸ ਕਮਿਸ਼ਨ ਦੇ ਸਾਂਝੇ ਉਦਮ ਨਾਲ ਰੁਜ਼ਗਾਰ ਮੇਲਾ ਲਗਾ ?ਇਆ ਗਿਆ। ਇਸ ਮੇਲੇ ਦਾ ਉਦਘਾਟਨ ਕਰਦਿਆਂ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਡਾਇਰੈਕਟਰ ਮੋਨੀਸ਼ ਕੁਮਾਰ ਨੇ ਵਿਦਿਆਰਥੀਆਂ ਦੀ ਚੋਣ ਕਰਨ ਆਈਆਂ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਸੁਝਾਅ ਦਿੱਤਾ ਕਿ ਉਹ ਆਪਣੇ ਕੰਮ ਦੀਆਂ ਲੋੜਾਂ, ਨੌਕਰੀਆਂ ਦੀ ਪਦਵੀਆਂ ਅਤੇ ਪੇਅ-ਪੈਕੇਜ ਸਬੰਧੀ ਜਾਣਕਾਰੀ ਇੱਕ ਵਿਸ਼ੇਸ਼ ਮਾਡਿਊਲ ਦੇ ਰੂਪ ਵਿੱਚ ਤਿਆਰ ਕਰਕੇ ਕਾਲਜਾਂ ਨਾਲ ਨਿਯਮਤ ਰੂਪ ਵਿੱਚ ਸਾਂਝੀ ਕਰਿਆ ਕਰਨ ।ਉਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲਾਂ ਨੂੰ ਕਿਹਾ ਕਿ ਉਹ ਇਹ ਮਾਡਿਊਲ ਤੀਜੇ ਸਮੈਸਟਰ ਦੀ ਸ਼ੁਰੂਆਤ ਵਿੱਚ ਹੀ ਵਿਦਿਆਰਥੀਆਂ ਨਾਲ ਸਾਂਝਾ ਕਰਨ ਤਾਂ ਜੋ ਵਿਦਿਆਰਥੀ ਕੰਪਨੀਆਂ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ।



ਇਸ ਮੇਲੇ ਵਿੱਚ ਪੰਜਾਬ ਦੇ ਵੱਖ-ਵੱਖ ਖੇਤਰਾਂ ਅਤੇ ਕਾਲਜਾਂ ਤੋਂ ਆਏ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਨੌਕਰੀਆਂ ਲਈ ਇੰਟਰਵਿਊ ਦਿੱਤੇ। ਮੇਲੇ ਵਿੱਚ ਪਹੁੰਚੇ ਤਕਨੀਕੀ ਸਿੱਖਿਆ ਵਿਭਾਗ ਦੇ ਵਧੀਕ ਡਾਇਰੈਕਟਰ, ਸ੍ਰੀ ਰਵਿੰਦਰ ਸਿੰਘ ਹੁੰਦਲ, ਨੇ ਦੱਸਿਆ ਕਿ ਇਸ ਰੁਜ਼ਗਾਰ ਮੇਲੇ ਵਿੱਚ 12 ਪ੍ਰਮੁੱਖ ਉਦਯੋਗਿਕ ਕੰਪਨੀਆਂ ਸ਼ਾਮਿਲ ਹੋਈਆਂ ਜਿਨ੍ਹਾਂ ਨੇ ਵੱਖ-ਵੱਖ ਤਕਨੀਕੀ ਅਤੇ ਗੈਰ-ਤਕਨੀਕੀ ਖੇਤਰਾਂ ਲਈ ਕੁੱਲ 150 ਤੋਂ ਵੱਧ ਅਸਾਮੀਆਂ ਲਈ ਇੰਟਰਵਿਊ ਕੀਤੇ ਜਿਸ ਵਿੱਚ ਤਕਰੀਬਨ 250 ਵਿਦਿਆਰਥੀਆਂ ਨੇ ਭਾਗ ਲਿਆ।

ਭਾਗ ਲੈਣ ਵਾਲੀਆਂ ਕੰਪਨੀਆਂ ਵਿੱਚ ਸੈਟਮ ਇਲੈਕਟ ?ਰਾਨਿਕਸ ਬੰਗਲੋਰ, ਆਈ.ਓ.ਐਲ., ਕੈਮੀਕਲ ਅਤੇ ਫਾਰਮਸਿਊਟੀਕਲਜ਼, ਸੂਬਰੋਜ਼, ਸਵਰਾਜ ਮਹਿੰਦਰਾ,ਸਵਰਾਜ ਇੰਜਨ ਅਤੇ ਮੈਟਰੋ ਟਾਇਰਜ਼ ਲਿਮਿਟਿਡ ਸ਼ਾਮਿਲ ਸਨ ।ਇਸ ਮੌਕੇ ਰੁਜਗਾਰ ਦਫ਼ਤਰ ਪਟਿਆਲਾ ਤੋਂ ਡਿਪਟੀ ਸੀ.ਈ.ਓ ਸਤਿੰਦਰ ਸਿੰਘ, ਪਟਿਆਲਾ ਦੀ ਲੋਕਲ ਇੰਡਸਟਰੀਜ਼ ਦੇ ਨੁਮਾਇੰਦੇ ਸਰਵ ਦਮਨ ਭਾਰਤ ਅਤੇ ਵੱਖ ਵੱਖ ਕਾਲਜਾਂ ਤੋਂ ਆਏ ਪ੍ਰਿੰਸੀਪਲ ਸ਼ਾਮਿਲ ਹੋਏ।

# ਮੁਫਤ ਕਾਨੂੰਨੀ ਸਹਾਇਤਾ ਸਬੰਧੀ ਵੱਖ-ਵੱਖ ਪਿੰਡਾਂ ਵਿੱਚ ਲਗਾਇਆ ਸੈਮੀਨਾਰ




**ਅੰਮ੍ਰਿਤਸਰ 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸ਼ ?ਰੀ ਕੰਵਲਜੀਤ ਸਿੰਘ ਬਾਜਵਾ ਅਤੇ ਸ਼੍ਰੀਮਤੀ ਸ਼ਿਲਪਾ ਚੀਫ ਜੁਡੀਸ਼ੀਅਲ ਮਜਿਸਟਰੇਟ ਕੰਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਅਤੇ ਪੀਐਲਵੀ ਅਮਿਤ ਮਰਵਾਹਾ ਵੱਲੋਂ ਫਰੀ ਲੀਗਲ ਏਡ, ਮੀਡੀਏਸ਼ਨ ਸੈਂਟਰ, ਵਿਕਟਮ ਕੰਮਪਨਸੇਸ਼ਨ, ਪਰਮਾਨੈਂਟ ਲੋਕ ਅਦਾਲਤ, ਨਾਲਸਾ ਦੀਆਂ ਸਕੀਮਾਂ ਅਤੇ ਨੈਸ਼ਨਲ ਲੋਕ ਅਦਾਲਤ ਸੰਬੰਧੀ ਪਿੰਡ ਪੁਨੀਆ, ਮਾਨ ਅਤੇ ਘਰਿਆਲਾ ਵਿਖੇ ਸੈਮੀਨਾਰ ਲਗਾਇਆ ਗਿਆ।

ਇਸ ਸੈਮੀਨਾਰ ਵਿੱਚ ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਪੰਜਾਬ ਦੇ ਅਪਰਾਧ ਪੀੜਤਾਂ ਅਤੇ ਉਹਨਾਂ ਤੇ ਨਿਰਭਰਾਂ ਲਈ ਮੁਆਵਜ਼ਾ ਸਕੀਮ, 2011 ਇਸ ਸਕੀਮ ਦੇ ਤਹਿਤ ਅਪਰਾਧ ਪੀੜਤ ਮੁਆਵਜ਼ਾ ਕਮੇਟੀ ਦਾ ਜਿਲ੍ਹਾ ਅਤੇ ਰਾਜ ਪੱਧਰ ਤੇ ਗਠਨ ਕੀਤਾ ਗਿਆ ਹੈ।

ਐਡਵੋਕੇਟ ਸ਼ਰਨਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਮੁਆਵਜ਼ੇ ਦੇ ਹੱਕਦਾਰ ਕੌਣ ਹੁੰਦੇ ਹਨ ਜਿਵੇਂ ਕਿ ਜੇਕਰ ਅਪਰਾਧ ਪੀੜਤ ਜਾਂ ਉਸ ਤੇ ਨਿਰਭਰ ਵਿਅਕਤੀ ਹੇਠ ਮਾਪਦੰਡ ਪੂਰੇ ਕਰਦੇ ਹਨ, ਉਹ ਮੁਆਵਜ਼ੇ ਦੇ ਹੱਕਦਾਰ ਹਨ।

ਵਕੀਲ ਸਾਹਿਬ ਜੀ ਨੇ ਦੱਸਿਆ ਕਿ ਕਿਹੜੇ ਕਿਹੜੇ ਅਪਰਾਧਾਂ ਵਿੱਚ ਮੁਆਵਜ਼ਾ ਮਿਲ ਸਕਦਾ ਹੈ ਜਿਵੇ ਕਿ ਮੌਤ, ਬਲਾਤਕਾਰ, ਬਲਾਤਕਾਰ ਦੇ ਨਾਲ ਕਤਲ, ਮਨੁੱਖੀ ਤਸਕਰੀ ਦੇ ਪੀੜਤ, ਬੱਚਿਆਂ ਦੇ ਸ਼ੋਸ਼ਣ ਅਤੇ ਅਗਵਾ, ਬੱਚੇ ਨੂੰ ਸਧਾਰਨ ਨੁਕਸਾਨ ਜਾਂ ਚੋਟ, ਔਰਤਾਂ ਅਤੇ ਬੱਚਿਆਂ ਦੇ ਮੁੜ ਵਸੇਬੇ ਲਈ, ਤੇਜਾਬ ਹਮਲੇ ਦੀ ਪੀੜਤ (1. ਚਿਹਰੇ ਦਾ ਰੂਪ ਵਿਗੜਨ 2. ਚੋਟ ਦੇ ਹੋਰ ਮਾਮਲੇ), ਸਰੀਰ ਦੇ ਕਿਸੇ ਹਿੱਸੇ/ਲਿੰਗ ਦੇ ਨੁਕਸਾਨ ਵਜੇ 40% ਜਾਂ ਉਸ ਤੋਂ ਉੱਪਰ ਦੀ ਅਪੰਗਤਾ ਆਦਿ।

ਜਿਆਦਾ ਜਾਣਕਾਰੀ ਲਈ ਟੋਲ ਫ ?ਰੀ ਨੰਬਰ 1968 ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਦੇ ਨੰਬਰ 01852-223291 ਤੋਂ ਜਾਣਕਾਰੀ ਲਈ ਜਾ ਸਕਦੀ ਹੈ।

# ਜੁਲਾਈ ਮਹੀਨੇ ਸ਼ਹਿਰ ਦੀ ਹੋਵੇਗੀ ਕਾਇਆ ਕਲਪ , ਬਣੇਗਾ ਖ਼ੂਬਸੂਰਤ ਸ਼ਹਿਰ : ਪ੍ਰਧਾਨ ਕੁੰਦਰਾ

**ਮਾਛੀਵਾੜਾ ਸਾਹਿਬ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਫ਼ਾਈ ਅਪਣਾਉ ਬਿਮਾਰੀ ਭਜਾਉ ਮੁਹਿੰਮ ਨੂੰ ਮੁੱਖ ਰੱਖਦੇ ਹੋਏ ਸਥਾਨਕ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਸ੍ਰੀ ਮੋਹਿਤ ਕੁੰਦਰਾ ਜੀ ਅਤੇ ਕਾਰਜ ਸਾਧਕ ਅਫ਼ਸਰ ਸ੍ਰੀ ਹਰਨਿੰਦਰ ਸਿੰਘ ਅਤੇ ਸੁਖਦੇਵ ਸਿੰਘ ਬਿੱਟੂ ਸੈਨੇਟਰੀ ਇੰਸਪੈਕਟਰ ਦੀ ਅਗਵਾਈ ਹੇਠ ਸੀ.ਐੱਫ.ਸੁਖਵਿੰਦਰ ਸਿੰਘ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ ਸਫ਼ਾਈ ਅਪਣਾਉ ਬਿਮਾਰੀ ਭਜਾਉ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।



ਇਸ ਸਬੰਧੀ ਮੋਹਿਤ ਕੁੰਦਰਾ ਪ੍ਰਧਾਨ ਨਗਰ ਕੌਂਸਲ ਮਾਛੀਵਾੜਾ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮੁਹਿੰਮ ਵਿੱਚ ਨਗਰ ਕੌਂਸਲ ਦੇ ਸਹਿਯੋਗ ਅਤੇ ਸ਼ਹਿਰ ਵਾਸੀਆਂ ਦੀ ਮੱਦਦ ਸਦਕਾ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਦੇਣਾ ਜਰੂਰੀ ਹੈ ਤਾਂ ਜੋ ਸ਼ਹਿਰ ? ਨੂੰ ਹੋਰ ਸੁੰਦਰ ਬਣਾਇਆ ਜਾ ਸਕੇ। ਉਨਾਂ ਦੱਸਿਆ ਕਿ ਇਹ ਮੁਹਿੰਮ 1 ਜੁਲਾਈ ਤੋਂ 31 ਜੁਲਾਈ ਤੱਕ ਇਹ ਮੁਹਿੰਮ ਜਾਰੀ ਰਹੇਗੀ। ਇਹ ਮੁਹਿੰਮ ਵਿੱਚ ਸ਼ਹਿਰ ਦੇ ਵੱਖ ਵੱਖ ਸਥਾਨਾਂ ਤੇ ਸਫ਼ਾਈ ਕਰਵਾਈ ਜਾਣੀ ਹੈ। ਉਹਨਾਂ ਕਿਹਾ ਕਿ ਸ਼ਹਿਰ ਦੇ ਵਿੱਚ ਸਫਾਈ ਕਰਵਾਈ ਜਾਣ ਵਾਲੀਆਂ ਥਾਵਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ ਤਾਂ ਜੋ ਇਸ ਪੂਰੇ ਮਹੀਨੇ ਦੌਰਾਨ ਇਹਨਾਂ ਸਫਾਈ ਕਰਵਾਉਣ ਯੋਗ ਥਾਵਾਂ ਉੱਤੇ ਸਫਾਈ ਕੀਤੀ ਜਾ ਸਕੇ । ਉਹਨਾਂ ਸ਼ਹਿਰ ਵਾਸੀਆਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਸੁਹਿਰਦ ਨਾਗਰਿਕ ਦਾ ਸਬੂਤ ਦਿੰਦੇ ਹੋਏ ਨਗਰ ਕੌਂਸਲ ਦਾ ਸਾਥ ਦੇਣ ਅਤੇ ਸ਼ਹਿਰ ਨੂੰ ਸੋਹਣਾ ਤੇ ਸੁੰਦਰ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਜਰੂਰ ਪਾਉਣ।

# ਪੰਜਾਬ ਦੀ ਸਿਆਸਤ 'ਚ ਹਲਚਲ ! ਪਰਗਟ ਸਿੰਘ ਤੇ ਕਿੱਕੀ ਢਿੱਲੋਂ ਨੇ ਦਿੱਤਾ ਅਸਤੀ.ਫਾ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੇ ਨਤੀਜੇ ਮਗਰੋਂ ਪੰਜਾਬ ਦੀ ਸਿਆਸਤ ਹੋਰ ਵੀ ਜ਼ਿਆਦਾ ਭੱਖ ਗਈ ਹੈ। ਹਾਰ ਮਗਰੋਂ ਪੰਜਾਬ ਕਾਂਗਰਸ ਦੇ ਵਿਚ ਅਸਤੀਫ਼ ?ਆਂ ਦਾ ਦੌਰ ਸ਼ੁਰੂ ਹੋ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਾਰਟੀ ਦੇ ਸੀਨੀਅਰ ਲੀਡਰਾਂ ਪਰਗਟ ਸਿੰਘ ਅਤੇ ਕਿੱਕੀ ਢਿੱਲੋਂ ਵੱਲੋਂ ਮੀਤ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੇ ਵੀ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਜਾਣਕਾਰੀ ਮੁਤਾਬਕ ਜਲੰਧਰ ਕੈਂਟ ਤੋਂ ਵਿਧਾਇਕ ਪਰਗਟ ਸਿੰਘ ਅਤੇ ਫ਼ਰੀਦਕੋਟ ਤੋਂ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੇ ਆਲ-ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਅਤੇ ਪੰਜਾਬ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਆਪਣੇ ਅਸਤੀਫ਼ੇ ਭੇਜ ਦਿੱਤੇ ਹਨ। ਫ਼ ?ਲਹਾਲ ਇਸ ਬਾਰੇ ਕਿਸੇ ਵੀ ਕਾਂਗਰਸੀ ਲੀਡਰ ਨੇ ਕੋਈ ਬਿਆਨ ਨਹੀਂ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਕਿੱਕੀ ਢਿੱਲੋਂ ਇਸ ਵੇਲੇ ਆਸਟ ?ਰੇਲੀਆ ਵਿਚ ਹਨ ਤੇ ਉਨ੍ਹਾਂ ਨੇ ਈ-ਮੇਲ ਰਾਹੀਂ ਆਪਣਾ ਅਸਤੀਫ਼ਾ ਭੇਜਿਆ ਹੈ।

# ਪੰਜਾਬ ਵਿੱਚ ਮੁੜ ਐਮ ਐਲ ਸੀ ਬਹਾਲ ਕਰਨ ਲਈ ਕਰਨ ਲਈ ਇੱਕ ਮੋਰਚਾ ਖੋਲਣ ਦੀ ਅਪੀਲ : ਸੋਨੂੰ ਜਾਫਰ

**ਅੰਮ੍ਰਿਤਸਰ 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੋਨੂੰ ਜਾਫਰ ਜੀ ਵਲੋ ਅਪੀਲ ਕਰਦੇ ਹੋਏ ਪੰਜਾਬ ਦੇ ਘੱਟ ਗਿਣਤੀ ਭਾਈਚਾਰੇ ਨੂੰ ਕਿਹਾ ਕਿ ਆਪ ਸਭ ਨੂੰ ਸੂਚਿਤ ਕਰਨਾ ਚਹਾਉਦਾ ਹਾਂ। ਸਾਡੇ ਪੰਜਾਬ ਵਿੱਚ ਜਿੰਨੇ ਵੀ ਘੱਟ ਗਿਣਤੀਆ ਭਾਈਚਾਰੇ ਹਨ। ਜਿੰਨਾ ਵਿੱਚ ਈਸਾਈ, ਮੁਸਲਮਾਨ, ਬੋਧੀ, ਜੈਨੀ,ਪਾਰਸੀ ਅਤੇ ਹੋਰ ਘੱਟ ਗਿਣਤੀਆ ਭਾਈਚਾਰੇ ਮੈ ਇੱਕ ਘੱਟ ਗਿਣਤੀਆ ਦੇ ਹੱਕ ਪੰਜਾਬ ਵਿੱਚ ਮੁੜ ਐਮ ਐਲ ਸੀ ਬਹਾਲ ਕਰਨ ਲਈ ਕਰਨ ਲਈ ਇੱਕ ਮੋਰਚਾ ਖੋਲਣ ਜਾਂ ਰਿਹਾ ਹਾਂ।

ਪੰਜਾਬ ਦੇ ਵਿੱਚ ਘੱਟ ਗਿਣਤੀਆ ਜਿੰਨੇ ਵੀ ਭਾਈਚਾਰੇ ਹਨ ਮੇਰੇ ਨਾਲ ਸੰਪਰਕ ਕਰ ਸਕਦੇ ਹਨ ਮੈ ਆਪਣਾ ਪਹਿਲਾ ਮੰਗ ਪੱਤਰ 10 ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਦੇ ਡੀ ਸੀ ਨੂੰ ਦੇਵਾਂਗਾ ਜੋ ਲੋਕ ਚਹਾਉਦੇ ਹਨ ਕੀ ਪੰਜਾਬ ਵਿੱਚ ਮੁੜ ਐਮ ਐਲ ਸੀ ਬਹਾਲ ਹੋਵੇ ਉਹ ਮੇਰੇ ਨਾਲ ਜੁੜ ਸਕਦੇ ਹਨ। ਮੈ ਹਰ ਪੰਜਾਬ ਵਿੱਚ ਹਰ ਘੱਟ ਗਿਣਤੀਆ ਨੂੰ ਬੇਨਤੀ ਕਰਾਂਗਾ।

# ਅਤਿਵਾਦੀਆਂ ਲਈ ਵਿੱਤੀ ਫੰਡਿੰਗ ਦੇ ਰਾਹ ਬੰਦ ਕੀਤੇ ਜਾਣ: ਪੁਰੀ

**ਡਬਲਿਨ, 25 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਹਰਦੀਪ ਪੁਰੀ ਨੇ ਅੱਜ ਏਅਰ ਇੰਡੀਆ ਦੀ ਉਡਾਣ 182 ਕਨਿਸ਼ਕ ਬੰਬ ਧਮਾਕੇ ਦੀ 40ਵੀਂ ਬਰਸੀ ਮੌਕੇ ਇਸ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਇਸ ਮੌਕੇ ਅਤਿਵਾਦੀਆਂ ਤੇ ਵੱਖਵਾਦੀਆਂ ਲਈ ਵਿੱਤੀ ਫੰਡਿੰਗ ਦੇ ਰਾਹ ਬੰਦ ਕਰਨ ਅਤੇ ਆਲਮੀ ਖਤਰੇ ਨਾਲ ਇਕਜੁੱਟ ਹੋ ਕੇ ਨਜਿੱਠਣ ਦੀਆਂ ਕੋਸ਼ਿਸ਼ਾਂ ਦੁੱਗਣੀਆਂ ਕਰਨ ਦਾ ਸੱਦਾ ਦਿੱਤਾ। ਮੌਂਟਰੀਅਲ-ਨਵੀਂ ਦਿੱਲੀ ਆਧਾਰਿਤ ਏਅਰ ਇੰਡੀਆ ਦੀ 'ਕਨਿਸ਼ਕ' ਉਡਾਣ ਨੰਬਰ 182 'ਚ 23 ਜੂਨ ਨੂੰ ਲੰਡਨ ਦੇ ਹੀਥਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲਾਂ ਧਮਾਕਾ ਹੋ ਗਿਆ ਸੀ ਜਿਸ ਕਾਰਨ ਜਹਾਜ਼ 'ਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਇਨ੍ਹਾਂ 'ਚ ਜ਼ਿਆਦਾਤਰ ਭਾਰਤੀ ਮੂਲ ਦੇ ਕੈਨੇਡਿਆਈ ਵਿਅਕਤੀ ਸੀ। ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਪੁਰੀ ਨਾਲ ਆਇਰਲੈਂਡ ਦੇ ਪ੍ਰਧਾਨ ਮੰਤਰੀ ਤਾਓਸੀਚ ਮਾਈਕਲ ਮਾਰਟਿਨ ਅਤੇ ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦਸਾਂਗਰੀ ਨੇ ਆਇਰਲੈਂਡ ਦੀ ਰਾਜਧਾਨੀ ਡਬਲਿਨ ਤੋਂ ਤਕਰੀਬਨ 260 ਕਿਲੋਮੀਟਰ ਕਾਊਂਟੀ ਕਾਰਕ 'ਚ ਸਥਾਪਤ ਅਹਾਕਿਸਤਾ ਯਾਦਗਾਰ 'ਤੇ ਕਨਿਸ਼ਕ ਹਾਦਸੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਐਕਸ 'ਤੇ ਇੱਕ ਪੋਸਟ 'ਚ ਕਿਹਾ, 'ਭਾਰਤ ਦੀ ਜਨਤਾ ਤੇ ਸਰਕਾਰ ਵੱਲੋਂ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਦੀ ਅਗਵਾਈ ਹੇਠ ਸੱਤ ਮੈਂਬਰੀ ਵਫ਼ਦ ਨੇ ਆਇਰਲੈਂਡ ਦੇ ਕਾਊਂਟੀ ਕਾਰਕ 'ਚ ਅਹਾਕਿਸਤਾ ਯਾਦਗਾਰ 'ਤੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ।' ਪੁਰੀ ਨੇ ਆਪਣੇ ਭਾਸ਼ਣ 'ਚ 'ਅਹਾਕਿਸਤਾ ਦੇ ਸ਼ਾਨਦਾਰ ਭਾਈਚਾਰੇ ਤੇ ਆਇਰਲੈਂਡ ਦੇ ਲੋਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ 40 ਸਾਲ ਪਹਿਲਾਂ ਹੋਏ ਹਾਦਸੇ ਸਮੇਂ ਮਦਦ ਕੀਤੀ ਸੀ।

**ਕਨਿਸ਼ਕ ਹਾਦਸਾ ਅਤਿਵਾਦ ਦੇ ਸਭ ਤੋਂ ਬੁਰੇ ਕਾਰਿਆਂ 'ਚੋਂ ਇੱਕ: ਜੈਸ਼ੰਕਰ**

ਨਵੀਂ ਦਿੱਲੀ: ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਏਅਰ ਇੰਡੀਆ ਦੇ 182 'ਕਨਿਸ਼ਕ' ਜਹਾਜ਼ 'ਚ ਬੰਬ ਧਮਾਕੇ ਵਿੱਚ ਜਾਨ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅੱਜ ਕਿਹਾ ਕਿ ਇਹ 'ਅਤਿਵਾਦ ਦੇ ਸਭ ਤੋਂ ਬੁਰੇ ਕਾਰਿਆਂ 'ਚੋਂ ਇੱਕ' ਸੀ ਅਤੇ ਇਸ ਕਾਰਨ ਯਾਦ ਰੱਖਣਾ ਚਾਹੀਦਾ ਹੈ ਕਿ ਦੁਨੀਆ ਨੂੰ ਅਤਿਵਾਦ ਤੇ ਹਿੰਸਕ ਕੱਟੜਵਾਦ ਪ੍ਰਤੀ ਬਿਲਕੁਲ ਵੀ ਬਰਦਾਸ਼ਤ ਨਾ ਕਰਨ ਦੀ ਨੀਤੀ ਕਿਉਂ ਅਪਣਾਉਣੀ ਚਾਹੀਦੀ ਹੈ। ਜੈਸ਼ੰਕਰ ਨੇ ਐਕਸ 'ਤੇ ਪੋਸਟ ਕੀਤਾ, 'ਏਅਰ ਇੰਡੀਆ 182 'ਕਨਿਸ਼ਕ' ਬੰਬ ਧਮਾਕੇ ਦੀ 40ਵੀਂ ਬਰਸੀ 'ਤੇ ਅਸੀਂ ਅਤਿਵਾਦ ਦੇ ਸਭ ਤੋਂ ਭਿਆਨਕ ਕਾਰਿਆਂ 'ਚੋਂ ਇੱਕ ਵਿੱਚ ਜਾਨ ਗੁਆਉਣ ਵਾਲੇ 329 ਲੋਕਾਂ ਨੂੰ ਯਾਦ ਕਰਦੇ ਹਾਂ।'

# ਭਾਜਪਾ ਨੂੰ ਠੋਸ ਬਦਲ ਵਜੋਂ ਦੇਖ ਰਹੇ ਨੇ ਲੋਕ: ਜਾਖੜ

## ਪੰਜਾਬ ਭਾਜਪਾ ਪ੍ਰਧਾਨ ਨੇ ਲੁਧਿਆਣਾ ਵਾਸੀਆਂ ਵੱਲੋਂ ਦਿੱਤੇ .ਫਤਵੇ ਨੂੰ ਸਵੀਕਾਰ ਕੀਤਾ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਲੋਕਾਂ ਵੱਲੋਂ ਦਿੱਤੇ ਫਤਵੇ ਨੂੰ ਸਵੀਕਾਰ ਕੀਤਾ। ਉਨ੍ਹਾਂ ਨਾਲ ਹੀ ਭਾਜਪਾ ਵਰਕਰਾਂ ਵੱਲੋਂ ਮਜ਼ਬੂਤੀ ਨਾਲ ਚੋਣ ਲੜਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਲੁਧਿਆਣਾ ਜ਼ਿਮਨੀ ਚੋਣ ਵਿੱਚ ਭਾਜਪਾ ਨੇ ਪੂਰੀ ਇਕਜੁੱਟਤਾ ਨਾਲ ਚੋਣ ਲੜੀ ਅਤੇ ਪਾਰਟੀ ਨੂੰ ਮਿਲੀਆਂ ਵੋਟਾਂ ਸੰਕੇਤ ਹਨ ਕਿ ਪੰਜਾਬ ਦੇ ਲੋਕ 'ਆਪ' ਤੇ ਕਾਂਗਰਸ ਦੇ ਮੁਕਾਬਲੇ ਭਾਜਪਾ ਨੂੰ ਠੋਸ ਬਦਲ ਵਜੋਂ ਦੇਖ ਰਹੇ ਹਨ। ਸ੍ਰੀ ਜਾਖੜ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਤੋਂ ਸਪਸ਼ਟ ਹੈ ਕਿ ਵੱਡੀ ਗਿਣਤੀ ਵਿੱਚ ਲੋਕ ਭਾਜਪਾ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਜਪਾ ਹੁਣੇ ਤੋਂ ਪੂਰੀ ਯੋਜਨਾਬੰਦੀ ਅਤੇ ਜੋਸ਼ ਨਾਲ ਆਪਣਾ ਕੰਮ ਸ਼ੁਰੂ ਕਰੇਗੀ।



ਸ੍ਰੀ ਜਾਖੜ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਵੀ ਸ਼ੀਸ਼ਾ ਹਨ, ਜਿਸ ਨੇ ਆਪਣੀ ਸਾਰੀ ਚੋਣ ਮੁਹਿੰਮ ਸਰਕਾਰੀ ਮਸ਼ੀਨਰੀ ਦੇ ਦਮ 'ਤੇ ਲੜੀ ਪਰ ਫਿਰ ਵੀ ਮਾਮੂਲੀ ਫ਼ਰਕ ਨਾਲ ਹੀ ਜਿੱਤ ਦਰਜ ਕਰ ਸਕੀ।

ਉਨ੍ਹਾਂ ਕਿਹਾ ਕਿ 2027 ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਦਾਅਵੇਦਾਰੀ ਕਰਨ ਵਾਲੀ ਕਾਂਗਰਸ ਦੀ ਪਾਟੋ-ਧਾੜ ਨੇ ਇਸ ਪਾਰਟੀ ਦਾ ਭਵਿੱਖ ਪ੍ਰਗਟ ਕਰ ਦਿੱਤਾ ਹੈ ਅਤੇ ਜਾਪਦਾ ਹੈ ਕਿ ਸ਼ ?ਰੋਮਣੀ ਅਕਾਲੀ ਦਲ ਤਾਂ ਇਸ ਵੇਲੇ ਆਪਣੀ ਹੋਂਦ ਦੀ ਲੜਾਈ ਹੀ ਲੜ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਜ਼ਬੂਤ ਬਦਲ ਵਜੋਂ ਉਭਰੇਗੀ।

# ਪੰਜਾਬ ਪੁਲਿਸ ਅਤੇ ਯੂਆਈਡੀਏਆਈ ਨੇ ਪੁਲਿਸਿੰਗ ਵਿੱਚ ਆਧਾਰ ਦੀ ਸੁਰੱਖਿਅਤ ਵਰਤੋਂ ਬਾਰੇ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਲਈ ਵਰਕਸ਼ਾਪ ਕਰਵਾਈ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਧਾਰ ਨਿਯਮਾਂ ਦੀ ਬਿਹਤਰ ਸਮਝ ਅਤੇ ਪੁਲਿਸ ਸੇਵਾਵਾਂ ਨਾਲ ਇਸ ਦੇ ਕਾਨੂੰਨੀ ਏਕੀਕਰਨ ਲਈ, ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਨੇ ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ (ਯੂਆਈਡੀਏਆਈ) ਦੇ ਖੇਤਰੀ ਦਫ਼ਤਰ, ਚੰਡੀਗੜ੍ਹ ਦੇ ਸਹਿਯੋਗ ਨਾਲ ਪੁਲਿਸ ਅਧਿਕਾਰੀਆਂ ਨੂੰ ਪ੍ਰਸ਼ਾਸਨ ਅਤੇ ਕਾਨੂੰਨ ਲਾਗੂਕਰਨ ਵਿੱਚ ਆਧਾਰ ਦੀ ਸੁਰੱਖਿਅਤ ਵਰਤੋਂ ਬਾਰੇ ਜਾਣੂ ਕਰਵਾਉਣ ਲਈ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ।

ਇਸ ਸੈਸ਼ਨ ਦਾ ਸੰਚਾਲਨ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਗੁਰਪ੍ਰੀਤ ਕੌਰ ਦਿਓ ਅਤੇ ਸ੍ਰੀ ਰਾਮ ਸਿੰਘ ਏਡੀਜੀਪੀ ਟੀਐਸਐਸ ਦੀ ਮੌਜੂਦਗੀ ਵਿੱਚ ਡੀਡੀਜੀ ਚੰਡੀਗੜ੍ਹ ਕਮਾਂਡਰ ਧੀਰਜ ਸਰੀਂ ਦੀ ਅਗਵਾਈ ਹੇਠ ਯੂਆਈਡੀਏਆਈ ਖੇਤਰੀ ਦਫ਼ਤਰ ਦੀ ਟੀਮ ਵੱਲੋਂ ਕੀਤਾ ਗਿਆ ਜਿਸ ਵਿੱਚ ਪ੍ਰਸ਼ਾਸਨ ਅਤੇ ਕਾਨੂੰਨ ਲਾਗੂਕਰਨ ਵਿੱਚ ਆਧਾਰ ਦੀ ਸੁਰੱਖਿਅਤ ਵਰਤੋਂ ਨੂੰ ਯਕੀਨੀ ਬਣਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਸੈਸ਼ਨ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ 100 ਪੁਲਿਸ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ।

ਯੂਆਈਡੀਏਆਈ ਟੀਮ ਨੇ ਆਧਾਰ ਤਸਦੀਕ ਸਬੰਧੀ ਸਾਧਨਾਂ, ਜਿਹਨਾਂ ਵਿੱਚ ਐਮ-ਆਧਾਰ ਐਪ ਵੀ ਸ਼ਾਮਲ ਹੈ, ਬਾਰੇ ਵਿਹਾਰਕ ਸਿਖਲਾਈ ਪ੍ਰਦਾਨ ਕੀਤੀ ਅਤੇ ਪੁਲਿਸ ਜਾਂਚ ਦੌਰਾਨ ਦੁਰਵਰਤੋਂ ਨੂੰ ਰੋਕਣ ਲਈ ਕਾਨੂੰਨੀ ਸੀਮਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬੋਲਦਿਆਂ, ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਇਹ ਸੈਸ਼ਨ ਕਾਨੂੰਨੀ ਅਤੇ ਗੋਪਨੀਯਤਾ ਸਬੰਧੀ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਉਂਦਿਆਂ ਯੂਆਈਡੀਏਆਈ ਅਤੇ ਕਾਨੂੰਨ ਲਾਗੂਕਰਨ ਵਾਲੀਆਂ ਏਜੰਸੀਆਂ ਦਰਮਿਆਨ ਤਾਲਮੇਲ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਸਾਡੇ ਅਧਿਕਾਰੀ ਹੁਣ ਡੇਟਾ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਆਧਾਰ ਨਾਲ ਸਬੰਧਤ ਤਸਦੀਕ ਪ੍ਰਕਿਰਿਆਵਾਂ ਨਾਲ ਬਿਹਤਰ ਢੰਗ ਨਾਲ ਨਜਿੱਠ ਸਕਦੇ ਹਨ।

ਇਸ ਦੌਰਾਨ, ਯੂਆਈਡੀਏਆਈ ਟੀਮ ਨੇ ਪੁਲਿਸ ਅਧਿਕਾਰੀਆਂ ਵੱਲੋਂ ਐਮ-ਆਧਾਰ ਐਪ ਦੀ ਵਰਤੋਂ ਰਾਹੀਂ ਆਧਾਰ ਸਬੰਧੀ ਪ੍ਰਮਾਣਾਂ ਦੀ ਪੁਸ਼ਟੀ ਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਆਧਾਰ ਨਾਲ ਸਬੰਧਤ ਕਾਨੂੰਨੀ ਮੁੱਦਿਆਂ ਅਤੇ ਗੋਪਨੀਯਤਾ ਚਿੰਤਾਵਾਂ ਬਾਰੇ ਚਰਚਾ ਕੀਤੀ।

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕਪੱਖੀ ਨੀਤੀਆਂ ਕਾਰਨ ਆਮ ਆਦਮੀ ਪਾਰਟੀ ਨੂੰ ਮਿਲਿਆ ਮਿਸਾਲੀ ਫਤਵਾ

# ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਮਿਹਨਤ ਤੇ ਲਗਨ ਨਾਲ ਦੇਸ਼ ਦੀ ਰਾਜਨੀਤੀ ਵਿੱਚ ਵੱਡਾ ਬਦਲਾਓ ਆਵੇਗਾ : ਡਾ.ਸੰਜੀਵ ਗੌਤਮ



**ਸ੍ਰੀ ਅਨੰਦਪੁਰ ਸਾਹਿਬ 25 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਨਵ ਨਿਯੁਕਤ ਜਿਲ੍ਹਾ ਪ੍ਰਧਾਨ ਡਾ.ਸੰਜੀਵ ਗੌਤਮ ਅਤੇ ਜਿਲ੍ਹਾ ਸਕੱਤਰ ਰਾਮ ਕੁਮਾਰ ਮੁਕਾਰੀ ਨੂੰ ਚੇਅਰਮੈਨ ਜਿਲ੍ਹਾ ਯੋਜਨਾ ਕਮੇਟੀ ਹਰਮਿੰਦਰ ਸਿੰਘ ਢਾਹੇ ਨੇ ਸਿਰਾਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਦੋਵਾਂ ਆਗੂਆਂ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਇਕੱਠੇ ਹੋਏ ਬਲਾਕ ਪ੍ਰਧਾਨਾਂ ਨਾਲ ਪੰਜਾਬ ਅਤੇ ਗੁਜਰਾਤ ਦੀਆਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਲੇ ਫਤਵੇ ਤੇ ਲੱਡੂ ਵੰਡ ਕੇ ਖੁਸ਼ੀ ਸਾਝੀ ਕੀਤੀ। ਬਲਾਕ ਪ੍ਰਧਾਨਾਂ ਅਤੇ ਪਾਰਟੀ ਵਰਕਰਾਂ ਵਿੱਚ ਇਸ ਮੌਕੇ ਭਾਰੀ ਉਤਸ਼ਾਹ ਵੇਖਿਆ ਗਿਆ, ਜਿਨ੍ਹਾਂ ਨੇ ਇਸ ਜਿੱਤ ਦਾ ਸੇਹਰਾ ਪਾਰਟੀ ਦੇ ਰਾਸ਼ਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀਆਂ ਲੋਕਪੱਖੀ ਨੀਤੀਆਂ ਨੂੰ ਦਿੱਤਾ, ਜਿਨ੍ਹਾਂ ਨੇ ਲੋਕ ਭਲਾਈ ਦੀਆਂ ਨੀਤੀਆਂ ਬਣਾ ਕੇ ਆਮ ਲੋਕਾਂ ਦਾ ਦਿਲ ਜਿੱਤਿਆ ਹੈ। ਇਸ ਤੋ ਪਹਿਲਾ ਜਿਲ੍ਹਾਂ ਪ੍ਰਧਾਨ ਦੀ ਜਿੰਮੇਵਾਰੀ ਸ੍ਰੀ ਹਰਮਿੰਦਰ ਸਿੰਘ ਢਾਹੇ ਨਿਭਾ ਰਹੇ ਸਨ, ਅੱਜ ਇਨ੍ਹਾਂ ਆਗੂਆਂ ਨੇ ਵਰਕਰਾਂ ਨੂੰ ਹੋਰ ਇੱਕ ਜੁਟਤਾ ਨਾਲ ਕੰਮ ਕਰਨ ਲਈ ਕਿਹਾ।

ਇਸ ਮੌਕੇ ਨਵ ਨਿਯੁਕਤ ਜਿਲ੍ਹਾ ਪ੍ਰਧਾਨ ਡਾ.ਸੰਜੀਵ ਗੌਤਮ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਜਿੰਮੇਵਾਰੀ ਸੰਗਠਨ ਵੱਲੋਂ ਸੋਂਪੀ ਗਈ ਹੈ, ਉਸ ਉੱਤੇ ਖਰਾ ਉਤਰਨ ਲਈ ਉਹ ਦਿਨ ਰਾਤ ਹੋਰ ਮਿਹਨਤ ਕਰਨਗੇ। ਉਨ੍ਹਾਂ ਨੇ ਕਿਹਾ ਕਿ ਸੰਗਠਨ ਦੀ ਮਜਬੂਤੀ ਲਈ ਸਭ ਨੂੰ ਨਾਲ ਲੈ ਕੇ ਚੱਲਣਗੇ ਅਤੇ ਸਭ ਦਾ ਬਰਾਬਰ ਸਨਮਾਨ ਹੋਵੇਗਾ। ਉਨ੍ਹਾ ਨੇ ਕਿਹਾ ਕਿ ਜਿਸ ਤਰਾਂ ਜਿਲ੍ਹਾਂ ਯੋਜਨਾ ਕਮੇਟੀ ਦੇ ਚੇਅਰਮੈਨ ਹਰਮਿੰਦਰ ਸਿੰਘ ਢਾਹੇ ਨੇ ਬਤੌਰ ਜਿਲ੍ਹਾ ਪ੍ਰਧਾਨ ਇਸ ਪਾਰਟੀ ਨੂੰ ਰੂਪਨਗਰ ਜਿਲ੍ਹੇ ਵਿਚ ਮਜਬੂਤ ਕੀਤਾ ਹੈ, ਉਸੇ ਤਰਾਂ ਹੀ ਇਹ ਪ੍ਰਕਿਰਿਆ ਜਾਰੀ ਰਹੇਗੀ। ਉਨ੍ਹਾਂ ਨੇ ਖੁਸ਼ੀ ਪ੍ਰਗਟ ਕੀਤੀ ਕਿ ਪੁਰਾਣੇ ਤਜਰਬੇਕਾਰ ਸਕੱਤਰ ਰਾਮ ਕੁਮਾਰ ਮੁਕਾਰੀ ਨੂੰ ਮੁੜ ਇਹ ਜਿੰਮੇਵਾਰੀ ਮਿਲ ਗਈ ਹੈ, ਜਿਸ ਨਾਲ ਉਹ ਜਿਲ੍ਹੇ ਦੇ ਸਾਰੇ ਹਲਕਿਆਂ ਸ੍ਰੀ ਅਨੰਦਪੁਰ ਸਾਹਿਬ, ਰੂਪਨਗਰ ਅਤੇ ਚਮਕੌਰ ਸਾਹਿਬ ਵਿੱਚ ਪਾਰਟੀ ਨੂੰ ਹੋਰ ਮਜਬੂਤ ਕਰਨਗੇ।

ਚੇਅਰਮੈਨ ਜਿਲ੍ਹਾਂ ਯੋਜਨ ਕਮੇਟੀ ਹਰਮਿੰਦਰ ਸਿੰਘ ਢਾਹੇ ਨੇ ਕਿਹਾ ਕਿ 2022 ਅਤੇ ਉਸ ਤੋ ਬਾਅਦ ਹੋਈਆਂ ਸਾਰੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਸਾਲੀ ਫਤਵਾ ਮਿਲਿਆ ਹੈ ਅਤੇ ਹੁਣ ਇਹ ਪਾਰਟੀ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਆਪਣਾ ਅਧਾਰ ਕਾਇਮ ਕਰ ਚੁੱਕੀ ਹੈ। ਰਾਸ਼ਟਰੀ ਪਾਰਟੀ ਦੇ ਵਿਧਾਇਕ ਗੁਜਰਾਤ ਵਿਚ ਵੀ ਚੁਣੇ ਗਏ ਹਨ, ਜਦੋ ਕਿ ਗੁਜਰਾਤ ਭਾਰਤੀ ਜਨਤਾ ਪਾਰਟੀ ਦੀ ਉਹ ਭੂਮੀ ਹੈ, ਜਿੱਥੇ 25 ਸਾਲ ਤੋਂ ਭਾਜਪਾ ਦੀ ਸਰਕਾਰ ਹੈ ਅਤੇ ਦੇਸ਼ ਦੇ ਵੱਡੇ ਵੱਡੇ ਆਗੂ ਉਸ ਸੂਬੇ ਤੋ ਆਉਦੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀ ਹੋਰ ਮਿਹਨਤ ਤੇ ਲਗਨ ਨਾਲ ਕੰਮ ਕਰ ਰਹੇ ਹਾਂ, 2027 ਦੀਆਂ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਦਾ ਸੁਪੜਾ ਸਾਫ ਹੋ ਜਾਵੇਗਾ। ਸਕੱਤਰ ਰਾਮ ਕੁਮਾਰ ਮੁਕਾਰੀ ਨੇ ਕਿਹਾ ਕਿ ਮਿਹਨਤ ਤੇ ਲਗਨ ਨਾਲ ਵਰਕਰਾਂ ਨੇ ਪਾਰਟੀ ਦਾ ਕੱਦ ਦੇਸ਼ ਭਰ ਵਿੱਚ ਉੱਚਾ ਕੀਤਾ ਹੈ। ਇਸ ਮੌਕੇ ਦੀਪਕ ਸੋਨੀ, ਜਸਪਾਲ ਸਿੰਘ ਢਾਹੇ, ਪੰਮੂ ਢਿੱਲੋਂ, ਜੁਝਾਰ ਆਸਪੁਰ, ਸੁਨੀਤਾ ਦੇਵੀ, ਹਰਵਿੰਦਰ ਕੌਰ, ਰਣਜੀਤ ਕੌਰ, ਜਸਵੀਰ ਰਾਣਾ, ਜਗਜੀਤ ਸਿੰਘ ਜੱਗੀ, ਕੁਲਵੰਤ ਸਿੰਘ, ਐਡਵੋਕੇਟ ਨਿਸ਼ਾਤ ਗੁਪਤਾ, ਓਕਾਰ ਸਿੰਘ, ਨਰਿੰਦਰ ਸਿੰਘ, ਹੁਸਿਆਰ ਸਿੰਘ ਰਾਣਾ, ਤਰਸੇਮ ਸੈਣੀ, ਬਲਵੰਤ ਮੰਡੇਰ, ਸੋਹਣ ਸਿੰਘ ਨਿੱਕੂਵਾਲ (ਸਾਰੇ ਬਲਾਕ ਪ੍ਰਧਾਨ) ਤੇ ਵਰਕਰ ਹਾਜ਼ਰ ਸਨ।

# ਪੰਜਾਬ ਵਿੱਚ ਮੌਨਸੂਨ ਦੀ ਆਮਦ ਦੇ ਬਾਵਜੂਦ ਗਰਮੀ ਨੇ ਜ਼ੋਰ ਫੜਿਆ

## ਫਰੀਦਕੋਟ ਰਿਹਾ ਸਭ ਤੋਂ ਗਰਮ; ਤਾਪਮਾਨ 42.8 ਡਿਗਰੀ ਸੈਲਸੀਅਸ 'ਤੇ ਪੁੱਜਿਆ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਲੰਘੇ ਦਿਨ ਮੌਨਸੂਨ ਦੀ ਆਮਦ ਦੇ ਬਾਵਜੂਦ ਅੱਜ ਸੂਬੇ ਵਿੱਚ ਗਰਮੀ ਨੇ ਮੁੜ ਜ਼ੋਰ ਫੜ ਲਿਆ ਹੈ। ਅੱਜ ਸੂਬੇ ਦੇ ਲੁਧਿਆਣਾ, ਰੋਪੜ ਸਣੇ ਕੁਝ ਸ਼ਹਿਰਾਂ ਵਿੱਚ ਸਵੇਰੇ ਕਿਣ-ਮਿਣ ਹੋਈ ਹੈ, ਪਰ ਜ਼ਿਆਦਾਤਰ ਸ਼ਹਿਰਾਂ ਵਿੱਚ ਮੀਂਹ ਨਾ ਪੈਣ ਕਰਕੇ ਹੁੰਮਸ ਭਰੀ ਗਰਮੀ ਜਾਰੀ ਰਹੀ। ਅੱਜ ਪੰਜਾਬ ਦਾ ਫਰੀਦਕੋਟ ਸ਼ਹਿਰ ਸਭ ਤੋਂ ਗਰਮ ਰਿਹਾ ਹੈ, ਜਿੱਥੇ ਵੱਧ ਤੋਂ ਵੱਧ ਤਾਪਮਾਨ 42.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਫਰੀਦਕੋਟ ਵਿੱਚ ਗਰਮੀ ਵਧਣ ਦੇ ਨਾਲ ਹੀ 24 ਘੰਟਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 'ਚ 5.1 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ। ਮੌਸਮ ਵਿਗਿਆਨੀਆਂ ਨੇ ਪੰਜਾਬ ਵਿੱਚ 26 ਜੂਨ ਲਈ ਔਰੇਂਜ ਅਲਰਟ ਜਾਰੀ ਕਰ ਦਿੱਤਾ ਹੈ ਜਦਕਿ 24, 25, 27, 28 ਤੇ 29 ਜੂਨ ਲਈ ਕਈ ਥਾਵਾਂ 'ਤੇ ਯੈਲੋ ਅਲਰਟ ਜਾਰੀ ਕੀਤਾ ਹੈ। ਪੰਜਾਬ ਵਿੱਚ ਅੱਜ ਸਾਰਾ ਦਿਨ ਮੱਧਮ ਧੁੱਪ ਤੇ ਬੱਦਲਵਾਈ ਰਹੀ, ਪਰ ਹਵਾ ਨਾ ਚੱਲਣ ਕਰਕੇ ਹੁੰਮਸ ਭਰੀ ਗਰਮੀ ਪੈਂਦੀ ਰਹੀ ਹੈ। ਦੂਜੇ ਪਾਸੇ ਗਰਮੀ ਕਰਕੇ ਡਾਕਟਰਾਂ ਦੀਆਂ ਦੁਕਾਨਾਂ 'ਤੇ ਆਮ ਦਿਨਾਂ ਮੁਕਾਬਲੇ ਵੱਡੀ ਗਿਣਤੀ ਵਿੱਚ ਮਰੀਜ਼ ਪਹੁੰਚੇ।

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 35.6 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 37.2, ਲੁਧਿਆਣਾ ਵਿੱਚ 35, ਪਟਿਆਲਾ ਵਿੱਚ 37.2, ਪਠਾਨਕੋਟ ਵਿੱਚ 36.5, ਬਠਿੰਡਾ ਵਿੱਚ 41, ਗੁਰਦਾਸਪੁਰ ਵਿੱਚ 37.5, ਨਵਾਂ ਸ਼ਹਿਰ ਵਿੱਚ 34, ਫਤਹਿਗੜ੍ਹ ਸਾਹਿਬ ਵਿੱਚ 35.4, ਫਾਜ਼ਿਲਕਾ ਵਿੱਚ 39.7, ਫਿਰੋਜ਼ਪੁਰ ਵਿੱਚ 36.8, ਹੁਸ਼ਿਆਰਪੁਰ ਵਿੱਚ 34.7, ਜਲੰਧਰ ਵਿੱਚ 35.8, ਮੋਗਾ ਵਿੱਚ 36.6, ਮੁਹਾਲੀ ਵਿੱਚ 36, ਰੋਪੜ ਵਿੱਚ 34.4 ਅਤੇ ਸੰਗਰੂਰ ਵਿੱਚ 37 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ।

**ਬਿਜਲੀ ਦੀ ਮੰਗ ਮੁੜ 16,700 ਮੈਗਾਵਾਟ ਤੋਂ ਟੱਪੀ**

ਪੰਜਾਬ ਵਿੱਚ ਅੱਜ ਗਰਮੀ ਵਧਣ ਕਾਰਨ ਬਿਜਲੀ ਦੀ ਮੰਗ ਨੇ ਮੁੜ ਜ਼ੋਰ ਫੜ ਲਿਆ ਹੈ। ਅੱਜ ਸੂਬੇ ਵਿੱਚ ਦੁਪਹਿਰ ਸਮੇਂ ਬਿਜਲੀ ਦੀ ਮੰਗ 16,749 ਮੈਗਾਵਾਟ 'ਤੇ ਪਹੁੰਚ ਗਈ ਹੈ ਜੋ ਲੰਘੇ ਦਿਨ ਨਾਲੋਂ 1200 ਮੈਗਾਵਾਟ ਦੇ ਕਰੀਬ ਵੱਧ ਹੈ। ਹਾਲਾਂਕਿ ਇਸ ਸਾਲ 11 ਜੂਨ ਨੂੰ ਬਿਜਲੀ ਦੀ ਮੰਗ ਸਾਰੇ ਰਿਕਾਰਡ ਤੋੜਦੀ ਹੋਈ 16,836 ਮੈਗਾਵਾਟ 'ਤੇ ਪਹੁੰਚ ਗਈ ਸੀ। ਬਿਜਲੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ 17 ਹਜ਼ਾਰ ਮੈਗਾਵਾਟ ਬਿਜਲੀ ਦੀ ਮੰਗ ਤੱਕ ਪੁਖਤਾ ਪ੍ਰਬੰਧ ਕੀਤੇ ਗਏ ਹਨ।

# ਲੁਧਿਆਣਾ ਡਰਾਈਵਰ ਅਗਵਾ ਮਾਮਲਾ: ਟੈਕਸੀ ਡਰਾਈਵਰ ਦੀ ਲਾਸ਼ ਦੀ ਭਾਲ ਜਾਰੀ; ਪੁਲੀਸ ਨੇ ਮੁਲਜ਼ਮਾਂ ਦਾ ਰਿਮਾਂਡ ਹਾਸਲ ਕੀਤਾ



**ਗੁਰੂਸਰ ਸੁਧਾਰ, 26 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਤੋਂ ਅਗਵਾ ਕਰ ਕੇ ਕਤਲ ਕਰ ਦਿੱਤੇ ਗਏ ਟੈਕਸੀ ਡਰਾਈਵਰ ਗੁਰਮੀਤ ਸਿੰਘ (56) ਵਾਸੀ ਬਾੜੇਵਾਲ ਦੀ ਲਾਸ਼ ਲਈ ਭਾਲ ਜਾਰੀ ਹੈ। ਲੁਧਿਆਣਾ (ਦਿਹਾਤੀ) ਜ਼ਿਲ੍ਹੇ ਦੇ ਥਾਣਾ ਸੁਧਾਰ ਦੀ ਪੁਲੀਸ ਨੇ ਪਿੰਡ ਸੁਧਾਰ ਤੋਂ ਲੈ ਕੇ ਪਿੰਡ ਤੁਗਲ ਤੱਕ ਅਬੋਹਰ ਬਰਾਂਚ ਨਹਿਰ ਦਾ ਚੱਪਾ-ਚੱਪਾ ਛਾਣ ਮਾਰਿਆ ਹੈ, ਪਰ ਹਾਲੇ ਤੱਕ ਪੁਲੀਸ ਦੇ ਹੱਥ ਖ਼ਾਲੀ ਹਨ।

ਮ੍ਰਿਤਕ ਗੁਰਮੀਤ ਸਿੰਘ ਪਿਛਲੇ ਸਮੇਂ ਤੋਂ ਲੁਧਿਆਣਾ ਦੇ ਅਗਰ ਨਗਰ ਵਿੱਚ ਰਹਿੰਦਾ ਸੀ। ਸੁਧਾਰ ਪੁਲੀਸ ਵੱਲੋਂ ਕੁਝ ਘੰਟਿਆਂ ਦੇ ਅੰਦਰ ਹੀ ਇਸ ਕਤਲ ਕੇਸ ਵਿੱਚ ਲੋੜੀਂਦੇ ਮੁਲਜ਼ਮ ਹਰਪ੍ਰੀਤ ਸਿੰਘ ਉਰਫ਼ ਹੈਪੀ, ਗੁਰਤੇਜਪ੍ਰੀਤ ਸਿੰਘ ਉਰਫ਼ ਗੁਰੀ (ਦੋਵੇਂ ਵਾਸੀ ਮੋਹੀ) ਅਤੇ ਗੁਰਵੰਤ ਸਿੰਘ ਬੰਟੀ ਵਾਸੀ ਦਾਖਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਦੇ ਅਧਾਰ 'ਤੇ ਫਿਲੌਰ ਤੋਂ ਬੁਲਾਏ ਸਾਹਿਲ ਦੀ ਅਗਵਾਈ ਵਾਲੇ 7 ਗ਼ੋਤਾਖ਼ੋਰਾਂ ਦੀ ਟੀਮ ਨੇ ਸੁਧਾਰ ਪਿੰਡ ਤੋਂ ਤੁਗਲਕ ਤੱਕ ਕਰੀਬ ਦੋ ਕਿਲੋਮੀਟਰ ਤੱਕ ਭਾਲ ਕੀਤੀ ਪਰ ਇਸ ਦੇ ਬਾਵਜੂਦ ਲਾਸ਼ ਨਹੀਂ ਮਿਲ ਸਕੀ ਹੈ। ਉੱਧਰ ਸੁਧਾਰ ਪੁਲੀਸ ਨੇ ਮੁਲਜ਼ਮਾਂ ਨੂੰ ਜਗਰਾਉਂ ਦੀ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਹਾਸਲ ਕਰ ਲਿਆ ਹੈ।

ਲੁਧਿਆਣਾ (ਦਿਹਾਤੀ) ਪੁਲੀਸ ਤੇਜ਼ੀ ਨਾਲ ਲਾਸ਼ ਬਰਾਮਦ ਕਰਨ ਵਿੱਚ ਜੁਟੀ ਹੋਈ ਹੈ। ਸੋਮਵਾਰ ਦੀ ਰਾਤ ਨੂੰ ਰੂਪਨਗਰ ਦੇ ਨੂਰਪੁਰ ਬੇਦੀ ਤੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਸੁਧਾਰ ਪੁਲੀਸ ਉਨ੍ਹਾਂ ਨੂੰ ਸਿੱਧੇ ਨਹਿਰ ਕੰਢੇ ਲੈ ਕੇ ਗਈ ਜਿੱਥੇ ਮ੍ਰਿਤਕ ਦੀ ਲਾਸ਼ ਨੂੰ ਨਹਿਰ ਵਿੱਚ ਸੁੱਟਿਆ ਗਿਆ ਸੀ।

ਮੌਕਾ ਵਾਰਦਾਤ ਉੱਪਰ ਪੱਥਰ ਅਤੇ ਘਾਹ 'ਤੇ ਖ਼ੂਨ ਦੇ ਨਿਸ਼ਾਨ ਮਿਲੇ ਸਨ, ਜਿਸ ਦੀ ਫੋਰੈਂਸਿਕ ਅਤੇ ਤਕਨੀਕੀ ਮਾਹਿਰਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਉੱਧਰ ਗੁਰਮੀਤ ਸਿੰਘ ਦਾ ਪੁੱਤਰ ਸਾਹਿਲ ਵੀ ਦੁਬਈ ਤੋਂ ਵਾਪਸ ਆ ਗਿਆ ਹੈ।

ਮ੍ਰਿਤਕ ਗੁਰਮੀਤ ਸਿੰਘ ਦੀਆਂ 18 ਅਤੇ 20 ਸਾਲ ਦੀਆਂ ਦੋ ਧੀਆਂ ਹਨ। ਗੁਰਮੀਤ ਸਿੰਘ ਦੀ ਮਾਸੀ ਦੇ ਪੁੱਤਰ ਸਤਵਿੰਦਰ ਸਿੰਘ ਜੋਧਾਂ ਅਨੁਸਾਰ ਪਰਿਵਾਰ ਦਾ ਸਾਰਾ ਭਾਰ ਗੁਰਮੀਤ ਦੇ ਸਿਰ 'ਤੇ ਸੀ। ਮ੍ਰਿਤਕ ਦੀ ਪਤਨੀ ਨਰਿੰਦਰ ਕੌਰ ਦੇ ਬਿਆਨ 'ਤੇ ਮੁਲਜ਼ਮਾਂ ਵਿਰੁੱਧ ਲੁੱਟ ਦੇ ਇਰਾਦੇ ਨਾਲ ਅਗਵਾ ਅਤੇ ਕਤਲ ਦੀ ਧਾਰਾ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਸੀਨੀਅਰ ਸਿਪਾਹੀ ਮਾਲਵਿੰਦਰ ਸਿੰਘ ਦਾ ਡੀਜੀਪੀ ਡਿਸਕ ਨਾਲ ਸਨਮਾਨ



**ਬਠਿੰਡਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬਠਿੰਡਾ ਪੁਲੀਸ ਵਿਚ ਵਧੀਆ ਤੇ ਉਤਸ਼ਾਹਜਨਕ ਸੇਵਾ ਲਈ ਸੀਨੀਅਰ ਸਿਪਾਹੀ ਮਾਲਵਿੰਦਰ ਸਿੰਘ, ਇੰਚਾਰਜ ਸੋਸ਼ਲ ਮੀਡੀਆ ਸੈੱਲ, ਨੂੰ ਡੀਜੀਪੀ ਡਿਸਕ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ ਐੱਸਐੱਸਪੀ ਬਠਿੰਡਾ ਅਮਨੀਤ ਕੌਂਡਲ (ਆਈ.ਪੀ.ਐੱਸ) ਵੱਲੋਂ ਡੀਜੀਪੀ ਕਲਾਸ-1 ਸਰਟੀਫਿਕੇਟ ਅਤੇ 5100 ਰੁਪਏ ਦੇ ਨਗਦ ਇਨਾਮ ਸਮੇਤ ਭੇਟ ਕੀਤਾ ਗਿਆ।

ਮਾਲਵਿੰਦਰ ਸਿੰਘ ਨੇ ਸੋਸ਼ਲ ਮੀਡੀਆ ਰਾਹੀਂ ਨਾ ਸਿਰਫ ਨਾਗਰਿਕਾਂ ਨੂੰ ਜਾਗਰੂਕ ਕੀਤਾ, ਸਗੋਂ ਪੁਲੀਸ ਵਿਭਾਗ ਦੀ ਦਿੱਖ ਨੂੰ ਭਰੋਸੇਯੋਗ ਅਤੇ ਲੋਕ-ਮਿੱਤਰ ਬਣਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਡਿਜੀਟਲ ਪਲੇਟਫਾਰਮਾਂ 'ਤੇ ਸਰਗਰਮੀ, ਸਮੇਂ-ਸਿਰ ਜਾਣਕਾਰੀ ਦੇਣਾ ਅਤੇ ਅਸਲ ਘਟਨਾਵਾਂ ਦੀ ਸਹੀ ਪੇਸ਼ਕਾਰੀ ਨੇ ਵਿਭਾਗ ਦੀ ਦਿੱਖ ਨੂੰ ਸੰਵਾਰਿਆ ਹੈ।

# ਪੰਜਾਬੀ ਯੂਨੀਵਰਸਿਟੀ ਦੇ ਕੰਟਰੈਕਟ ਅਧਿਆਪਕਾਂ ਵੱਲੋਂ ਰੋਸ ਮਾਰਚ

## ਸੱਤਵਾਂ ਪੇਅ ਕਮਿਸ਼ਨ ਲਾਗੂ ਨਾ ਕਰਨ 'ਤੇ ਸੰਘਰਸ਼ ਮਘਾਉਣ ਦੀ ਚਿਤਾਵਨੀ




**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਦੇ ਸੰਘਰਸ਼ ਦੇ ਅੱਜ 58ਵੇਂ ਦਿਨ ਯੂਨੀਵਰਸਿਟੀ ਵਿਚ ਰੈਲੀ ਕਰਦਿਆਂ ਮਾਰਚ ਕੀਤਾ ਗਿਆ। ਇਸ ਸੰਘਰਸ਼ ਵਿਚ ਯੂਨੀਵਰਸਿਟੀ ਦੇ ਵੱਖ ਅਦਾਰੇ, ਜਿਨ੍ਹਾਂ ਵਿਚ ਪੰਜਾਬੀ ਯੂਨੀਵਰਸਿਟੀ (ਮੇਨ ਕੈਂਪਸ), ਕਾਂਸਟੀਚੂਐਂਟ ਕਾਲਜ, ਨੇਬਰਹੁੱਡ ਕੈਂਪਸ ਅਤੇ ਰਿਜਨਲ ਸੈਂਟਰ ਸ਼ਾਮਲ ਹਨ। ਕੰਟਰੈਕਟ ਅਸਿਸਟੈਂਟ ਪ੍ਰੋਫੈਸਰ ਪ੍ਰਵਾਨਿਤ 2018 ਰੈਗੂਲੇਸ਼ਨ ਅਨੁਸਾਰ ਸੱਤਵਾਂ ਪੇਅ ਕਮਿਸ਼ਨ ਲਾਗੂ ਕਰਵਾਉਣ ਦੇ ਲਈ ਧਰਨਾ ਦੇ ਰਹੇ ਹਨ। ਆਗੂਆਂ ਮੁਤਾਬਕ ਅਪਰੈਲ 25 ਨੂੰ ਤਤਕਾਲੀ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਕੰਟਰੈਕਟ ਅਧਿਆਪਕਾਂ ਨਾਲ ਦਸ ਦਿਨਾਂ 'ਚ ਸਬੰਧਤ 'ਪੇ ਕਮਿਸ਼ਨ' ਲਾਗੂ ਕਰਨ ਦਾ ਵਾਅਦਾ ਕੀਤਾ ਸੀ ਜੋ ਹਾਲੇ ਤੱਕ ਲਾਗੂ ਨਹੀਂ ਹੋਇਆ। ਨਵੇਂ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਵੀ ਵਾਅਦਾ ਪੁਗਾਉਣ ਤੋਂ ਮੁਨਕਰ ਹੋ ਗਏ ਹਨ। ਇਸ ਖਿਲਾਫ਼ ਅੱਜ ਕੰਟਰੈਕਟ ਅਧਿਆਪਕਾਂ ਨੇ ਯੂਨੀਵਰਸਿਟੀ ਕੈਂਪਸ ਅੰਦਰ ਰੈਲੀ ਕੱਢੀ। ਪੁਕਟਾ ਯੂਨੀਅਨ ਦੀ ਪ੍ਰਧਾਨ ਡਾ. ਤਰਨਜੀਤ ਕੌਰ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਅਥਾਰਿਟੀ ਨੇ ਝੂਠ ਦਾ ਪੱਲਾ ਫੜਿਆ ਹੋਇਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ 2018 ਦੇ ਰੈਗੂਲੇਸ਼ਨ ਅਨੁਸਾਰ ਪੇਅ ਕਮਿਸ਼ਨ ਨਾ ਦਿੱਤਾ ਗਿਆ ਤਾਂ ਉਹ ਸੰਘਰਸ਼ ਹੋਰ ਤੇਜ਼ ਕਰਨਗੇ।

**ਕੰਟਰੈਕਟ ਅਧਿਆਪਕਾਂ ਨੇ ਸੰਘਰਸ਼ ਵਿੱਢਿਆ**

ਦੇਵੀਗੜ੍ਹ: ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਕੰਟਰੈਕਟ 'ਤੇ ਕੰਮ ਕਰ ਰਹੇ ਅਧਿਆਪਕਾਂ ਨੇ ਪ੍ਰਸ਼ਾਸਨ ਰੋਸ ਜ਼ਾਹਿਰ ਕੀਤਾ ਹੈ। ਯੂਨੀਵਰਸਿਟੀ ਕਾਲਜ ਮੀਰਾਂਪੁਰ 'ਚ ਧਰਮ ਅਧਿਐਨ ਵਿਸ਼ੇ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ. ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਨਾ ਤਾਂ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ, ਨਾ ਹੀ ਉਨ੍ਹਾਂ ਨੂੰ ਪੱਕੀ ਨੌਕਰੀ ਦੀ ਕੋਈ ਸੰਭਾਵਨਾ ਦਿੱਤੀ ਜਾ ਰਹੀ ਹੈ। ਯੂਨੀਵਰਸਿਟੀ ਨੇ ਯੂਜੀਸੀ ਦਾ 2018 ਦਾ ਨੋਟੀਫਿਕੇਸ਼ਨ ਰੈਗੂਲਰ ਤੇ ਗੈਸਟ ਫੈਕਲਟੀ ਅਧਿਆਪਕਾਂ 'ਤੇ ਲਾਗੂ ਕਰ ਦਿੱਤਾ ਹੈ ਪਰ ਕੰਟਰੈਕਟ ਅਧਿਆਪਕਾਂ ਨੂੰ ਇਸ ਤੋਂ ਵਾਂਝੇ ਰੱਖ ਕੇ ਉਨ੍ਹਾਂ ਦਾ ਸੋਸ਼ਣ ਕੀਤਾ ਜਾ ਰਿਹਾ ਹੈ।

# ਕੈਨੇਡਾ ਰਹਿ ਰਹੀ ਔਰਤ ਦੇ ਦੋਸਤ ਨੂੰ ਨਸ਼ੇ ਦੇ ਮਾਮਲੇ 'ਚੋਂ ਕੱਢਣ ਬਦਲੇ ਵਸੂਲੇ 2 ਲੱਖ, ਪੁਲਿਸ ਨੇ ਨੌਜਵਾਨ ਨੂੰ ਕੀਤਾ ਕਾਬ



**ਫਗਵਾੜਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕਪੁਰਾ ਮਾਡਲ ਟਾਊਨ ਦੇ ਪੋਸ਼ ਇਲਾਕੇ 'ਚ ਰਹਿਣ ਵਾਲੇ ਇਕ ਨੌਜਵਾਨ ਨੂੰ ਫਗਵਾੜਾ ਪੁਲਸ ਦੇ ਨਾਂ 'ਤੇ ਕੈਨੇਡਾ 'ਚ ਰਹਿ ਰਹੀ ਇੱਕ ਵਿਆਹੁਤਾ ਔਰਤ ਤੋਂ ਉਸ ਦੇ ਦੋਸਤ ਨੂੰ ਨਸ਼ੇ ਦੇ ਮਾਮਲੇ 'ਚੋਂ ਬਾਹਰ ਕੱਢਣ ਦੇ ਮਾਮਲੇ ਸਬੰਧੀ 2 ਲੱਖ ਰੁਪਏ ਵਸੂਲਣ ਦੇ ਦੋਸ਼ ਵਿੱਚ ਸਿਟੀ ਪੁਲਸ ਵਲੋਂ ਗ੍ਰਿਫਤਾਰ ਕਰਨ ਦੀ ਸਨਸਨੀਖੇਜ਼ ਸੂਚਨਾ ਮਿਲੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਥਾਣਾ ਸਿਟੀ ਦੀ ਐੱਸਐੱਚਓ ਊਸ਼ਾ ਰਾਣੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਨੌਜਵਾਨ ਦੀ ਪਛਾਣ ਮਨ ਸ਼ਰਮਾ ਪੁੱਤਰ ਸੁਮਿਤ ਕੁਮਾਰ ਸ਼ਰਮਾ ਵਾਸੀ ਮਕਾਨ ਨੰਬਰ 380, ਗਲੀ ਨੰਬਰ 5, ਗੁਰੂ ਨਾਨਕਪੁਰਾ, ਮਾਡਲ ਟਾਊਨ, ਫਗਵਾੜਾ ਵਜੋਂ ਹੋਈ ਹੈ। ਐੱਸਐੱਚਓ ਊਸ਼ਾ ਰਾਣੀ ਨੇ ਦੱਸਿਆ ਕਿ ਉਨ੍ਹਾਂ ਨੂੰ ਬਲਜੀਤ ਕੌਰ ਪਤਨੀ ਦਰਸ਼ਨ ਰਾਮ ਵਾਸੀ ਪ੍ਰੇਮਪੁਰਾ ਹਾਲ ਵਾਸੀ ਸਰੀ (ਕੈਨੇਡਾ) ਦਾ ਫੋਨ ਆਇਆ ਸੀ ਕਿ ਉਸ ਦੇ ਦੋਸਤ ਤੇਜਵੀਰ ਸਿੰਘ ਉਰਫ਼ ਪਟਵਾਰੀ ਉਰਫ ਗਿਸ਼ੂ ਪੁੱਤਰ ਦਲਬੀਰ ਸਿੰਘ ਵਾਸੀ ਮਕਾਨ ਨੰਬਰ 99 ਬੀ, ਮਾਡਲ ਟਾਊਨ, ਫਗਵਾੜਾ ਨੂੰ ਪੁਲਸ ਦੇ ਚੁੰਗਲ ਤੋਂ ਛੁਡਾਉਣ ਲਈ 2,00,000 ਰੁਪਏ ਚਾਹੀਦੇ ਹਨ। ਜੇਕਰ ਉਹ ਇਹ ਰਕਮ ਦੇ ਦੇਵੇ ਤਾਂ ਉਹ ਕੋਈ ਜੁਗਾੜ ਕਰਕੇ ਉਸਦੇ ਦੋਸਤ ਤੇਜਵੀਰ ਸਿੰਘ ਨੂੰ ਪੁਲਸ ਤੋਂ ਛੁਡਾ ਲਵੇਗਾ।

ਉਨ੍ਹਾਂ ਦੱਸਿਆ ਕਿ ਬਲਜੀਤ ਕੌਰ ਨੇ ਉਸ ਨੂੰ ਦੱਸਿਆ ਕਿ ਦੋਸ਼ੀ ਮਨ ਸ਼ਰਮਾ ਨੇ ਉਸ ਨੂੰ ਭਰੋਸਾ ਦਿੱਤਾ ਸੀ ਕਿ ਉਹ ਨਸ਼ੇ ਦੇ ਮਾਮਲੇ ਵਿਚ ਗ੍ਰਿਫਤਾਰ ਤੇਜਵੀਰ ਸਿੰਘ ਉਰਫ ਪਟਵਾਰੀ ਉਰਫ ਗਿਸ਼ੂ ਨੂੰ ਬਿਨਾਂ ਕੇਸ ਦਰਜ ਕੀਤੇ ਪੁਲਸ ਦੇ ਚੁੰਗਲ ਤੋਂ ਬਚਾਏਗਾ। ਉਸ ਨੇ ਇਹ 2 ਲੱਖ ਰੁਪਏ ਦੀ ਰਕਮ ਚੌਹਾਨ ਹਸਪਤਾਲ ਦੇ ਡਾਕਟਰ ਬਲਬੀਰ ਚੌਹਾਨ ਰਾਹੀਂ ਦੋਸ਼ੀ ਮਨ ਸ਼ਰਮਾ ਨੂੰ ਦਿਵਾਈ ਹੈ, ਜਿੱਥੇ ਉਹ ਪਹਿਲਾਂ ਕੰਮ ਕਰਦੀ ਸੀ। ਇਸ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਸ ਦੇ ਦੋਸਤ ਤੇਜਵੀਰ ਸਿੰਘ ਖਿਲਾਫ ਪਹਿਲਾਂ ਹੀ ਥਾਣਾ ਸਿਟੀ ਵਿਚ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਜਾ ਚੁੱਕਾ ਹੈ ਅਤੇ ਦੋਸ਼ੀ ਮਨ ਸ਼ਰਮਾ ਨੇ ਇਹ ਸਭ ਜਾਣਦੇ ਹੋਏ ਉਸ ਤੋਂ ਪੁਲਸ ਦੇ ਨਾਂ 'ਤੇ 2,00,000 ਰੁਪਏ ਦੀ ਵਸੂਲੀ ਕੀਤੀ ਹੈ। ਇਸ ਤੋਂ ਬਾਅਦ ਜਦੋਂ ਉਸ ਨੇ ਮਨ ਸ਼ਰਮਾ ਨੂੰ ਆਪਣੀ 2,00,000 ਰੁਪਏ ਦੀ ਰਕਮ ਵਾਪਸ ਕਰਨ ਲਈ ਕਿਹਾ ਤਾਂ ਉਸ ਨੇ ਇਹ ਰਕਮ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਹੁਣ ਉਹ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ।

# ਵਿਦੇਸ਼ ਭੇਜਣ ਦੇ ਨਾਮ 'ਤੇ ਸਾਢੇ 5 ਲੱਖ ਰੁਪਏ ਦੀ ਠੱਗੀ, ਐਕਸ਼ਨ ਵਿਚ ਪੁਲਿਸ

**ਤਰਨ ਤਾਰਨ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦੇਸ਼ ਭੇਜਣ ਦੇ ਨਾਮ ਉਪਰ ਸਾਢੇ 5 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਵਿਚ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੇ 5 ਵਿਅਕਤੀਆਂ ਖਿਲਾਫ ਪਰਚਾ ਦਰਜ ਕਰਨ ਉਪਰੰਤ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰਬਜੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਸ਼ੇਖਚੱਕ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਸ ਦੇ ਬੇਟੇ ਕਮਲਪ੍ਰੀਤ ਸਿੰਘ ਨੂੰ ਪੁਰਤਗਾਲ ਭੇਜਣ ਦੇ ਨਾਮ ਉਪਰ ਸਾਢੇ 5 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ, ਜਿਸ ਦੀ ਜਾਂਚ ਪੁਲਸ ਅਧਿਕਾਰੀ ਗੁਲਜਾਰ ਸਿੰਘ ਵੱਲੋਂ ਕੀਤੇ ਜਾਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਹਰਸਿਮਰਤ ਸਿੰਘ ਪੁੱਤਰ ਬਲਵੰਤ ਸਿੰਘ, ਜੋਗਿੰਦਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਮੀਆਂਵਿੰਡ, ਸਤਿੰਦਰ ਕੌਰ ਪਤਨੀ ਸਤਨਾਮ ਸਿੰਘ ਵਾਸੀ ਰਾਏ ਮੂਨ ਟੂਰਿਸਟ ਚੌਥੀ ਮੰਜ਼ਲ ਅਰੋੜਾ ਪ੍ਰਾਈਮ ਟਾਵਰ, ਪੁਲਸ ਲਾਈਨ ਜਲੰਧਰ ਅਤੇ ਸਤਨਾਮ ਸਿੰਘ ਵਾਸੀ ਰਾਏ ਮੋਨ ਟੂਰਿਸਟ ਪੁਲਸ ਲਾਈਨ ਜਲੰਧਰ ਵੱਲੋਂ ਮੁਦਈ ਦੇ ਲੜਕੇ ਕਮਲਪ੍ਰੀਤ ਸਿੰਘ ਨੂੰ ਪੁਰਤਗਾਲ ਭੇਜਣ ਦੇ ਨਾਮ ਉਪਰ 5 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਗਈ ਹੈ। ਇਸ ਦੇ ਚੱਲਦਿਆਂ ਕਮਲਪ੍ਰੀਤ ਸਿੰਘ ਨੂੰ ਪੁਰਤਗਾਲ ਦੀ ਬਜਾਏ ਸਰਬੀਆ ਦੇਸ਼ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ ਏਅਰਪੋਰਟ ਅਥਾਰਟੀ ਨੇ ਗ੍ਰਿਫਤਾਰ ਕਰਕੇ ਆਸਟਰੀਆ ਦੇਸ਼ ਵਿਚ ਭੇਜ ਦਿੱਤਾ, ਜਿਸ ਤੋਂ ਬਾਅਦ ਕਮਲਪ੍ਰੀਤ ਸਿੰਘ ਭਾਰਤ ਵਾਪਸ ਆ ਗਿਆ।

# ਕੁੱਤਿਆਂ ਦੀ ਦੌੜ 'ਚ ਹੋਏ ਝਗੜੇ ਨੂੰ ਲੈ ਕੇ ਨੌਜਵਾਨ ਦਾ ਕਤਲ, ਹਮਲਾਵਰ ਫ਼ਰਾਰ



**ਮਾਨਸਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁੱਤਿਆਂ ਦੀ ਦੌੜ ਨੂੰ ਲੈ ਕੇ ਦੋ ਧਿਰਾਂ ਵਿਚ ਹੋਏ ਝਗੜੇ ਦੀ ਰੰਜਿਸ਼ ਦੇ ਚੱਲਦੇ ਕੁਝ ਨੌਜਵਾਨਾਂ ਨੇ ਮਾਨਸਾ ਦੇ ਕੈਂਚੀਆਂ ਚੌਕ ਵਿਚ ਨੌਜਵਾਨ ਦੇ ਸਿਰ ਵਿਚ ਲੱਕੜ ਦੀ ਬਾਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ। ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਮ੍ਰਿਤਕ ਵਿਅਕਤੀ ਸਤਨਾਮ ਸਿੰਘ (45) ਪੁੱਤਰ ਗੁਰਮੀਤ ਸਿੰਘ ਪਿੰਡ ਚੁੱਘਾ ਜ਼ਿਲ੍ਹਾ ਫਿਰੋਜ਼ਪੁਰ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ, ਜਦੋਂਕਿ ਹਮਲਾਵਰ ਵਿਅਕਤੀ ਬਰਨਾਲਾ ਅਤੇ ਸਿਰਸਾ ਨਾਲ ਸਬੰਧਤ ਦੱਸੇ ਜਾਂਦੇ ਹਨ। ਉਂਝ ਅਜੇ ਤੱਕ ਕਿਸੇ ਦੀ ਵੀ ਗ੍ਰਿਫਤਾਰੀ ਨਹੀਂ ਹੋਈ।

ਜਾਣਕਾਰੀ ਅਨੁਸਾਰ ਸਤਨਾਮ ਸਿੰਘ ਅਤੇ ਇਕ ਹੋਰ ਗਰੁੱਪ ਵਿਚਕਾਰ ਕੁਝ ਸਮਾਂ ਪਹਿਲਾਂ ਕੁੱਤਿਆਂ ਦੀਆਂ ਦੌੜਾਂ ਦੇ ਮੁਕਾਬਲੇ ਹੋਏ ਸਨ, ਜਿਸ ਵਿਚ ਸਤਨਾਮ ਸਿੰਘ ਦਾ ਕੁੱਤਾ ਪਹਿਲੇ ਸਥਾਨ ਉਪਰ ਆਇਆ ਸੀ ਅਤੇ ਇਸ ਨੂੰ ਲੈ ਕੇ ਦੋਵਾਂ ਧਿਰਾਂ ਵਿਚ ਉਦੋਂ ਝਗੜਾ ਹੋ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਧਿਰਾਂ ਨੇ ਮਾਨਸਾ ਵਿਖੇ ਆਪਸ ਵਿਚ ਮਿਲਣ ਦਾ ਸਮਾਂ ਤੈਅ ਕੀਤਾ ਅਤੇ ਮਾਨਸਾ ਦੀਆਂ ਕੈਂਚੀਆਂ ਉਪਰ ਇਸ ਮਿਲਣੀ ਦੌਰਾਨ ਕੁਝ ਵਿਅਕਤੀਆਂ ਨੇ ਸਤਨਾਮ ਸਿੰਘ ਦੇ ਸਿਰ 'ਚ ਲੱਕੜ ਦੀ ਬਾਲੀ ਮਾਰੀ। ਇਸ ਦੌਰਾਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਇਸੇ ਦੌਰਾਨ ਪੁਲੀਸ ਚੌਂਕੀ ਠੂਠਿਆਂਵਾਲੀ ਦੇ ਇੰਚਾਰਜ ਦੀਪ ਸਿੰਘ ਨੇ ਦੱਸਿਆ ਕਿ ਪੁਲੀਸ ਮਾਮਲੇ ਦੀ ਤਫਤੀਸ਼ ਕਰ ਰਹੀ ਹੈ ਅਤੇ ਇਕ ਵਿਅਕਤੀ ਨੂੰ ਵੀ ਸੱਟਾਂ ਲੱਗੀਆਂ ਹਨ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਵਾਰਿਸਾਂ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਜਾਵੇਗੀ।

# ਚੰਡੀਗੜ੍ਹ -ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਲਈ ਰੋਜ਼ਾਨਾ ਸਪੈਸ਼ਲ ਰੇਲ ਗੱਡੀ ਚਲਾਉਣ ਨਾਲ ਗੁਰਧਾਮਾਂ ਨੂੰ ਜਾਣ ਵਾਲਿਆਂ ਯਾਤਰੀਆਂ ਨੂੰ ਵੱਡੀ ਰਾਹਤ ਮਿਲ ਸਕਦੀ: ਪੰਦਰੀਨਾਥ ਬੋਕਾਰੇ



**ਖਰੜ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਨਕ ਸਾਈਂ ਫਾਊਡੇਸ਼ਨ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਦੇ ਚੇਅਰਮੈਨ ਸ੍ਰੀ ਪੰਦਰੀਨਾਥ ਬੋਕਾਰੇ ਨੇ ਕੇਂਦਰੀ ਰੇਲ ਮੰਤਰੀ ਸ.ਰਵਨੀਤ ਸਿੰਘ ਬਿੱਟੂ ਤੋਂ ਮੰਗ ਕੀਤੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਲਈ ਰੋਜਾਨਾ ਰੇਲ ਗੱਡੀ ਚਲਾਈ ਜਾਵੇ ਤਾਂ ਕਿ ਵੱਖ ਵੱਖ ਗੁਰਧਾਮਾਂ ਨੂੰ ਚੰਡੀਗੜ੍ਹ ਸਮੇਤ ਹੋਰ ਸ਼ਹਿਰਾਂ ਤੋਂ ਜਾਣ ਵਾਲੇ ਯਾਤਰੀਆਂ ਨੂੰ ਵੱਡੀ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਹਾਲ ਹੀ ਵਿਚ ਕੇਦਰ ਸਰਕਾਰ ਦੇ ਰੇਲਵੇ ਵਿਭਾਗ ਵਲੋਂ ਫਿਰੋਜ਼ਪੁਰ ਤੋਂ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਤੱਕ ਹਫਤਾਵਾਰੀ ਰੇਲ ਗੱਡੀ ਚਲਾਈ ਗਈ ਹੈ, ਜਿਸ ਨਾਲ ਫਿਰੋਜ਼ਪੁਰ ਇਲਾਕੇ ਤੋਂ ਸਿੱਖ ਸੰਗਤਾਂ ਨੂੰ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਸਮੇਤ ਹੋਰ ਗੁਰਧਾਮਾਂ ਨੂੰ ਆਉਣ ਜਾਣ ਲਈ ਵੱਡਾ ਫਾਇਦਾ ਹੋਵੇਗਾ, ਭਾਵੇ ਇਹ ਰੇਲ ਗੱਡੀ ਹਫਤੇ ਵਿਚ ਇੱਕ ਵਾਰੀ ਚੱਲੇਗੀ ਪਰ ਫਿਰ ਵੀ ਸਿੱਖ ਸੰਗਤਾਂ ਨੂੰ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਆਉਣ ਲਈ ਵੱਡੀ ਰਾਹਤ ਮਿਲ ਗਈ ਹੈ, ਉਹ ਕੇਦਰ ਸਰਕਾਰ ਅਤੇ ਰੇਲਵੇ ਵਿਭਾਗ ਅਤੇ ਰੇਲਵੇ ਮੰਤਰੀਆਂ ਦਾ ਧੰਨਵਾਦ ਕਰਦੇ ਹਨ ਅਤੇ ਇਹ ਵੀ ਮੰਗ ਕਰਦੇ ਹਨ ਕਿ ਇਸ ਰੇਲ ਗੱਡੀ ਨੂੰ ਹਫਤੇ ਵਿਚ ਇੱਕ ਵਾਰੀ ਨਹੀਂ ਬਲਕਿ ਪੂਰਾ ਹਫਤਾ ਚਲਾਇਆ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਰੇਲਵੇ ਵਿਭਾਗ ਵਲੋਂ ਅਤੇ ਰੇਲਵੇ ਦੇ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਲਈ ਸਪੈਸ਼ਲ ਰੇਲ ਗੱਡੀ ਚਲਾਉਣ ਤਾਂ ਚੰਡੀਗੜ੍ਹ, ਮੁਹਾਲੀ, ਖਰੜ, ਕੁਰਾਲੀ, ਨਿਊ ਚੰਡੀਗੜ੍ਹ, ਮੋਰਿੰਡਾ, ਸ੍ਰੀ ਚਮਕੌਰ ਸਾਹਿਬ, ਰੋਪੜ, ਫਤਿਹਗੜ੍ਹ ਸਾਹਿਬ ਨਾਲ ਲੱਗਦੇ ਖੇਤਰਾਂ ਦੇ ਵਸਨੀਕ ਜੋ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਸਮੇਤ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਦੇ ਜਾਂਦੇ ਹਨ ਉਨ੍ਹਾਂ ਨੂੰ ਵੱਡੀ ਰਾਹਤ ਮਿਲ ਸਕਦੀ ਹੈ।

ਉਨ੍ਹਾਂ ਕਿਹਾ ਕਿ ਜੋ ਪਹਿਲਾਂ ਅਮ੍ਰਿਤਸਰ ਤੋਂ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਨੂੰ ਆਉਣ ਜਾਣ ਵਾਲੀ 'ਸੱਚਖੰਡ ਐਕਸਪ੍ਰੈਸ' ਨੂੰ ਲੁਧਿਆਣਾ ਤੋਂ ਚੰਡੀਗੜ੍ਹ ਰਸਤੇ ਚਲਾਇਆ ਗਿਆ ਸੀ ਜਿਸਨੂੰ ਬਾਅਦ ਵਲੋ ਰੇਲਵੇ ਬੋਰਡ ਵਲੋਂ ਲੁਧਿਆਣਾ ਤੋਂ ਵਾਇਆ ਸਰਹਿੰਦ-ਰਾਜਪੁਰਾ-ਅੰਬਾਲਾ ਰਸਤੇ ਚਲਾ ਦਿੱਤਾ ਗਿਆ ਜਿਸ ਕਾਰਨ ਚੰਡੀਗੜ੍ਹ, ਸਾਹਿਬਜਾਦਾ ਅਜੀਤ ਸਿੰਘ ਨਗਰ ਸਮੇਤ ਕੁਝ ਇਲਾਕਾ ਹਿਮਾਂਚਲ ਪ੍ਰਦੇਸ ਦਾ ਜੋ ਇਸ ਗੱਡੀ ਰਾਹੀ ਆਉਦੇ ਜਾਂਦੇ ਹਨ, ਉਨ੍ਹਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਸਰਹਿੰਦ ਜਾਂ ਅੰਬਾਲਾ ਰੇਲਵੇ ਸਟੇਸ਼ਨ ਤੇ ਆਉਣ ਜਾਣ ਕਰਨਾ ਪੈਂਦਾ ਹੈ। ਉਨ੍ਹਾਂ ਕੇਂਦਰੀ ਰੇਲ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਅਪੀਲ ਕੀਤੀ ਕਿ ਉਹ ਚੰਡੀਗੜ੍ਹ ਤੋਂ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਲਈ ਸਪੈਸ਼ਲ ਰੇਲ ਗੱਡੀ ਚਲਾਉਣ ਤਾਂ ਕਿ ਸ੍ਰੀ ਹਜ਼ੂਰ ਸਾਹਿਬ ਨਾਦੇੜ੍ਹ ਸਮੇਤ ਹੋਰ ਗੁਰਧਾਮਾਂ ਲਈ ਆਉਣ ਵਾਲੀ ਸੰਗਤ ਲਈ ਵੱਡੀ ਰਾਹਤ ਮਿਲ ਸਕੇ।

## ਲੋਕ ਸਭਾ ਚੋਣਾਂ ਵਿਚ ਡਿਊਟੀ ਕਰਨ ਵਾਲੇ ਕੌਂਸਲ ਦੇ ਆਊਟਸੋਰਸ ਕਰਮਚਾਰੀਆਂ ਨੇ ਮਿਹਨਤਾਨਾ ਦੇਣ ਦੀ ਕੀਤੀ ਮੰਗ



**ਖਰੜ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਵਿਚ ਨਗਰ ਕੌਂਸਲ ਖਰੜ ਦੇ ਆਊਟਸੋਰਸ ਕਰਮਚਾਰੀਆਂ ਵਲੋਂ ਡਿਊਟੀ ਕਰਨ ਤੋਂ ਵੀ ਬਾਅਦ ਮਿਹਨਤਾਨਾ ਨਾ ਮਿਲਣ ਕਾਰਨ ਉਪ ਮੰਡਲ ਮੈਜਿਸਟ੍ਰੇਟ ਖਰੜ ਨੂੰ ਪੱਤਰ ਦਿੱਤਾ। ਕੌਂਸਲ ਵਿਚ ਆਊਸਸੋਰਸ ਰਾਹੀ ਕੰਮ ਕਰਨ ਵਾਲੇ ਕਰਮਚਾਰੀ ਜਸਵੰਤ ਸਿੰਘ, ਪਰਵੀਨ, ਗੁਰਸੇਵਕ ਸਿੰਘ ਸਮੇਤ ਹੋਰ ਕਰਮਚਾਰੀਆਂ ਨੇ ਦਸਿਆ ਕਿ ਲੋਕ ਸਭਾ ਚੋਣਾਂ ਵਿਚ ਡਿਊਟੀ ਲੱਗੀ ਸੀ ਅਤੇ ਉਨ੍ਹਾਂ ਵਲੋਂ ਆਪਣੀ ਡਿਊਟੀ ਮਿਹਨਤ, ਇਮਾਨਦਾਰੀ ਨਾਲ ਕੀਤੀ ਈ.ਵੀ.ਐਮ.ਮਸ਼ੀਨਾਂ ਸਟਰਾਂਗ ਰੂਮ ਡਿਪਟੀ ਕਮਿਸ਼ਨਰ ਦਫਤਰ ਐਸ.ਏ.ਐਸ.ਨਗਰ ਤੋ ਲਿਆ ਕੇ ਸਰਕਾਰੀ ਬਹੁਤਕਨੀਕੀ ਸੰਸਥਾ ਖੂਨੀਮਾਜਰਾ ਵਿਖੇ ਸਟਰਾਂਗ ਰੂਮ ਵਿਚ ਜਮ੍ਹਾਂ ਕਰਵਾਈਆਂ ਗਈਆਂ। ਉਨ੍ਹਾਂ ਵਲੋਂ ਲੋਕ ਸਭਾ ਚੋਣਾਂ ਵਿਚ 30 ਦਿਨਾਂ ਤੋਂ ਵੱਧ ਡਿਊਟੀ ਕੀਤੀ ਪ੍ਰੰਤੂ ਅਫਸੋਸ ਕਿ ਅਜੇ ਤੱਕ ਉਨ੍ਹਾਂ ਨੂੰ ਚੋਣਾਂ ਵਿਚ ਕੰਮ ਕਰਨ ਦਾ ਮਿਹਨਤਾਨਾ ਨਹੀਂ ਮਿਲਿਆ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਨੂੰ ਬਣਦਾ ਮਿਹਨਤਾਨਾ ਦਿਵਾਇਆ ਜਾਵੇ।

# ਪੰਜਾਬ ਸਰਕਾਰ ਦੇ ਅਦਾਰੇ ਸੀ.ਪਾਈਟ ਹਕੂਮਤ ਸਿੰਘ ਵਾਲਾ ਵਿਖੇ ਸੁਰੱਖਿਆ ਬਲਾਂ ਵਿੱਚ ਭਰਤੀ ਹੋਣ ਲਈ ਕਰਵਾਈ ਜਾਵੇਗੀ ਮੁਫ਼ਤ ਤਿਆਰੀ

**ਮੋਗਾ, 26 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਮੋਗਾ, ਫਿਰੋਜ਼ਪੁਰ, ਫਾਜਿਲਕਾ, ਮੁਕਤਸਰ, ਫਰੀਦਕੋਟ ਜ਼ਿਲ੍ਹੇ ਦੇ ਯੁਵਕਾਂ ਲਈ ਸੁਰੱਖਿਆ ਬਲਾਂ ਵਿੱਚ ਭਰਤੀ ਹੋਣ ਲਈ ਮੁਫਤ ਟਰੇਨਿੰਗ ਦਿੱਤੀ ਜਾ ਰਹੀ ਹੈ। ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਫਿਰੋਜ਼ਪੁਰ ਦੇ ਕੈਂਪ ਟ ?ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੋ ਯੁਵਕ ਸੀ.ਆਰ.ਪੀ.ਐਫ., ਬੀ.ਐਸ.ਐਫ., ਸੀ.ਏ.ਪੀ.ਐਫ ਅਤੇ ਪੰਜਾਬ ਪੁਲਿਸ ਫੋਰਸ ਆਦਿ ਵਿੱਚ ਭਰਤੀ ਹੋਣਾ ਚਾਹੁੰਦੇ ਹਨ ਅਤੇ ਜਿਨ੍ਹਾਂ ਯੁਵਕਾਂ ਨੇ ਲਿਖਤੀ ਪੇਪਰ ਪਾਸ ਕਰ ਲਿਆ ਹੈ ਅਤੇ ਸਰੀਰਿਕ ਪੇਪਰ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਯੁਵਕ 1 ਜੁਲਾਈ 2025 ਤੋਂ ਸਵੇਰੇ 9 ਵਜੇ ਤੋਂ 11:30 ਵਜੇ ਤੱਕ (ਸੋਮਵਾਰ ਤੋਂ ਸ਼ੁੱਕਰਵਾਰ ਤੱਕ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਫਿਰੋਜ਼ਪੁਰ ਵਿਖੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਉਹਨਾਂ ਦੱਸਿਆ ਕਿ ਕੈਂਪ ਵਿੱਚ ਆਉਣ ਸਮੇਂ ਆਨਲਾਈਨ ਰਜਿਸਟਰੇਸ਼ਨ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ ਤੇ ਫੋਟੋਕਾਪੀ, ਜੋ ਯੁਵਕ ਬਾਰਵ੍ਹੀਂ ਪਾਸ ਹਨ ਉਹ ਬਾਰਵ੍ਹੀਂ ਦਾ ਸਰਟੀਫਿਕੇਟ ਦੀ ਫੋਟੋਕਾਪੀ, ਪੰਜਾਬ ਵਸਨੀਕ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਆਧਾਰ ਕਾਰਡ, ਬੈਂਕ ਖਾਤੇ ਦੀ ਫੋਟੋਕਾਪੀ ਨਾਲ ਜਰੂਰ ਲਿਆਉਣ। ਇਸ ਤੋਂ ਇਲਾਵਾ ਇੱਕ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ, ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਵੀ ਨਾਲ ਲੈ ਕੇ ਆਉਣ।

ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਯੁਵਕ ਦੀ ਛਾਤੀ ਬਿਨ੍ਹਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ, ਪੈਰਾ ਮਿਲਟਰੀ ਫੋਰਸਾਂ/ਪੰਜਾਬ ਪੁਲਿਸ ਲਈ ਛਾਤੀ ਬਿਨਾਂ ਫੁਲਾ ਕੇ 80 ਸੈਂਟੀਮੀਟਰ ਤੇ ਫੁਲਾ ਕੇ 85 ਸੈਂਟੀਮੀਟਰ ਅਤੇ ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਸਰੀਰਿਕ ਤੇ ਲਿਖਤੀ ਪੇਪਰ ਦੀ ਮੁਫਤ ਤਿਆਰੀ ਦੇ ਨਾਲ ਨਾਲ ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁੱਲ ਮੁਫ਼ਤ ਦਿੱਤੀ ਜਾਵੇਗੀ। ਯੁਵਕ ਰੋਜ਼ਾਨਾ ਘਰ ਤੋਂ ਆਉਣ/ਜਾਣ ਵੀ ਕਰ ਸਕਦੇ ਹਨ।

ਵਧੇਰੇ ਜਾਣਕਾਰੀ ਲਈ 73476-66557 ਨੰਬਰ ਉਪਰ ਸੰਪਰਕ ਵੀ ਕੀਤਾ ਜਾ ਸਕਦਾ ਹੈ।

# ਮੁਹਾਲੀ ਕੋਰਟ ਨੇ ਬਿਕਰਮ ਮਜੀਠੀਆ ਨੂੰ ਸੱਤ ਦਿਨਾ ਰਿਮਾਂਡ 'ਤੇ ਭੇਜਿਆ

## 2 ਜੁਲਾਈ ਨੂੰ ਮੁੜ ਕੋਰਟ 'ਚ ਕੀਤਾ ਜਾਵੇਗਾ ਪੇਸ਼; ਬਹਿਸ ਦੌਰਾਨ ਪੁਲੀਸ ਨੇ 12 ਦਿਨਾਂ ਦਾ ਮੰਗਿਆ ਸੀ ਰਿਮਾਂਡ



**ਮੁਹਾਲੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਹਾਲੀ ਦੀ ਜ਼ਿਲ੍ਹਾ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਡਰੱਗ ਮਨੀ ਤੇ ਸਰੋਤਾਂ ਤੋਂ ਵੱਧ ਆਮਦਨ ਮਾਮਲੇ ਵਿਚ ਸੱਤ ਦਿਨਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਉਂਜ ਵਿਜੀਲੈਂਸ ਦੀ ਟੀਮ ਨੇ ਕੋਰਟ ਵਿਚ ਬਹਿਸ ਦੌਰਾਨ ਮਜੀਠੀਆ ਦਾ 12 ਦਿਨਾਂ ਦਾ ਰਿਮਾਂਡ ਮੰਗਿਆ ਸੀ। ਮਜੀਠੀਆ ਨੂੰ ਹੁਣ 2 ਜੁਲਾਈ ਨੂੰ ਮੁੜ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਵਿਜੀਲੈਂਸ ਦੀ ਟੀਮ ਨੇ ਅਕਾਲੀ ਆਗੂ ਨੂੰ ਲੰਘੇ ਦਿਨੀਂ ਉਸ ਦੀ ਅੰਮ੍ਰਿਤਸਰ ਵਿਚ ਗ੍ਰੀਨ ਐਵੇਨਿਊ ਵਿਚਲੀ ਰਿਹਾਇਸ਼ ਤੋਂ ਹਿਰਾਸਤ ਵਿਚ ਲਿਆ ਸੀ।

ਇਸ ਤੋਂ ਪਹਿਲਾਂ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਦੁਪਹਿਰੇ 12 ਵਜੇ ਦੇ ਕਰੀਬ ਮੁਹਾਲੀ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਕੋਰਟ ਵਿਚ ਪੇਸ਼ੀ ਦੇ ਮੱਦੇਨਜ਼ਰ ਜ਼ਿਲ੍ਹਾ ਅਦਾਲਤ ਕੰਪਲੈਕਸ ਨੂੰ ਪੁਲੀਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ।

ਹਿਰਾਸਤ ਵਿਚ ਲੈਣ ਮਗਰੋਂ ਇੱਥੇ ਵਿਜੀਲੈਂਸ ਬਿਊਰੋ ਦੇ ਫੇਜ਼-8 ਵਿਚਲੇ ਮੁੱਖ ਦਫ਼ਤਰ ਵਿਖੇ ਲਿਆਂਦਾ ਗਿਆ ਸੀ। ਪੁੱਛ-ਗਿੱਛ ਕੀਤੇ ਜਾਣ ਤੋਂ ਬਾਅਦ ਅੱਜ ਮਜੀਠੀਆ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ। ਡੀਆਈਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਅਤੇ ਮੁਹਾਲੀ ਦੇ ਐੱਸਐੱਸਪੀ ਹਰਮਨਜੀਤ ਸਿੰਘ ਹਾਂਸ ਖੁਦ ਕਰ ਰਹੇ ਨੇ ਸੁਰੱਖਿਆ ਪ੍ਰਬੰਧਾਂ ਦੀ ਅਗਵਾਈ ਕਰ ਰਹੇ ਹਨ। ਮੁਹਾਲੀ ਅਦਾਲਤ ਦੇ ਦੋਹਾਂ ਗੇਟਾ ਦੀ ਬੈਰੀਕੇਟਿੰਗ ਕੀਤੀ ਗਈ ਹੈ। ਇਸ ਦੌਰਾਨ ਮੀਡੀਆ ਨੂੰ ਵੀ ਅਦਾਲਤੀ ਕੰਪਲੈਕਸ ਦੇ ਅੰਦਰ ਜਾਣ ਦੀ ਇਜਾਜ਼ਤ ਨਹੀ ਹੈ ਅਤੇ ਕਰਮਚਾਰੀਆਂ ਦੇ ਵੀ ਆਈਡੀ ਕਾਰਡ ਵੇਖ ਕੇ ਹੀ ਕੰਪਲੈਕਸ ਅੰਦਰ ਜਾਣ ਦਿੱਤਾ ਜਾ ਰਿਹਾ ਹੈ।

ਉਧਰ ਬਿਕਰਮ ਮਜੀਠੀਆ ਦੇ ਵਕੀਲ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਅਤੇ ਵਕੀਲਾਂ ਦੀ ਟੀਮ ਅਦਾਲਤ 'ਚ ਪਹੁੰਚੀ ਹੈ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਵੱਖ ਵੱਖ ਥਾਵਾਂ ਤੋਂ ਅਕਾਲੀ ਵਰਕਰ ਪਹੁੰਚ ਮੌਕੇ 'ਤੇ ਪਹੁੰਚਣ ਲੱਗੇ ਹਨ।

ਮੌਕੇ 'ਤੇ ਪਹੁੰਚੇ ਸ੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ। ਫੋਟੋ ਰਵੀ ਕੁਮਾਰ

ਉਧਰ ਜਿਵੇਂ ਹੀ ਮੁਹਾਲੀ ਅਦਾਲਤ ਦੇ ਬਾਹਰ ਵੱਡੀ ਗਿਣਤੀ ਅਕਾਲੀ ਵਰਕਰ ਇਕੱਠੇ ਹੋਣ ਲੱਗੇ ਤਾਂ ਪੁਲੀਸ ਨੇ ਉੱਥੇ ਮੌਜੂਦ ਕਰੀਬ ਦੋ ਦਰਜਨ ਤੋਂ ਵੱਧ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਬੱਸਾਂ ਵਿਚ ਬਿਠਾ ਕੇ ਲਿਜਾਇਆ ਗਿਆ ਹੈ। ਇਸ ਦੌਰਾਨ ਹਿਰਾਸਤ ਵਿਚ ਲਏ ਗਏ ਆਗੂਆਂ ਵਿਚ ਪਰਵਿੰਦਰ ਸਿੰਘ ਸੋਹਾਣਾ ਅਤੇ ਹੋਰ ਸੀਨੀਅਰ ਆਗੂਆਂ ਮੌਜੂਦ ਹਨ।

# ਭਾਰਤ ਵੱਲੋਂ ਅਤਿਵਾਦ ਬਾਰੇ SCO ਐਲਾਨਨਾਮੇ 'ਤੇ ਦਸਤਖ਼ਤ ਤੋਂ ਇਨਕਾਰ

## ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਾਲੇ ਵਫ਼ਦ ਨੇ ਪਹਿਲਗਾਮ ਹਮਲੇ ਦਾ ਜ਼ਿਕਰ ਨਾ ਹੋਣ 'ਤੇ ਇਤਰਾਜ਼ ਜਤਾਇਆ

**ਨਵੀਂ ਦਿੱਲੀ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੀਨ ਦੇ ਕਿੰਗਦਾਓ ਵਿੱਚ ਸ਼ੰਘਾਈ ਸਹਿਯੋਗ ਸੰਗਠਨ (SCO) ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਇੱਕ ਸਾਂਝੇ ਐਲਾਨਨਾਮੇ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਇਸ ਵਿੱਚ ਪਹਿਲਗਾਮ ਦਹਿਸ਼ਤੀ ਹਮਲੇ ਦਾ ਜ਼ਿਕਰ ਨਹੀਂ ਸੀ। ਸੂਤਰਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਅਤਿਵਾਦ ਬਾਰੇ ਇੱਕ ਖਰੜੇ ਦੇ ਸਾਂਝੇ ਐਲਾਨਨਾਮੇ 'ਤੇ ਚਰਚਾ ਕੀਤੀ ਗਈ ਸੀ, ਹਾਲਾਂਕਿ ਇਹ ਅਤਿਵਾਦ ਦੇ ਟਾਕਰੇ ਬਾਰੇ ਭਾਰਤ ਦੇ ਰੁਖ਼ ਨੂੰ ਨਹੀਂ ਦਰਸਾਉਂਦਾ।

ਭਾਰਤ ਦੇ ਇਤਰਾਜ਼ਾਂ ਤੋਂ ਬਾਅਦ 'ਸਾਂਝੇ ਐਲਾਨਨਾਮੇ' ਨੂੰ ਰੋਕ ਲਿਆ ਗਿਆ ਹੈ। ਭਾਰਤ, ਪਾਕਿਸਤਾਨ 'ਤੇ ਪਹਿਲਗਾਮ ਦਹਿਸ਼ਤੀ ਹਮਲੇ ਦੀ ਸਾਜ਼ਿਸ਼ ਘੜਨ, ਮਦਦ ਕਰਨ, ਉਕਸਾਉਣ ਅਤੇ ਵਿੱਤੀ ਸਹਿਯੋਗ ਦਾ ਦੋਸ਼ ਲਗਾਉਂਦਾ ਹੈ। ਪਾਕਿਸਤਾਨ ਨੇ SCO ਦੇ ਸਾਂਝੇ ਐਲਾਨਨਾਮੇ ਵਿੱਚ ਮਾਰਚ 'ਚ ਬਲੋਚਿਸਤਾਨ ਵਿਚ ਹੋਏ ਹਮਲੇ (ਜਾਫਰ ਐਕਸਪ੍ਰੈਸ ਹਾਈਜੈਕਿੰਗ) ਨੂੰ ਸ਼ਾਮਲ ਕਰਨ ਤੇ ਪਹਿਲਗਾਮ ਹਮਲੇ ਨੂੰ ਬਾਹਰ ਰੱਖੇ ਜਾਣ ਦੀ ਕੋਸ਼ਿਸ਼ ਕੀਤੀ। ਰਾਜਨਾਥ ਸਿੰਘ ਅਤੇ ਉਨ੍ਹਾਂ ਦੇ ਵਫ਼ਦ ਨੇ ਇਸ 'ਤੇ ਇਤਰਾਜ਼ ਜਤਾਇਆ।

ਨਵੀਂ ਦਿੱਲੀ ਨੇ ਬਲੋਚਿਸਤਾਨ ਵਿੱਚ ਆਪਣੀ ਸ਼ਮੂਲੀਅਤ ਬਾਰੇ ਪਾਕਿਸਤਾਨ ਦੇ ਦੋਸ਼ਾਂ ਨੂੰ ਲਗਾਤਾਰ ਖਾਰਜ ਕੀਤਾ ਹੈ ਅਤੇ ਕਿਹਾ ਹੈ ਕਿ ਇਸਲਾਮਾਬਾਦ ਨੂੰ ਅੰਤਰਝਾਤ ਦੀ ਲੋੜ ਹੈ ਅਤੇ ਦੋਸ਼ ਮੜਨ ਦੀ ਥਾਂ ਅਤਿਵਾਦ ਦਾ ਸਮਰਥਨ ਕਰਨਾ ਬੰਦ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਮੀਟਿੰਗ ਵਿੱਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਰਾਜਨਾਥ ਸਿੰਘ ਨੇ ਪਾਕਿਸਤਾਨ ਦਾ ਨਾਮ ਲਏ ਬਿਨਾਂ ਕਿਹਾ ਕਿ ਕੁਝ ਦੇਸ਼ ਸਰਹੱਦ ਪਾਰ ਅਤਿਵਾਦ ਨੂੰ ਨੀਤੀ ਦੇ ਇੱਕ ਸਾਧਨ ਵਜੋਂ ਵਰਤਦੇ ਹਨ ਅਤੇ ਅਤਿਵਾਦੀਆਂ ਨੂੰ ਪਨਾਹ ਦਿੰਦੇ ਹਨ। ਅਜਿਹੇ ਦੋਹਰੇ ਮਾਪਦੰਡਾਂ ਲਈ ਕੋਈ ਥਾਂ ਨਹੀਂ ਹੋਣੀ ਚਾਹੀਦੀ।

ਪਾਕਿਸਤਾਨ SCO ਦਾ ਮੈਂਬਰ ਹੈ ਅਤੇ ਇਸ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਮੀਟਿੰਗ ਵਿੱਚ ਮੌਜੂਦ ਸਨ। ਭਾਰਤੀ ਵਫ਼ਦ ਦੇ ਸੂਤਰਾਂ ਨੇ ਕਿਹਾ ਕਿ "ਰਾਜਨਾਥ ਸਿੰਘ ਅਤੇ ਆਸਿਫ ਵਿਚਕਾਰ ਕੋਈ ਮੁਲਾਕਾਤ ਨਹੀਂ ਹੋਈ।" ਰਾਜਨਾਥ ਸਿੰਘ ਨੇ ਇਹ ਵੀ ਕਿਹਾ ਕਿ ਦੇਸ਼ਾਂ ਨੂੰ ਅਤਿਵਾਦੀਆਂ ਦੁਆਰਾ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰ ਤਸਕਰੀ ਲਈ ਡਰੋਨ ਸਮੇਤ ਵਰਤੀਆਂ ਜਾਂਦੀਆਂ ਤਕਨਾਲੋਜੀਆਂ ਦਾ ਮੁਕਾਬਲਾ ਕਰਨ ਦੀ ਲੋੜ ਹੈ।

ਉਨ੍ਹਾਂ ਹੋਰ ਕਿਹਾ, "ਸਾਨੂੰ ਚੁਣੌਤੀਆਂ ਦੇ ਇੱਕ ਗੁੰਝਲਦਾਰ ਜਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕੌਮਾਂਤਰੀ ਅਤਿਵਾਦ ਅਤੇ ਸਾਈਬਰ-ਹਮਲਿਆਂ ਤੋਂ ਲੈ ਕੇ ਹਾਈਬ੍ਰਿਡ ਯੁੱਧ ਤੱਕ ਫੈਲੇ ਹੋਏ ਹਨ।" ਰਾਜਨਾਥ ਸਿੰਘ ਇਸ ਸਮੇਂ SCO ਰੱਖਿਆ ਮੰਤਰੀਆਂ ਦੀ ਬੈਠਕ ਵਿੱਚ ਸ਼ਾਮਲ ਹੋਣ ਲਈ ਚੀਨ ਦੇ ਕਿੰਗਦਾਓ ਵਿੱਚ ਹਨ। ਸੰਮੇਲਨ ਵਿੱਚ ਰੂਸ, ਪਾਕਿਸਤਾਨ ਅਤੇ ਚੀਨ ਸਮੇਤ ਮੈਂਬਰ ਦੇਸ਼ਾਂ ਵੱਲੋਂ ਖੇਤਰੀ ਅਤੇ ਕੌਮਾਂਤਰੀ ਸੁਰੱਖਿਆ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਜਾ ਰਹੀ ਹੈ। 2001 ਵਿੱਚ ਸਥਾਪਿਤ SCO ਦਾ ਉਦੇਸ਼ ਸਹਿਯੋਗ ਰਾਹੀਂ ਖੇਤਰੀ ਸਥਿਰਤਾ ਨੂੰ ਉਤਸ਼ਾਹਿਤ ਕਰਨਾ ਹੈ। ਬਲਾਕ ਵਿੱਚ ਵਰਤਮਾਨ ਵਿੱਚ 10 ਮੈਂਬਰ ਦੇਸ਼ ਹਨ, ਜਿਨ੍ਹਾਂ ਵਿਚ ਬੇਲਾਰੂਸ, ਚੀਨ, ਭਾਰਤ, ਇਰਾਨ, ਕਜ਼ਾਖਿਸਤਾਨ, ਕਿਰਗਿਸਤਾਨ, ਪਾਕਿਸਤਾਨ, ਰੂਸ, ਤਾਜਿਕਸਤਾਨ ਅਤੇ ਉਜ਼ਬੇਕਿਸਤਾਨ ਸ਼ਾਮਲ ਹਨ।

# ਭਾਰਤ ਨੇ ਯੂਐੱਨ 'ਚ ਪਾਕਿ ਦੀਆਂ ਬੇਬੁਨਿਆਦ ਟਿੱਪਣੀਆਂ ਖਿਲਾਫ਼ ਇਤਰਾਜ਼ ਜਤਾਇਆ

**ਸੰਯੁਕਤ ਰਾਸ਼ਟਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਨੇ ਪਾਕਿਸਤਾਨ ਦੀਆਂ ਬੇਬੁਨਿਆਦ ਟਿੱਪਣੀਆਂ, ਦੇਸ਼ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ ਅਤੇ ਸਰਹੱਦ ਪਾਰ ਅਤਿਵਾਦ ਤੋਂ ਧਿਆਨ ਭਟਕਾਉਣ ਦੀਆਂ ਕੋਸ਼ਿਸ਼ਾਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ। ਭਾਰਤ ਨੇ ਜ਼ੋਰ ਦਿੰਦਿਆਂ ਕਿ ਦੁਨੀਆ ਪਹਿਲਗਾਮ ਹਮਲੇ ਨੂੰ ਨਹੀਂ ਭੁੱਲੀ ਹੈ।

ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਰਾਜਦੂਤ ਪੀ. ਹਰੀਸ਼ ਨੇ ਕਿਹਾ, "ਮੈਂ 3113 (ਬੱਚੇ ਅਤੇ ਹਥਿਆਰਬੰਦ ਸੰਘਰਸ਼) ਏਜੰਡੇ ਦੇ ਗੰਭੀਰ ਉਲੰਘਣਾ ਕਰਨ ਵਾਲਿਆਂ ਵਿੱਚੋਂ ਇੱਕ ਪਾਕਿਸਤਾਨ ਦੇ ਪ੍ਰਤੀਨਿਧੀ ਵਲੋਂ ਕੀਤੀਆਂ ਗਈਆਂ ਸਿਆਸੀ ਤੌਰ 'ਤੇ ਪ੍ਰੇਰਿਤ ਟਿੱਪਣੀਆਂ ਦਾ ਜਵਾਬ ਦੇਣ ਲਈ ਮਜਬੂਰ ਹਾਂ।"

'ਬੱਚਿਆਂ ਵਿਰੁੱਧ ਗੰਭੀਰ ਉਲੰਘਣਾਵਾਂ ਨੂੰ ਖਤਮ ਕਰਨ ਅਤੇ ਰੋਕਣ ਲਈ ਪ੍ਰਭਾਵੀ ਰਣਨੀਤੀਆਂ' 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਖੁੱਲ੍ਹੀ ਬਹਿਸ ਵਿੱਚ ਦਿੱਤੇ ਇੱਕ ਬਿਆਨ ਵਿੱਚ ਹਰੀਸ਼ ਨੇ ਕਿਹਾ ਕਿ ਪਾਕਿਸਤਾਨ ਸੰਯੁਕਤ ਰਾਸ਼ਟਰ ਦੀਆਂ ਪ੍ਰਕਿਰਿਆਵਾਂ 'ਤੇ ਬੇਬੁਨਿਆਦ ਦੋਸ਼ ਲਗਾ ਰਿਹਾ ਹੈ ਅਤੇ ਆਪਣੇ ਭੈੜੇ ਏਜੰਡੇ ਨੂੰ ਪੂਰਾ ਕਰਨ ਲਈ ਭਾਰਤ ਨੂੰ ਵੱਖ-ਵੱਖ ਚਰਚਾਵਾਂ ਵਿੱਚ ਬਦਨਾਮ ਕਰ ਰਿਹਾ ਹੈ।

ਹਰੀਸ਼ ਨੇ ਕਿਹਾ, "ਅਸੀਂ ਪਾਕਿਸਤਾਨ ਵੱਲੋਂ ਆਪਣੇ ਦੇਸ਼ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ, ਜਿਵੇਂ ਕਿ ਸਕੱਤਰ ਜਨਰਲ ਦੀ ਰਿਪੋਰਟ ਵਿੱਚ ਉਜਾਗਰ ਕੀਤਾ ਗਿਆ ਹੈ ਅਤੇ ਨਾਲ ਹੀ ਉਨ੍ਹਾਂ ਦੇ ਵੱਧ ਰਹੇ ਸਰਹੱਦ ਪਾਰ ਅਤਿਵਾਦ ਤੋਂ ਧਿਆਨ ਭਟਕਾਉਣ ਦੀ ਇਸ ਕੋਸ਼ਿਸ਼ ਨੂੰ ਰੱਦ ਕਰਦੇ ਹਾਂ।"

ਉਨ੍ਹਾਂ ਦੱਸਿਆ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਦੀ 3113 ਬਾਰੇ ਰਿਪੋਰਟ ਵਿੱਚ ਪਾਕਿਸਤਾਨ ਵਿੱਚ ਹਥਿਆਰਬੰਦ ਸੰਘਰਸ਼ ਵਿੱਚ ਬੱਚਿਆਂ ਵਿਰੁੱਧ ਗੰਭੀਰ ਉਲੰਘਣਾਵਾਂ ਦਾ ਵੇਰਵਾ ਦਿੱਤਾ ਗਿਆ ਹੈ।

# ਪੰਜਾਬ ਕੈਬਨਿਟ ਵੱਲੋਂ ਸਨਅਤੀ ਪਲਾਟਾਂ ਸਬੰਧੀ ਦੋ ਅਹਿਮ ਫੈਸਲਿਆਂ ਨੂੰ ਹਰੀ ਝੰਡੀ

## ਸੂਬਾ ਸਰਕਾਰ ਨੂੰ 1000 ਕਰੋੜ ਰੁਪਏ ਦੀ ਕਮਾਈ ਹੋਣ ਦਾ ਅਨੁਮਾਨ



**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕੈਬਨਿਟ ਨੇ ਸਨਅਤੀ ਪਲਾਟਾਂ ਨੂੰ ਲੀਜ਼ਹੋਲਡ ਤੋਂ ਫ ?ਰੀਹੋਲਡ ਵਿੱਚ ਬਦਲਣ ਤੇ ਸਨਅਤੀ ਪਲਾਟਾਂ ਦੀ ਜ਼ਮੀਨੀ ਵਰਤੋਂ ਵਿੱਚ ਤਬਦੀਲੀ ਸਬੰਧੀ ਦੋ ਮਹੱਤਵਪੂਰਨ ਨੀਤੀਆਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਦੋਵੇਂ ਫੈਸਲੇ ਅੱਜ ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਲਏ ਗਏ।

ਕੈਬਨਿਟ ਬੈਠਕ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ ਤੇ ਸਨਅਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਦੇ ਉਦਯੋਗਪਤੀਆਂ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਸਨਅਤੀ ਪਲਾਟਾਂ ਨੂੰ ਲੀਜ਼ਹੋਲਡ ਤੋਂ ਫ ?ਰੀਹੋਲਡ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਜਾ ਰਹੀ ਸੀ। ਉਸੇ ਮੰਗ ਨੂੰ ਪੂਰਾ ਕਰਦਿਆਂ ਅੱਜ ਇਹ ਫੈਸਲਾ ਲਿਆ ਗਿਆ ਹੈ।

ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਸੂਬਾ ਸਰਕਾਰ ਨੂੰ 1000 ਕਰੋੜ ਰੁਪਏ ਦੇ ਕਰੀਬ ਦੀ ਕਮਾਈ ਹੋਵੇਗੀ। ਉਨ੍ਹਾਂ ਕਿਹਾ ਕਿ ਲੈਂਡ ਯੂਜ਼ ਨੀਤੀ ਨਾਲ ਲੋਕ ਸਨਅਤੀ ਪਲਾਟਾਂ 'ਤੇ ਵਪਾਰਕ ਅਦਾਰੇ, ਹੋਟਲ, ਕਨਵੈਨਸ਼ਨ ਸੈਂਟਰ, ਹਸਪਤਾਲ ਅਤੇ ਹੋਸਟਲ ਚਲਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਫੈਸਲਿਆਂ ਨਾਲ ਪੰਜਾਬ ਵਿੱਚ ਸਨਅਤਕਾਰਾਂ ਨੂੰ ਵੱਡੀ ਰਾਹਤ ਮਿਲੇਗੀ ਜੋ ਪਿਛਲੇ ਲੰਬੇ ਸਮੇਂ ਤੋਂ ਆਪਣੀ ਸਨਅਤੀ ਜ਼ਮੀਨ ਦੀ ਸਹੀ ਢੰਗ ਨਾਲ ਵਰਤੋਂ ਨਹੀਂ ਕਰ ਪਾ ਰਹੇ ਸਨ।

# ਭਾਰਤੀ ਚੋਣ ਕਮਿਸ਼ਨ ਵੱਲੋਂ 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ ਵਿੱਚੋਂ ਹਟਾਉਣ ਦੀ ਕਾਰਵਾਈ ਸ਼ੁਰੂ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਭਾਰਤੀ ਚੋਣ ਕਮਿਸ਼ਨ ਨੇ ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੇ ਨਾਲ ਮਿਲ ਕੇ 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਸੂਚੀ ਵਿੱਚੋਂ ਹਟਾਉਣ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜੋ 2019 ਤੋਂ ਪਿਛਲੇ ਛੇ ਸਾਲਾਂ ਵਿੱਚ ਇੱਕ ਵੀ ਚੋਣ ਲੜਨ ਦੀ ਲੋੜੀਂਦੀ ਸ਼ਰਤ ਨੂੰ ਪੂਰਾ ਕਰਨ ਵਿੱਚ ਅਸਫਲ ਰਹੀਆਂ ਹਨ ਅਤੇ ਜਿਨ੍ਹਾਂ ਦੇ ਦਫ਼ਤਰਾਂ ਦਾ ਭੌਤਿਕ ਤੌਰ 'ਤੇ ਪਤਾ ਨਹੀਂ ਲਗਾਇਆ ਜਾ ਸਕਿਆ। ਇਹ 345 ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਸਬੰਧਤ ਹਨ। ਕਮਿਸ਼ਨ ਦੇ ਧਿਆਨ ਵਿੱਚ ਇਹ ਆਇਆ ਹੈ ਕਿ ਮੌਜੂਦਾ ਸਮੇਂ ਭਾਰਤੀ ਚੋਣ ਕਮਿਸ਼ਨ ਕੋਲ ਰਜਿਸਟਰਡ 2,800 ਤੋਂ ਵੱਧ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵਿੱਚੋਂ ਕਾਫੀ ਪਾਰਟੀਆਂ ਲੋੜੀਂਦੀਆਂ ਸ਼ਰਤਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀਆਂ ਹਨ। ਇਸ ਲਈ ਭਾਰਤੀ ਚੋਣ ਕਮਿਸ਼ਨ ਵੱਲੋਂ ਅਜਿਹੀਆਂ ਪਾਰਟੀਆਂ ਦੀ ਪਛਾਣ ਕਰਨ ਲਈ ਇੱਕ ਦੇਸ਼ ਵਿਆਪੀ ਅਭਿਆਸ ਚਲਾਇਆ ਗਿਆ ਸੀ ਅਤੇ ਹੁਣ ਤੱਕ 345 ਅਜਿਹੀਆਂ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਇਹ ਯਕੀਨੀ ਬਣਾਉਣ ਲਈ ਕਿ ਕਿਸੇ ਵੀ ਪਾਰਟੀ ਨੂੰ ਬੇਲੋੜੇ ਤੌਰ 'ਤੇ ਸੂਚੀ ਵਿੱਚੋਂ ਨਾ ਹਟਾਇਆ ਜਾਵੇ, ਇਸ ਲਈ ਸਬੰਧਤ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਅਜਿਹੀਆਂ ਰਜਿਸਟਰਡ ਗੈਰ-ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਡਿਪਟੀ ਕਮਿਸ਼ਨਰ ਵੱਲੋਂ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੇ ਲੀਲ੍ਹਾ ਭਵਨ ਚੌਂਕ ਦੇ ਚੱਲ ਰਹੇ ਕੰਮ ਦਾ ਜਾਇਜ਼ਾ

**ਪਟਿਆਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਪਾਉਣ ਲਈ ਪੁੱਟੇ ਲੀਲ੍ਹਾ ਭਵਨ ਚੌਂਕ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲੈਂਦਿਆਂ ਐਲ ਐਂਡ ਟੀ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੁਲਾਈ ਦੇ ਪਹਿਲੇ ਹਫਤੇ ਸਕੂਲ ਖੁੱਲਣ ਤੋਂ ਪਹਿਲਾਂ ਲੀਲ੍ਹਾ ਭਵਨ ਚੌਂਕ 'ਚ ਪਾਈਪਾਂ ਪਾਉਣ ਦਾ ਕੰਮ ਮੁਕੰਮਲ ਕੀਤਾ ਜਾਵੇ।

ਉਨ੍ਹਾਂ ਲੀਲ੍ਹਾ ਭਵਨ ਚੌਂਕ ਦਾ 24 ਘੰਟੇ (ਦਿਨ- ਰਾਤ) ਕੰਮ ਚਾਲੂ ਰੱਖਣ ਦੀ ਹਦਾਇਤ ਕਰਦਿਆਂ ਕਿਹਾ ਕਿ ਲੀਲ੍ਹਾ ਭਵਨ ਚੌਂਕ ਸ਼ਹਿਰ ਦਾ ਮੁੱਖ ਚੌਂਕ ਹੈ, ਜਿਸ ਤੋਂ ਰੋਜ਼ਾਨਾ ਹਜ਼ਾਰਾਂ ਵਾਹਨ ਲੰਘਦੇ ਹਨ, ਇਸ ਲਈ ਇਸ ਸੜਕ ਨੂੰ ਮੋਟਰਏਬਲ ਨਾਲੋਂ ਨਾਲ ਕੀਤੀ ਜਾਵੇ ਤਾਂ ਜੋ ਸ਼ਹਿਰ ਦੇ ਸਭ ਤੋਂ ਵੱਧ ਟਰੈਫਿਕ ਵਾਲੇ ਖੇਤਰ ਵਿੱਚ ਲੋਕਾਂ ਨੂੰ ਘੱਟ ਤੋਂ ਘੱਟ ਸਮੱਸਿਆ ਦਾ ਸਾਹਮਣਾ ਕਰਨਾ ਪਵੇ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜਿਨ੍ਹਾਂ ਥਾਵਾਂ 'ਤੇ ਸੜਕ ਨੂੰ ਪੁੱਟਿਆਂ ਗਿਆ ਹੈ, ਉੱਥੇ ਸਹੀ ਸਾਈਨ ਬੋਰਡ ਵੀ ਲਗਾਏ ਜਾਣ ਤਾਂ ਜੋ ਰਾਹਗੀਰਾਂ ਨੂੰ ਸੜਕ 'ਤੇ ਚੱਲ ਰਹੇ ਕੰਮ ਦਾ ਪਤਾ ਲਗਦਾ ਰਹੇ। ਉਨ੍ਹਾਂ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਸੜਕ ਦੀ ਮੁਰੰਮਤ ਦੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਵਿਕਾਸ ਧਵਨ ਨੇ ਦੱਸਿਆ ਕਿ ਡਾਕਖਾਨੇ ਤੋਂ ਲੀਲ੍ਹਾ ਭਵਨ ਪਾਰ ਕਰਨ ਦਾ ਕੰਮ ਅਗਲੇ ਪੰਜ ਦਿਨ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਇਸ ਤੋਂ ਇਲਾਵਾ ਗੋਪਾਲ ਸਵੀਟਸ ਚੌਂਕ ਤੋਂ ਬਾਰਾਦਰੀ ਵੱਲ ਪਾਈਪਾਂ ਪਾਉਣ ਦਾ ਕੰਮ ਅਗਲੇ 20 ਦਿਨਾਂ ਦੇ ਅੰਦਰ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਾਈਪ ਪਾਉਣ ਤੋਂ ਬਾਅਦ ਪਾਈਪਾਂ ਦੀ ਟੈਸਟਿੰਗ ਕੀਤੀ ਜਾਂਦੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਲੀਕੇਜ ਹੋਣ 'ਤੇ ਉਸ ਨੂੰ ਮੌਕੇ 'ਤੇ ਹੀ ਠੀਕ ਕਰ ਲਿਆ ਜਾਵੇ, ਇਸ ਤੋਂ ਤੁਰੰਤ ਬਾਅਦ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਜਾਂਦਾ ਹੈ।

# ਹਿਮਾਚਲ ਪ੍ਰਦੇਸ਼ 'ਚ ਬੱਦਲ ਫਟਣ ਨਾਲ ਲਾਪਤਾ ਲੋਕਾਂ ਦੀ ਭਾਲ ਤੇਜ਼, ਸੂਬਾ ਸਰਕਾਰ ਵੱਲੋਂ ਸੈਲਾਨੀਆਂ ਲਈ ਐਡਵਾਈਜ਼ਰੀ ਜਾਰੀ

## ਕਾਂਗੜਾ ਵਿਚ 2 ਮੌਤਾਂ, 8 ਲਾਪਤਾ; ਕੁੱਲੂ ਵਿਚ 9 ਜਣੇ ਰੁੜੇ, ਅਗਲੇ 24 ਘੰਟਿਆਂ 'ਚ ਹਲਕੇ ਤੋਂ ਦਰਮਿਆਨੇ ਹੜ੍ਹਾਂ ਦੀ ਚੇਤਾਵਨੀ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਸੰਭਾਵਨਾ ਦਰਮਿਆਨ ਅਗਲੇ 24 ਘੰਟਿਆਂ ਵਿਚ ਸ਼ਿਮਲਾ, ਮੰਡੀ, ਕਾਂਗੜਾ, ਸਿਰਮੌਰ ਤੇ ਚੰਬਾ ਜ਼ਿਲ੍ਹਿਆਂ ਦੇ ਨਦੀਆਂ ਨਾਲਿਆਂ ਤੇ ਨੇੜਲੇ ਇਲਾਕਿਆਂ ਵਿਚ ਹਲਕੇ ਤੋਂ ਦਰਮਿਆਨੇ ਹੜ੍ਹਾਂ ਦੀ ਚੇਤਾਵਨੀ ਦਿੱਤੀ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਕਿਹਾ ਕਿ ਹਿਮਾਚਲ ਦੇ ਕਾਂਗੜਾ ਅਤੇ ਕੁੱਲੂ ਜ਼ਿਲ੍ਹਿਆਂ ਵਿੱਚ ਬੱਦਲ ਫਟਣ ਕਾਰਨ ਆਏ ਅਚਾਨਕ ਹੜ੍ਹਾਂ ਤੋਂ ਬਾਅਦ ਲਾਪਤਾ ਹੋਏ 10 ਲੋਕਾਂ ਦਾ ਪਤਾ ਲਗਾਉਣ ਲਈ ਖੋਜ ਕਾਰਜ ਤੇਜ਼ ਕਰ ਦਿੱਤੇ ਗਏ ਹਨ ਜਦੋਂਕਿ ਕੁਝ ਨੂੰ ਬਚਾ ਲਿਆ ਗਿਆ ਹੈ। ਇਸ ਦੌਰਾਨ ਹਿਮਾਚਲ ਪ੍ਰਦੇਸ਼ ਸਰਕਾਰ ਨੇ ਸੈਲਾਨੀਆਂ ਨੂੰ ਮੌਨਸੂਨ ਸੀਜ਼ਨ ਦੌਰਾਨ ਨਦੀਆਂ ਨਾਲਿਆਂ ਦੇ ਨੇੜੇ ਤੇ ਨੀਵੇਂ ਇਲਾਕਿਆਂ ਵਿਚ ਜਾਣ ਤੋਂ ਵਰਜਦਿਆਂ ਐਡਵਾਈਜ਼ਰੀ ਜਾਰੀ ਕੀਤੀ ਹੈ। ਸਰਕਾਰ ਨੇ ਕਿਹਾ ਕਿ ਮੌਨਸੂਨ ਦੌਰਾਨ ਸੁਰੱਖਿਆ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।

ਬੀਤੀ ਸ਼ਾਮ ਨੂੰ ਭਾਰੀ ਮੀਂਹ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦੋਂ ਕਿ ਕਰੀਬ 20 ਲੋਕਾਂ ਦੇ ਰੁੜ੍ਹ ਜਾਣ ਦਾ ਖਦਸ਼ਾ ਹੈ। ਹਾਲਾਂਕਿ ਕੁਝ ਲਾਪਤਾ ਲੋਕਾਂ ਨੂੰ ਬਚਾ ਲਿਆ ਗਿਆ ਹੈ। ਕਾਂਗੜਾ ਵਿੱਚ ਬੱਦਲ ਫਟਣ ਕਾਰਨ ਅਚਾਨਕ ਆਏ ਹੜ੍ਹ ਵਿਚ ਬੁੱਧਵਾਰ ਸ਼ਾਮ ਨੂੰ ਖਨਿਆਰਾ ਪਿੰਡ ਨੇੜੇ ਇੰਦਰਾ ਪ੍ਰਿਯਦਰਸ਼ਨੀ ਪਣ-ਬਿਜਲੀ ਪ੍ਰੋਜੈਕਟ 'ਤੇ ਕੰਮ ਕਰ ਰਹੇ ਮਜ਼ਦੂਰ ਵਹਿ ਗਏ। ਅੱਠ ਮਜ਼ਦੂਰ ਲਾਪਤਾ ਹਨ ਅਤੇ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ।

ਸਥਾਨਕ ਪ੍ਰਸ਼ਾਸਨ ਵੱਲੋਂ 170 ਤੋਂ ਵੱਧ ਮਜ਼ਦੂਰਾਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਉਨ੍ਹਾਂ ਦੇ ਰੈਣ ਬਸੇਰੇ ਦਾ ਪ੍ਰਬੰਧ ਕੀਤਾ ਗਿਆ ਹੈ। ਡਰੋਨ ਦੀ ਮਦਦ ਨਾਲ ਬਚਾਅ ਕਾਰਜ ਵੀਰਵਾਰ ਨੂੰ ਵੀ ਜਾਰੀ ਰਹੇ। ਨੇੜਲੇ ਜੰਗਲਾਂ ਵਿੱਚ ਇੱਕ ਮਜ਼ਦੂਰ ਅਜੇ ਵੀ ਲਾਪਤਾ ਹੈ। ਅਧਿਕਾਰੀਆਂ ਨੇ ਜਿੱਥੇ ਇਸ ਨੂੰ ਕੁਦਰਤੀ ਆਫ਼ਤ ਦੱਸਿਆ, ਉਥੇ ਕੁਝ ਮਜ਼ਦੂਰਾਂ ਨੇ ਇਸ ਦੁਖਾਂਤ ਲਈ ਗੈਰ-ਕਾਨੂੰਨੀ ਮਾਈਨਿੰਗ ਅਤੇ ਨਾਲੇ ਨੇੜੇ ਅਸੁਰੱਖਿਅਤ ਰੈਣ ਬਸੇਰੇ ਨੂੰ ਜ਼ਿੰਮੇਵਾਰ ਦੱਸਿਆ।

ਕੁੱਲੂ ਜ਼ਿਲ੍ਹੇ ਦੇ ਰੇਹਲਾ ਬਿਹਾਲ ਵਿਚ ਤਿੰਨ ਵਿਅਕਤੀ, ਜੋ ਆਪਣੇ ਘਰਾਂ ਤੋਂ ਕੀਮਤੀ ਸਮਾਨ ਲਿਜਾਣ ਦੀ ਕੋਸ਼ਿਸ਼ ਕਰਦੇ ਹੋਏ ਹੜ੍ਹ ਵਿੱਚ ਵਹਿ ਗਏ ਸਨ, ਅਜੇ ਵੀ ਲਾਪਤਾ ਹਨ। ਡਿਪਟੀ ਕਮਿਸ਼ਨਰ ਹੇਮਰਾਜ ਬੈਰਵਾ ਨੇ ਮੌਕੇ ਦਾ ਦੌਰਾ ਕਰਨ ਤੋਂ ਬਾਅਦ, ਸੂਬਾਈ ਆਫ਼ਤ ਰਿਸਪਾਂਸ ਫੋਰਸ (SDRF) ਦੀਆਂ ਦੋ ਟੀਮਾਂ ਅਤੇ ਹੋਮ ਗਾਰਡਾਂ ਦੀ ਇੱਕ ਟੀਮ ਨੂੰ ਮੌਕੇ 'ਤੇ ਤਾਇਨਾਤ ਕੀਤਾ ਹੈ। ਕੌਮੀ ਆਫ਼ਤ ਰਿਸਪਾਂਸ ਫੋਰਸ (NDRF) ਨੂੰ ਵੀ ਬਚਾਅ ਕਾਰਜਾਂ ਲਈ ਬੁਲਾਇਆ ਗਿਆ ਹੈ।

ਪਣਬਿਜਲੀ ਪ੍ਰੋਜੈਕਟ ਵਾਲੀ ਥਾਂ 'ਤੇ ਛੇ ਲੋਕਾਂ ਦੇ ਹੜ੍ਹ ਵਿੱਚ ਰੁੜ੍ਹਨ ਦਾ ਖਦਸ਼ਾ ਹੈ ਜਦੋਂ ਕਿ ਇੱਕ ਵਿਅਕਤੀ ਆਪਣੇ ਆਪ ਨੂੰ ਬਚਾਉਣ ਲਈ ਨੇੜਲੀ ਪਹਾੜੀ ਵੱਲ ਭੱਜਦਾ ਦੇਖਿਆ ਗਿਆ। ਡੀਸੀ ਨੇ ਕਿਹਾ ਕਿ ਉਸ ਦੇ ਟਿਕਾਣੇ ਬਾਰੇ ਅਜੇ ਪਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਬਾਕੀਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ ਜਦੋਂਕਿ ਖੋਜ ਅਤੇ ਬਚਾਅ ਕਾਰਜ ਪਹਿਲੀ ਤਰਜੀਹ ਹਨ। ਲਾਪਤਾ ਲੋਕਾਂ ਵਿਚੋਂ ਕੁਝ ਹਿਮਾਚਲ ਪ੍ਰਦੇਸ਼ ਦੇ ਨੂਰਪੁਰ ਅਤੇ ਚੰਬਾ ਖੇਤਰਾਂ ਤੋਂ ਹਨ ਅਤੇ ਕੁਝ ਉੱਤਰ ਪ੍ਰਦੇਸ਼ ਤੋਂ ਹਨ।

ਉਧਰ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਮਨੂਨੀ ਖੱਡ ਵਿੱਚ ਪਾਣੀ ਦੇ ਵਹਾਅ ਵਿੱਚ ਅਚਾਨਕ ਵਾਧੇ ਕਾਰਨ ਵਹਿ ਗਏ ਮਜ਼ਦੂਰਾਂ ਦੇ ਦੁਖੀ ਪਰਿਵਾਰਾਂ ਪ੍ਰਤੀ ਸੰਵੇਦਨਾ ਜਤਾਈ ਹੈ। ਨੱਢਾ ਨੇ ਇਕ ਬਿਆਨ ਵਿਚ ਕਿਹਾ, "ਇਸ ਸੰਕਟ ਦੀ ਘੜੀ ਵਿੱਚ, ਹਰ ਭਾਜਪਾ ਵਰਕਰ ਦੇਵਭੂਮੀ ਦੇ ਨਾਗਰਿਕਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨ ਲਈ ਸਮਰਪਿਤ ਹੈ। ਮੈਂ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਦੇਵੇ ਅਤੇ ਦੁਖੀ ਪਰਿਵਾਰਾਂ ਨੂੰ ਤਾਕਤ ਦੇਵੇ।" ਧਰਮਸ਼ਾਲਾ ਤੋਂ ਭਾਜਪਾ ਵਿਧਾਇਕ ਸੁਧੀਰ ਸ਼ਰਮਾ, ਜੋ ਵੀਰਵਾਰ ਨੂੰ ਮੌਕੇ 'ਤੇ ਪਹੁੰਚੇ, ਨੇ ਕਿਹਾ ਕਿ ਪ੍ਰੋਜੈਕਟ ਸਾਈਟ ਉਨ੍ਹਾਂ ਦੇ ਪਿੰਡ ਤੋਂ ਇੱਕ ਕਿਲੋਮੀਟਰ ਦੂਰ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬੁੱਧਵਾਰ ਨੂੰ ਇੱਕ ਫੋਨ ਆਇਆ ਕਿ ਪਾਣੀ ਦਾ ਪੱਧਰ ਵੱਧ ਗਿਆ ਹੈ ਅਤੇ 15-20 ਲੋਕ ਵਹਿ ਗਏ ਹਨ। ਸ਼ਰਮਾ ਨੇ ਕਿਹਾ ਕਿ ਨਾਲੇ ਦੇ ਨੇੜੇ ਮਜ਼ਦੂਰਾਂ ਲਈ ਸ਼ੈੱਡ ਬਣਾਉਣਾ, ਅਤੇ ਮੌਸਮ ਅਸੁਰੱਖਿਅਤ ਹੋਣ 'ਤੇ ਉਨ੍ਹਾਂ ਨੂੰ ਉਥੋਂ ਨਾ ਬਦਲਣਾ ਵੱਡੀ ਲਾਪਰਵਾਹੀ ਹੈ ਅਤੇ ਇਸ ਦੀ ਜਾਂਚ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਵਿਧਾਇਕ ਨੇ ਮ੍ਰਿਤਕਾਂ ਦੇ ਪਰਿਵਾਰ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਵੀ ਮੰਗ ਕੀਤੀ। ਅਧਿਕਾਰੀਆਂ ਅਨੁਸਾਰ ਮੀਂਹ ਕਾਰਨ ਪ੍ਰੋਜੈਕਟ ਦਾ ਕੰਮ ਮੁਅੱਤਲ ਕਰ ਦਿੱਤਾ ਗਿਆ ਸੀ, ਅਤੇ ਮਜ਼ਦੂਰ ਸਾਈਟ ਦੇ ਨੇੜੇ ਅਸਥਾਈ ਰੈਣਬਸੇਰੇ ਵਿੱਚ ਆਰਾਮ ਕਰ ਰਹੇ ਸਨ ਜਦੋਂ ਮਨੂਨੀ ਖੱਡ ਅਤੇ ਨੇੜਲੇ ਨਾਲਿਆਂ ਤੋਂ ਹੜ੍ਹ ਦਾ ਪਾਣੀ ਲੇਬਰ ਕਲੋਨੀ ਵੱਲ ਮੁੜ ਗਿਆ, ਜੋ ਕਈਆਂ ਨੂੰ ਵਹਾ ਕੇ ਲੈ ਗਿਆ।

ਕੁੱਲੂ ਜ਼ਿਲ੍ਹੇ ਵਿੱਚ ਤਿੰਨ ਲੋਕਾਂ ਦੀ ਭਾਲ ਜਾਰੀ ਹੈ ਜੋ ਸੈਂਜ ਦੇ ਰੇਹਲਾ ਬਿਹਾਲ ਖੇਤਰ ਵਿੱਚ ਆਪਣੇ ਘਰਾਂ ਤੋਂ ਆਪਣਾ ਕੀਮਤੀ ਸਮਾਨ ਲਿਜਾਣ ਦੀ ਕੋਸ਼ਿਸ਼ ਕਰਦੇ ਸਮੇਂ ਰੁੜ੍ਹ ਗਏ ਸਨ।

ਕੁੱਲੂ ਜ਼ਿਲ੍ਹੇ ਦੇ ਗੜ੍ਹਸਾ ਖੇਤਰ ਦੇ ਸੈਂਜ ਅਤੇ ਸ਼ਿਲਾਗੜ੍ਹ ਵਿੱਚ ਜੀਵਾ ਨਾਲਾ ਅਤੇ ਰੇਹਲਾ ਬਿਹਾਲ ਵਿੱਚ ਬੱਦਲ ਫਟਣ ਦੀਆਂ ਤਿੰਨ ਘਟਨਾਵਾਂ ਦੀ ਰਿਪੋਰਟ ਹੈ। ਜ਼ਿਲ੍ਹੇ ਦੇ ਮਨਾਲੀ ਅਤੇ ਬੰਜਾਰ ਤੋਂ ਵੀ ਅਚਾਨਕ ਹੜ੍ਹ ਆਉਣ ਦੀ ਰਿਪੋਰਟ ਮਿਲੀ ਹੈ, ਅਤੇ ਖੋਜ ਕਾਰਜ ਜਾਰੀ ਹਨ।

# ਨਸ਼ਾ ਤਸਕਰੀ ਮਾਮਲੇ 'ਚ ਅਜੇ ਹੋਰ ਵੱਡੇ ਸਿਆਸਤਦਾਨਾਂ ਤੇ ਅਫ਼ਸਰਾਂ ਨੂੰ ਹੱਥ ਪਾਵਾਂਗੇ: ਮੁੱਖ ਮੰਤਰੀ

## ਅਕਾਲੀ ਆਗੂ ਬਿਕਰਮ ਮਜੀਠੀਆ ਦੇ ਅਸਿੱਧੇ ਹਵਾਲੇ ਨਾਲ ਵਿਜੀਲੈਂਸ ਦੀ ਕਾਰਵਾਈ ਨੂੰ ਜਾਇਜ਼ ਦੱਸਿਆ; ਵਿਜੀਲੈਂਸ ਕੋਲ ਠੋਸ ਤੇ ਪੁਖਤਾ ਸਬੂਤ ਹੋਣ ਦਾ ਦਾਅਵਾ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਨੂੰ ਸਹੀ ਦੱਸਦਿਆਂ ਇਸ਼ਾਰਾ ਕੀਤਾ ਹੈ ਕਿ ਆਉਂਦੇ ਦਿਨਾਂ ਵਿੱਚ ਨਸ਼ਾ ਤਸਕਰੀ ਦੇ ਮਾਮਲਿਆਂ 'ਚ ਹੋਰ ਵੱਡੇ ਸਿਆਸਤਦਾਨਾਂ ਅਤੇ ਅਫ਼ਸਰਾਂ ਨੂੰ ਹੱਥ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਕਿਸੇ ਵੀ ਰਾਜਸੀ ਆਗੂ ਜਾ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਸਾਰਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਸਥਿਤ ਆਪਣੀ ਸਰਕਾਰੀ ਰਿਹਾਇਸ਼ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਆਗੂ ਪਹਿਲਾਂ ਆਖਦੇ ਸਨ ਕਿ 'ਵੱਡੇ ਮਗਰਮੱਛ' ਨਸ਼ਾ ਤਸਕਰੀ ਕੇਸਾਂ ਵਿੱਚ ਫੜੇ ਨਹੀਂ ਜਾ ਰਹੇ ਹਨ ਅਤੇ ਹੁਣ ਜਦੋਂ ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਹੱਥ ਪਾਇਆ ਹੈ ਤਾਂ ਵਿਰੋਧੀ ਪਲਟੀ ਖਾ ਗਏ ਹਨ ਕਿ ਇਹ ਐਕਸ਼ਨ ਸਰਕਾਰ ਨੇ ਗ਼ਲਤ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਆਗੂ ਵੀ ਇਸ ਮਾਮਲੇ ਵਿੱਚ ਬੇਪਰਦ ਹੋ ਗਏ ਹਨ। ਇਸ ਤੋਂ ਸਪਸ਼ਟ ਹੈ ਕਿ ਸਾਰੇ ਹੀ ਸਿਆਸੀ ਆਗੂ ਆਪਸ ਵਿੱਚ ਮਿਲੇ ਹੋਏ ਹਨ।



ਮੁੱਖ ਮੰਤਰੀ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਦੀ ਸ਼ੁਰੂਆਤ ਇਲਾਕਾਈ ਤਸਕਰਾਂ ਨੂੰ ਫੜ੍ਹ ਕੇ ਕੀਤੀ ਸੀ ਅਤੇ ਹੁਣ ਜਰਨੈਲਾਂ ਨੂੰ ਹੱਥ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਫੜੇ ਗਏ 80 ਤੋਂ 90 ਫ਼ੀਸਦੀ ਤਸਕਰਾਂ ਦੀ ਜ਼ਮਾਨਤ ਨਹੀਂ ਹੋ ਸਕੀ ਹੈ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਨਸ਼ਾ ਤਸਕਰੀ ਕਰਨ ਵਾਲਿਆਂ 'ਤੇ ਕੋਈ ਤਰਸ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਕਿਸੇ ਸਿਫ਼ਾਰਸ਼ ਦੀ ਪ੍ਰਵਾਹ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਪੰਜਾਬੀਆਂ ਨੂੰ ਜਵਾਬਦੇਹ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੇ ਘਰਾਂ ਵਿੱਚ ਸੱਥਰ ਵਿਛਾਉਣ ਵਾਲੇ ਬਖ਼ਸ਼ੇ ਨਹੀਂ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਵਾਰ ਪੱਕੇ ਪੈਰੀਂ ਕਾਰਵਾਈ ਕੀਤੀ ਗਈ ਹੈ। ਇਸ ਦੌਰਾਨ ਹਵਾਲਾ ਰਾਹੀ ਕਰੋੜਾਂ ਰੁਪਏ ਦਾ ਕੈਸ਼ ਟਰਾਂਸਫਰ ਹੋਣ ਦੇ ਸਬੂਤ ਵੀ ਮਿਲੇ ਹਨ ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਮੌਜੂਦਾ ਸਮੇਂ ਆਮ ਆਦਮੀ ਪਾਰਟੀ ਬਨਾਮ ਸਾਰੀਆਂ ਰਾਜਸੀ ਪਾਰਟੀਆਂ ਵਰਗੇ ਹਾਲਾਤ ਬਣੇ ਹੋਏ ਹਨ।

ਉਂਜ ਅੱਜ ਪਹਿਲੀ ਵਾਰ ਸੀ ਜਦੋਂ ਮੁੱਖ ਮੰਤਰੀ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਬਿਕਰਮ ਸਿੰਘ ਮਜੀਠੀਆ ਦਾ ਨਾਮ ਲਏ ਬਗੈਰ ਉਸ 'ਤੇ ਨਿਸ਼ਾਨੇ ਸਾਧੇ। ਉਨ੍ਹਾਂ ਕਿਹਾ ਕਿ ਵੱਡੇ ਮਗਰਮੱਛ ਫੜੇ ਜਾਣ ਕਰਕੇ ਪੰਜਾਬ 'ਚੋਂ ਲੋਕਾਂ ਦੇ ਫ਼ੋਨ ਆ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤਾਂ ਵੱਲੋਂ ਵੀ ਹੁਣ ਮਤੇ ਪਾਏ ਜਾ ਰਹੇ ਹਨ ਕਿ ਉਹ ਕਿਸੇ ਵੀ ਨਸ਼ਾ ਤਸਕਰ ਦੀ ਜ਼ਮਾਨਤ ਨਹੀਂ ਦੇਣਗੇ।

# ਨਸ਼ਿਆਂ ਦੇ ਕਾਰੋਬਾਰ 'ਚ ਸ਼ਾਮਲ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ: ਅਮਨ ਅਰੋੜਾ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਕੈਬਿਨਟ ਮੰਤਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਿਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅਦਾਲਤ ਨੇ ਬਿਕਰਮ ਸਿੰਘ ਮਜੀਠੀਆ ਨੂੰ ਸੱਤ-ਦਿਨਾ ਪੁਲੀਸ ਰਿਮਾਂਡ ਉੱਤੇ ਭੇਜ ਦਿੱਤਾ ਹੈ। ਇਸ ਤੋਂ ਸਾਫ਼ ਹੁੰਦਾ ਹੈ ਕਿ ਉਕਤ ਮਾਮਲੇ ਵਿੱਚ ਜਾਂਚ ਦੀ ਜ਼ਰੂਰਤ ਹੈ।

ਉਨ੍ਹਾਂ ਇਹ ਪ੍ਰਗਟਾਵਾ ਪੰਜਾਬ ਭਵਨ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸ੍ਰੀ ਅਰੋੜਾ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਖਿਲਾਫ ਦਰਜ ਕੇਸ ਅਨੁਸਾਰ 540 ਕਰੋੜ ਰੁਪਏ ਦੀ ਰਕਮ ਅਨਅਕਾਊਂਟਡ (ਬੇਹਿਸਾਬੀ) ਪਾਈ ਗਏ ਹਨ, ਇਸ ਵਿੱਚੋਂ 161 ਕਰੋੜ ਰੁਪਏ ਦਾ ਤਾਂ ਕੋਈ ਹਿਸਾਬ ਵੀ ਨਹੀਂ ਹੈ ਅਤੇ 141 ਕਰੋੜ ਰੁਪਆ ਵਿਦੇਸ਼ੀ ਦੇਸ਼ਾਂ ਤੋਂ ਆਇਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਉਣ ਲਈ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰੀ ਦੇ ਸਭ ਤੋਂ ਵੱਡੇ ਮਾਮਲੇ ਦੀ ਜਾਂਚ ਕਰ ਰਹੇ ਈਡੀ ਦੇ ਸੀਨੀਅਰ ਅਧਿਕਾਰੀ ਨਿਰੰਜਨ ਸਿੰਘ ਦਾ ਤਬਾਦਲਾ ਭਾਜਪਾ ਸਰਕਾਰ ਵੱਲੋਂ ਹੀ ਕੀਤਾ ਗਿਆ ਸੀ।

# ਓਮਾਨ 'ਚ ਚਾਰ ਲੱਖ 'ਚ ਵੇਚੀ ਪੰਜਾਬੀ ਲੜਕੀ

**ਸੁਲਤਾਨਪੁਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਜ਼ਿਲ੍ਹੇ ਦੀ ਇਕ ਨੌਜਵਾਨ ਲੜਕੀ ਆਪਣੇ ਪਰਿਵਾਰ ਦੀਆਂ ਆਰਥਿਕ ਮਜਬੂਰੀਆਂ ਕਾਰਨ ਨੌਕਰੀ ਦੀ ਖਾਤਰ ਓਮਾਨ ਗਈ ਸੀ, ਅਤੇ ਉੱਥੇ ਊ ਮਨੁੱਖੀ ਸਮੱਗਲਿੰਗ ਦਾ ਸ਼ਿਕਾਰ ਹੋ ਗਈ। ਉਸ ਦੀ ਆਪਣੀ ਭਾਬੀ ਨੇ ਇੱਕ ਏਜੰਟ ਨਾਲ ਮਿਲ ਕੇ ਉਸ ਨੂੰ ਚਾਰ ਲੱਖ ਰੁਪਏ 'ਚ ਵੇਚ ਦਿੱਤਾ ਸੀ। ਪੀੜਤ ਲੜਕੀ ਨੂੰ ਉੱਥੇ ਗੰਭੀਰ ਤਸ਼ੱਦਦ, ਅਣਮਨੁੱਖੀ ਸਲੂਕ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੇ ਯਤਨਾਂ ਸਦਕਾ ਵਾਪਿਸ ਪਰਤੀ ਪੀੜਤਾਂ ਨੇ ਆਪਣੀ ਹੱਡਬੀਤੀ ਦੱਸਦਿਆਂ ਕਿਹਾ ਕਿ ਉਸ ਨੇ ਆਪਣੇ ਘਰ ਦੀਆਂ ਮਜਬੂਰੀਆਂ ਨੂੰ ਵੇਖਦਿਆਂ ਇਹ ਸਭ ਵੀ ਸਹਿਣ ਕਰ ਲਿਆ ਸੀ, ਪਰ ਹੱਦ ਉਸ ਵੇਲੇ ਹੋਈ ਜਦੋਂ ਉਸ ਦੀ ਬਿਨਾਂ ਵਜ੍ਹਾ ਕੁੱਟਮਾਰ ਹੋਣ ਲੱਗੀ। ਪੀੜਤਾ ਨੇ ਦੱਸਿਆ ਕਿ ਓਮਾਨ 'ਚ ਉਸ ਨੂੰ ਲੰਬੇ ਸਮੇਂ ਤਕ ਦਿਨ-ਰਾਤ ਕੰਮ ਕਰਨ ਲਈ ਮਜਬੂਰ ਕੀਤਾ ਗਿਆ, ਪਰ ਨਾ ਤਨਖਾਹ ਦਿੱਤੀ ਗਈ ਅਤੇ ਨਾ ਹੀ ਪੂਰਾ ਖਾਣਾ। ਤਸ਼ੱਦਦ ਦੇ ਵਿਰੋਧ ਉੱਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀਆਂ ਦਿੱਤੀਆਂ ਗਈਆਂ, ਅਤੇ ਮਰਜ਼ੀ ਦੇ ਖ਼ਿਲਾਫ਼ ਕੰਮ ਲਈ ਮਜਬੂਰ ਕੀਤਾ ਗਿਆ। ਪੀੜਤਾ ਨੇ ਦੱਸਿਆ ਕਿ ਕਿਸੇ ਤਰ੍ਹਾਂ ਨਾਲ ਉਹ ਬਚ ਬਚਾਅ ਕਿ ਪਰਿਵਾਰ ਦੇ ਚੁੰਗਲ ਤੋਂ ਨਿਕਲਣ ਤੋਂ ਬਾਅਦ ਉਸ ਨੂੰ ਤਕਰੀਬਨ ਦੋ ਮਹੀਨੇ ਤਕ ਓਮਾਨ ਦੀਆਂ ਸੜਕਾਂ ਭਟਕਣਾ ਪਿਆ ਜਿੱਥੇ ਉਸ ਦੇ ਲਈ ਕੋਈ ਸਹਾਰਾ ਨਹੀਂ ਸੀ। ਪੀੜਤਾ ਨੇ ਇਹ ਵੀ ਖ਼ੁਲਾਸਾ ਕੀਤਾ ਕਿ ਓਮਾਨ 'ਚ ਉਸ ਵਾਂਗ ਹੀ UP, ਬਿਹਾਰ ਅਤੇ ਪੰਜਾਬ ਦੀਆਂ ਲਗਭਗ 20 ਹੋਰ ਲੜਕੀਆਂ ਵੀ ਇੱਕ ਪਾਰਕ 'ਚ ਨਰਕ ਵਰਗੀ ਜ਼ਿੰਦਗੀ ਜੀ ਰਹੀਆਂ ਹਨ ਜਿਨ੍ਹਾਂ ਦੀ ਜ਼ਿੰਦਗੀ ਹਰ ਵੇਲੇ ਖ਼ਤਰੇ 'ਚ ਹੈ। ਇੱਕ ਭਿਆਨਕ ਮੰਜ਼ਰ ਦਾ ਜ਼ਿਕਰ ਕਰਦਿਆਂ ਪੀੜਤਾ ਨੇ ਦੱਸਿਆ ਕਿ ਇੱਕ ਲੜਕੀ ਨੂੰ ਉਸ ਦੀਆਂ ਅੱਖਾਂ ਸਾਹਮਣੇ ਸਿੱਧਾ ਪਾਰਕ 'ਚੋਂ ਉਸ ਦੇ ਵਾਲਾਂ ਤੋਂ ਘਸੀਟ ਕੇ ਕਾਰ 'ਚ ਬੈਠਾ ਕੇ ਲਿਆ ਗਿਆ। ਇਸ ਘਟਨਾ ਨੇ ਉਸ ਦੇ ਮਨ ਨੂੰ ਪੂਰੀ ਤਰ੍ਹਾਂ ਨਾਲ ਝੰਜੋੜ ਦਿੱਤਾ ਅਤੇ ਉਸ ਦੇ ਅੰਦਰ ਵਾਪਸੀ ਦੀ ਉਮੀਦ ਨੂੰ ਖ਼ਤਮ ਕਰ ਦਿੱਤਾ। ਫ਼ਿਰ ਕਿਸੇ ਤਰੀਕੇ ਪੀੜਤਾ ਨੇ ਪਰਿਵਾਰ ਨਾਲ ਸੰਪਰਕ ਕੀਤਾ ਅਤੇ ਉਸ ਦੇ ਪਤੀ ਵਲੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਸਾਰੀ ਜਾਣਕਾਰੀ ਦਿੱਤੀ। ਸੰਤ ਸੀਚੇਵਾਲ ਵਲੋਂ ਵਿਦੇਸ਼ ਮੰਤਰਾਲੇ ਅਤੇ ਭਾਰਤੀ ਦੂਤਾਵਾਸ ਦੀ ਮਦਦ ਨਾਲ ਤੁਰੰਤ ਕਾਰਵਾਈ ਕੀਤੀ ਜਿਸ ਸਦਕਾ 10 ਦਿਨਾਂ ਅੰਦਰ ਹੀ ਪੀੜਤਾ ਦੀ ਸੁਰੱਖਿਅਤ ਵਾਪਸੀ ਸੰਭਵ ਹੋਈ। ਪੀੜਤਾ ਅਤੇ ਉਸ ਦੇ ਪਰਿਵਾਰ ਨੇ ਸੰਤ ਸੀਚੇਵਾਲ ਅਤੇ ਭਾਰਤੀ ਸਰਕਾਰ ਦਾ ਦਿਲੋਂ ਧੰਨਵਾਦ ਕੀਤਾ। ਮਨੁੱਖੀ ਸਮੱਗਲਿੰਗ ਨੂੰ ਅੰਜਾਮ ਦੇ ਰਹੇ ਗਿਰੋਹ 'ਤੇ ਲੰਗਾਮ ਲਗਾਉਣਾ ਜ਼ਰੂਰੀ: ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਡੂੰਘੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਬਿਨ ਮਾਂ ਬਾਪ ਦੀ ਧੀ ਨੂੰ ਉਸ ਦੀ ਹੀ ਸਖੀ ਭਾਬੀ ਵਲੋਂ ਇਸ ਤਰ੍ਹਾਂ ਨਾਲ ਫ਼ਸਾ ਦੇਣ ਦੇ ਮਾਮਲੇ ਨੇ ਜ਼ਾਹਿਰ ਕੀਤਾ ਹੈ ਕਿ ਲਾਲਚ ਕਿਸ ਹੱਦ ਤਕ ਸਾਡੇ ਮਨਾਂ 'ਚ ਹਾਵੀ ਹੋ ਗਿਆ ਹੈ। ਉਨ੍ਹਾਂ ਵਿਦੇਸ਼ ਮੰਤਰਾਲੇ ਤੇ ਭਾਰਤੀ ਦੂਤਾਵਾਸ ਦਾ ਤਹਿ ਦਿਲੋਂ ਧੰਨਵਾਦ ਕਰਦਿਆ ਕਿਹਾ ਕਿ ਜਦ ਤਕ ਮਨੁੱਖ ਸਮੱਗਲਿੰਗ ਨੂੰ ਅੰਜਾਮ ਦੇ ਰਹੇ ਅਜਿਹੇ ਗਿਰੋਹਾਂ 'ਤੇ ਸਖ਼ਤ ਕਾਰਵਾਈ ਅਤੇ ਲਗਾਮ ਨਹੀਂ ਲਗਾਈ ਜਾਂਦੀ, ਓਦੋਂ ਤਕ ਹਾਲਾਤ 'ਚ ਬਦਲਾਅ ਨਹੀਂ ਆ ਸਕਦੇ।

# ਚੜ੍ਹਿਆ ਸੋਧਣਿ ਧਰਤਿ ਲੁਕਾਈ -



ਪਹਿਲੀ ਉਦਾਸੀ ਦੌਰਾਨ ਸੁਲਤਾਨਪੁਰ ਲੋਧੀ ਤੋਂ ਚੱਲ ਕੇ ਗੋਇੰਦਵਾਲ, ਸ੍ਰੀ ਅੰਮ੍ਰਿਤਸਰ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਦੀਪਾਲਪੁਰ ਵਿਖੇ ਸਮਾਜ ਦੇ ਤ੍ਰਿਸਕਾਰ ਦਾ ਸ਼ਿਕਾਰ ਇਕ ਕੋਹੜੀ ਦਾ ਜਨਮ ਸਫਲਾ ਕਰਦੇ ਹੋਏ ਲਾਹੌਰ ਪੁੱਜੇ ਅਤੇ ਇਥੇ ਦੂਨੀ ਚੰਦ ਸੇਠ ਨੂੰ ਸੂਈ ਦੇ ਕੇ ਅਗਲੇ ਲੋਕ ਵਿਚ ਉਸ ਪਾਸੋਂ ਪ੍ਰਾਪਤ ਕਰ ਲੈਣ ਦੀ ਗੱਲ ਆਖ ਕੇ ਉਸ ਦੇ ਮਾਇਆ ਦੇ ਹੰਕਾਰ ਨੂੰ ਤੋੜਨ ਉਪਰੰਤ ਤੀਰਥ ਅਸਥਾਨਾਂ ਦੀ ਯਾਤਰਾ ਲਈ ਰਵਾਨਾ ਹੋਏ।

ਪੂਰਬੀ ਭਾਰਤ ਵਿਚ ਗੰਗਾ ਦੇ ਕੰਢੇ ਪੁੱਜਣ ’ਤੇ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਕ ‘ਲਾਲ’ ਦੇ ਕੇ ਆਖਿਆ ਕਿ ਉਹ ਇਸ ਦਾ ਕਿਤਿਓਂ ਮੁੱਲ ਪੁਆ ਕੇ ਲਿਆਵੇ। ਭਾਈ ਮਰਦਾਨਾ ਜੀ ਉਹ ਲਾਲ ਲੈ ਕੇ ਕਈ ਦੁਕਾਨਾਂ ’ਤੇ ਜਾਂਦੇ ਹਨ ਪਰ ਕੋਈ ਵੀ ਉਸ ਦਾ ਸਹੀ ਮੁੱਲ ਨਹੀਂ ਦੱਸ ਸਕਿਆ। ਕੋਈ ਭਾਈ ਮਰਦਾਨਾ ਜੀ ਨੂੰ ਲਾਲ ਦੇ ਬਦਲੇ ਗਾਜਰਾਂ ਲੈ ਜਾਣ ਲਈ ਆਖਦਾ ਹੈ ਤੇ ਕੋਈ ਮਠਿਆਈ ਦੇਣ ਦੀ ਪੇਸ਼ਕਸ਼ ਕਰਦਾ ਹੈ। ਕਿਸੇ ਨੇ ਉਸ ਲਾਲ ਨੂੰ ਜਾਅਲੀ ਦੱਸਦੇ ਹੋਏ ਸ਼ੀਸ਼ੇ ਦਾ ਆਖਿਆ ਤੇ ਕਿਸੇ ਨੇ ਬਨਾਵਟੀ ਪੱਥਰ, ਪਰ ਕਿਸੇ ਨੇ ਵੀ ਸਹੀ ਉਸ ਦਾ ਮੁੱਲ ਨਾ ਪਾਇਆ।

ਹੱਥ ਵਿਚ ਲਾਲ ਲੈ ਕੇ ਜਦ ਭਾਈ ਮਰਦਾਨਾ ਜੀ ਘੁੰਮਦੇ-ਘੁਮਾਉਂਦੇ ਸਾਲਸ ਰਾਏ ਕੋਲ ਪੁੱਜੇ ਅਤੇ ਉਸ ਜੌਹਰੀ ਨੂੰ ਜਦ ਗੁਰੂ ਜੀ ਦਾ ਦਿੱਤਾ ਲਾਲ ਵਿਖਾਇਆ ਤਾਂ ਸਾਲਸ ਰਾਏ ਨੇ ਉਸ ਨੂੰ ਮੱਥੇ ਨਾਲ ਛੁਹਾ ਕੇ ਆਖਿਆ ਕਿ ਇਹ ਤਾਂ ਅਮੋਲਕ ਰਤਨ ਹੈ, ਇਹ ਤੇਰੇ ਹੱਥ ਕਿੱਥੋਂ ਆਇਆ?

ਸਾਲਸ ਰਾਏ ਨੇ ਆਪਣੀ ਦੁਕਾਨ ’ਤੇ ਜਮ੍ਹਾਂ ਸਾਰੇ ਗਹਿਣਿਆਂ, ਸੋਨੇ-ਚਾਂਦੀ ਦਾ ਢੇਰ ਭਾਈ ਮਰਦਾਨਾ ਜੀ ਅੱਗੇ ਲਾ ਕੇ ਆਖਿਆ ਕਿ ਇਹ ਲਾਲ ਬੇਸ਼ਕੀਮਤੀ ਹੈ, ਮੇਰੀ ਏਨੀਂ ਸਮਰਥਾ ਨਹੀਂ ਕਿ ਮੈਂ ਇਸ ਨੂੰ ਖ਼ਰੀਦ ਸਕਾਂ। ਮੇਰੀ ਇਹੀ ਵੱਡੀ ਕਿਸਮਤ ਹੈ ਕਿ ਮੈਂ ਇਸ ਦਾ ਦੀਦਾਰ ਕਰ ਰਿਹਾ ਹਾਂ। ਜਿਸ ਦਾ ਇਹ ਲਾਲ ਹੈ, ਮੈਨੂੰ ਉਸ ਪਾਤਸ਼ਾਹ ਦੀ ਦੱਸ ਪਾ। ਭਾਈ ਮਰਦਾਨਾ ਜੀ ਦੇ ਨਾਲ ਹੀ ਸਾਲਸ ਰਾਏ ਨੰਗੇ ਪੈਰੀਂ ਚੱਲ ਕੇ ਗੁਰੂ ਨਾਨਕ ਪਾਤਸ਼ਾਹ ਕੋਲ ਪੁੱਜਾ ਅਤੇ ਗੁਰੂ ਸਾਹਿਬ ਨੇ ਉਸ ਨੂੰ ਗਿਆਨ ਦਿੱਤਾ ਕਿ ਜੀਵਨ ਵੀ ਇਕ ਵਡਮੁੱਲਾ ਰਤਨ ਹੈ, ਜਿਸ ਨੂੰ ਕੋਈ ਕੱਚ ਤੇ ਕੋਈ ਪੱਥਰ ਸਮਝ ਕੇ ਨਕਾਰ ਦਿੰਦਾ ਹੈ, ਜਿਹੜੇ ਇਸ ਦੀ ਕੀਮਤ ਨੂੰ ਪਛਾਣ ਲੈਂਦੇ ਹਨ, ਉਹੀ ਇਸ ਜਨਮ ਨੂੰ ਸਫਲ ਬਣਾ ਸਕਦੇ ਹਨ।

ਸਤਿਗੁਰੂ ਨਾਨਕ ਪਾਸੋਂ ਇਹ ਉਪਦੇਸ਼ ਲੈ ਕੇ ਸਾਲਸ ਰਾਏ ਨੇ ਕਿਰਤ ਦੇ ਨਾਲ-ਨਾਲ ਨਾਮ ਦੀ ਕਮਾਈ ਕਰਨੀ ਵੀ ਸ਼ੁਰੂ ਕਰ ਦਿੱਤੀ ਤੇ ਆਪਣਾ ਜਨਮ ਸਫਲਾ ਕੀਤਾ।

• ਫੀਚਰ ਡੈਸਕ

---

## ਸੂਫ਼ੀ ਸਿਲਸਿਲਾ -4

# ਨਕਸ਼ਬੰਦੀ



ਸੂਫ਼ੀਆਂ ਦੇ ਖ਼ਾਨਦਾਨ, ਸੂਫ਼ੀਆਂ ਦੀ ਸੰਪਰਦਾਇ ਨੂੰ ਸਿਲਸਿਲਾ ਕਿਹਾ ਜਾਂਦਾ ਹੈ। ਸੂਫ਼ੀਮਤ ਦੇ ਮੁੱਢਲੇ ਦੌਰ ਵਿਚ 14 ਸੂਫ਼ੀ ਸਿਲਸਿਲੇ ਪ੍ਰਚਲਿਤ ਹੋਏ। ਬਾਅਦ ਵਿਚ ਇਨ੍ਹਾਂ ਸਿਲਸਿਲਿਆਂ ਵਿੱਚੋਂ ਅਤੇ ਹੋਰ ਸੂਫ਼ੀ ਬਜ਼ੁਰਗਾਂ ਤੋਂ ਹੋਰ ਵੀ ਬਹੁਤ ਸਾਰੇ ਸਿਲਸਿਲਿਆਂ ਦਾ ਪ੍ਰਚਲਨ ਜਾਰੀ ਰਿਹਾ। ਭਾਰਤ ਵਿਚ ਜਿਹੜੇ ਸੂਫ਼ੀ ਸਿਲਸਿਲੇ ਜ਼ਿਆਦਾ ਮਕਬੂਲ ਹੋਏ, ਉਨ੍ਹਾਂ ਵਿਚ ਚਿਸ਼ਤੀ ਸਿਲਸਿਲਾ, ਕਾਦਿਰੀ ਸਿਲਸਿਲਾ, ਸੁਹਰਵਰਦੀ ਸਿਲਸਿਲਾ ਤੇ ਨਕਸ਼ਬੰਦੀ ਸਿਲਸਿਲਾ, ਇਹ ਚਾਰ ਸਿਲਸਿਲੇ ਪ੍ਰਮੁੱਖ ਹਨ।

ਨਕਸ਼ਬੰਦੀ ਸਿਲਸਿਲਾ ਆਪਣੀ ਨਿਸਬਤ ਹਜ਼ਰਤ ਮੁਹੰਮਦ ਸਾਹਿਬ ਦੇ ਪਹਿਲੇ ਖ਼ਲੀਫ਼ਾ ਹਜ਼ਰਤ ਅਬੂ ਬਕਰ ਸਿੱਦੀਕੀ ਰਾਹੀਂ ਪੈਗ਼ੰਬਰ-ਏ-ਇਸਲਾਮ ਨਾਲ ਜੋੜਦਾ ਹੈ। ਵੱਖ-ਵੱਖ ਸਮਿਆਂ ਵਿਚ ਸੂਫ਼ੀ ਦਰਵੇਸ਼ਾਂ ਦੇ ਨਾਂ ਨਾਲ ਇਸ ਸੂਫ਼ੀ ਸਿਲਸਿਲੇ ਦੇ ਵੱਖ-ਵੱਖ ਨਾਂ ਰਹੇ। ਹਜ਼ਰਤ ਖ਼ਵਾਜਾ ਬਹਾਉਦੀਨ ਨਕਸ਼ਬੰਦ ਦਾ ਸਮਾਂ 1318 ਈਸਵੀ ਤੋਂ 1389 ਈਸਵੀ ਤਕ ਸੀ। ਭਾਰਤ ਵਿਚ ਨਕਸ਼ਬੰਦੀ ਸਿਲਸਿਲੇ ਦਾ ਆਗਮਨ ਹਜ਼ਰਤ ਖ਼ਵਾਜਾ ਮੁਹੰਮਦ ਬਾਰੀ ਬਿਲ੍ਹਾ ਬੇਰੰਗ (1564-1603 ਈਸਵੀ) ਦੀ ਆਮਦ ਨਾਲ ਹੋਇਆ।



ਭਾਰਤ ਵਿਚ ਨਕਸ਼ਬੰਦੀ ਸਿਲਸਿਲੇ ਦੇ ਸਭ ਤੋਂ ਪ੍ਰਸਿੱਧ ਸੂਫ਼ੀ ਦਰਵੇਸ਼ ਇਮਾਮ ਰੱਬਾਨੀ ਹਜ਼ਰਤ ਸ਼ੇਖ਼ ਅਹਿਮਦ ਫ਼ਾਰੂਕੀ ਸਰਹਿੰਦੀ ਹਨ, ਜਿਨ੍ਹਾਂ ਦਾ ਜੀਵਨ ਕਾਲ 1563 ਈਸਵੀ ਤੋਂ 1625 ਈਸਵੀ ਤਕ ਦਾ ਹੈ। ਹਜ਼ਰਤ ਪੀਰ ਮੋਹਕਮਦੀਨ (1758-1857 ਈਸਵੀ) ਜਗਰਾਵਾਂ ਵਾਲਿਆਂ ਦਾ ਸਬੰਧ ਵੀ ਨਕਸ਼ਬੰਦੀ ਸੂਫ਼ੀ ਸਿਲਸਿਲੇ ਨਾਲ ਹੈ। ਬਾਕੀ ਸਿਲਸਿਲਿਆਂ ਵਿਚ ਜਿੱਥੇ ਸਮਾਅ, ਕੱਵਾਲੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਹੈ, ਉੱਥੇ ਨਕਸ਼ਬੰਦੀ ਸਿਲਸਿਲੇ ਦੀ ਸਰਹਿੰਦ ਸ਼ਾਖ਼ਾ ਵਿਚ ਸਮਾਅ ਵਰਜਿਤ ਹੈ। ਭਾਰਤ ਵਿਚ ਨਕਸ਼ਬੰਦੀ ਸਿਲਸਿਲੇ ਦਾ ਸਭ ਤੋਂ ਮਹੱਤਵਪੂਰਨ ਕੇਂਦਰ ਪੰਜਾਬ ਦੇ ਇਤਿਹਾਸਕ ਸ਼ਹਿਰ ਸਰਹਿੰਦ ਵਿਖੇ ਹੈ, ਜਿੱਥੇ ਅੱਜ ਕੱਲ੍ਹ ਜਾ-ਨਸ਼ੀਨ ਹਜ਼ਰਤ ਸੱਯਦ ਮੁਹੰਮਦ ਸਾਦਿਕ ਰਜ਼ਾ ਸਾਹਿਬ ਹਨ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193

---

## ਉੱਚੇ ਦਰਜੇ ਦਾ ਰਾਜ ਪ੍ਰਬੰਧਕ

# ਬਾਬਾ ਬੰਦਾ ਸਿੰਘ ਬਹਾਦਰ

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਕੱਤਕ ਸੁਦੀ 13, ਸੰਮਤ 1727, ਐਤਵਾਰ, 16 ਅਕਤੂਬਰ 1670 ਨੂੰ ਪੁਣਛ (ਕਸ਼ਮੀਰ) ਦੇ ਪਿੰਡ ਰਜੌੜੀ ਵਿਖੇ ਰਾਜਪੂਤ ਪਰਿਵਾਰ ’ਚ ਪਿਤਾ ਰਾਮਦੇਵ ਦੇ ਘਰ ਹੋਇਆ। ਉਨ੍ਹਾਂ ਦੇ ਬਚਪਨ ਦਾ ਨਾਂ ਲਛਮਣ ਦੇਵ ਸੀ। ਬਚਪਨ ’ਚ ਸ਼ਿਕਾਰ ਦੌਰਾਨ ਇਕ ਗਰਭਵਤੀ ਹਿਰਨੀ ਤੇ ਉਸ ਦੇ ਪੇਟ ’ਚ ਪਲ ਰਹੇ ਬੱਚਿਆਂ ਦੀ ਮੌਤ ਹੋ ਗਈ, ਜਿਸ ਕਾਰਨ ਆਪ 16 ਸਾਲ ਦੀ ਉਮਰ ’ਚ ਹੀ ਵੈਰਾਗੀ ਹੋ ਗਏ ਤੇ ਸਾਧੂ ਜਾਨਕੀ ਦਾਸ ਦੇ ਚੇਲੇ ਬਣ ਗਏ ਪਰ ਮਨ ’ਚ ਖੜ੍ਹੋਤ ਨਾ ਆਈ। 1691 ਵਿਚ ਉਨ੍ਹਾਂ ਦਾ ਮੇਲ ਜੋਗੀ ਔਘੜ ਨਾਥ ਨਾਲ ਹੋਇਆ। ਉਸ ਸਮੇਂ ਆਪ ਨੇ ਆਪਣਾ ਨਾਂ ਮਾਧੋਦਾਸ ਰੱਖ ਲਿਆ। ਮਾਧੋਦਾਸ ਨੇ ਔਘੜ ਨਾਥ ਦੀ ਖ਼ੂਬ ਸੇਵਾ ਕੀਤੀ ਤੇ ਸੇਵਾ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੇ ਆਪ ਨੂੰ ਆਪਣਾ ਵਾਰਿਸ ਥਾਪ ਦਿੱਤਾ। ਇਸ ਤੋਂ ਬਾਅਦ ਆਪ ਨੇ ਨਾਂਦੇੜ ਵਿਖੇ ਡੇਰਾ ਲਗਾ ਲਿਆ। 1708 ਵਿਚ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਪਹੁੰਚੇ ਤਾਂ ਗੁਰੂ ਜੀ ਨੇ ਮਾਧੋਦਾਸ ਦੀ ਕਾਫ਼ੀ ਚਰਚਾ ਸੁਣੀ ਕਿ ਉਹ ਤੰਤਰ-ਮੰਤਰ ਦਾ ਮਾਹਿਰ ਹੈ। ਗੁਰੂ ਜੀ ਉਸ ਦੀ ਗੱਦੀ ’ਤੇ ਜਾ ਬੈਠੇ ਤਾਂ ਪਹਿਲਾਂ ਮਾਧੋਦਾਸ ਗੁੱਸੇ ਵਿਚ ਆ ਗਿਆ ਪਰ ਗੁਰੂ ਜੀ ਨੂੰ ਵੇਖ ਕੇ ਸ਼ਾਂਤ ਹੋ ਗਿਆ। ਗੁਰੂ ਜੀ ਨੇ ਪੁੱਛਿਆ ਕਿ ਕੌਣ ਹੈਂ ਤੂੰ? ਮਾਧੋਦਾਸ ਨੇ ਆਖਿਆ, ‘ਹਜ਼ੂਰ! ਮੈਂ ਆਪ ਜੀ ਦਾ ਬੰਦਾ ਹਾਂ।’ 3 ਸਤੰਬਰ 1708 ਨੂੰ ਅੰਮ੍ਰਿਤ ਛਕਿਆ ਤਾਂ ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਪੰਜ ਤੀਰ, ਨਿਸ਼ਾਨ ਸਾਹਿਬ ਤੇ ਨਗਾਰੇ ਨਾਲ ਨਿਵਾਜਿਆ। ਉਸ ਦਿਨ ਤੋਂ ਮਾਧੋਦਾਸ ਬਾਬਾ ਬੰਦਾ ਸਿੰਘ ਬਹਾਦਰ ਬਣ ਗਏ।



### ਧਾਰਮਿਕ ਨੀਤੀ

*ਬਾਬਾ ਬੰਦਾ ਸਿੰਘ ਬਹਾਦਰ ਧਰਮ ਨਿਰਪੱਖ ਹੋਣ ਦੇ ਨਾਲ-ਨਾਲ ਆਪਣੇ ਧਰਮ ਦੇ ਬੜੇ ਪੱਕੇ ਤੇ ਗੁਰੂ ਸਾਹਿਬਾਨ ’ਤੇ ਪੂਰਨ ਨਿਸ਼ਚਾ ਰੱਖਣ ਵਾਲੇ ਸਨ।।ਉਹ ਕਿਸੇ ਦੁਆਰਾ ਗੁਰੂ ਸਾਹਿਬਾਨ ਬਾਰੇ ਕਹੇ ਗਏ ਮਾੜੇ ਬਚਨ ਜਾਂ ਸਿੱਖ ਧਰਮ ਵਿਰੋਧੀ ਕਾਰਵਾਈ ਨੂੰ ਕਦੇ ਬਰਦਾਸ਼ਤ ਨਹੀਂ ਸਨ ਕਰਦੇ। ਇੰਨੇ ਜ਼ੁਲਮ ਦੇ ਬਾਵਜੂਦ ਉਹ ਆਪਣੇ ਧਰਮ ਤੋਂ ਨਹੀਂ ਡੋਲੇ ਤੇ ਸਿਦਕਦਿਲੀ ਨਾਲ ਆਪਣੀਆਂ ਅੱਖਾਂ ਦੇ ਸਾਹਮਣੇ ਆਪਣੇ 4 ਸਾਲ ਦੇ ਬੱਚੇ ਅਜੈ ਸਿੰਘ ’ਤੇ ਇੰਨਾ ਜ਼ੁਲਮ ਦੇਖਿਆ ਕਿ ਉਸ ਦਾ ਕਲੇਜਾ ਕੱਢ ਕੇ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਤੁੰਨ ਦਿੱਤਾ ਗਿਆ ਗੁਰੂ ਦੇ ਇਸ ਬੰਦੇ ਨੇ ਅਕਹਿ ਅਤਿਆਚਾਰ ਦੇ ਬਾਵਜੂਦ ਸਿਦਕ ਨਹੀਂ ਹਾਰਿਆ।*

### ਰਾਜ-ਪ੍ਰਬੰਧ

ਲੜਾਈ ਦੇ ਮੈਦਾਨ ’ਚ ਜਿੱਤ ਹਾਸਲ ਕਰਨੀ ਕਿਸੇ ਜਰਨੈਲ ਦੇ ਲਈ ਮਹਾਨ ਉਪਲਬਧੀ ਕਹੀ ਜਾ ਸਕਦੀ ਹੈ ਪਰ ਜ਼ਰੂਰੀ ਨਹੀਂ ਕਿ ਇਕ ਸਫਲ ਜਰਨੈਲ ਸਿਆਸੀ ਪ੍ਰਬੰਧਾਂ ’ਚ ਵੀ ਸੁਚੱਜਾ ਆਗੂ ਸਿੱਧ ਹੋਵੇ। ਇਤਿਹਾਸ ’ਚ ਅਜਿਹੀਆਂ ਉਦਾਹਰਣਾਂ ਬਹੁਤ ਘੱਟ ਹਨ ਪਰ ਇਹ ਦੋਵੇਂ ਗੁਣ ਬਾਬਾ ਬੰਦਾ ਸਿੰਘ ਬਹਾਦਰ ’ਚ ਮੌਜੂਦ ਸਨ। ਉਨ੍ਹਾਂ ਨੇ ਜ਼ੁਲਮ, ਅੱਤਿਆਚਾਰ ਤੇ ਦੁਰਾਚਾਰੀ ਹਾਕਮਾਂ ਨੂੰ ਉਨ੍ਹਾਂ ਦੇ ਕੀਤੇ ਲਈ ਜਿੱਥੇ ਸਖ਼ਤ ਸਜ਼ਾਵਾਂ ਦਿੱਤੀਆ ਉੱਥੇ ਗ਼ਰੀਬਾਂ, ਨਿਤਾਣੇ ਤੇ ਸਮਾਜ ਵੱਲੋਂ ਤ੍ਰਿਸਕਾਰੇ ਲੋਕਾਂ ਦੀ ਭਲਾਈ ਲਈ ਕੰਮ ਕਰ ਕੇ ਉਨ੍ਹਾਂ ਨੂੰ ਮਾਣਮੱਤੀ ਜ਼ਿੰਦਗੀ ਜਿਊਣ ਦਾ ਅਧਿਕਾਰ ਦਿੱਤਾ।

ਆਮ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਦਾ ਮੰਤਵ ਸਰਹਿੰਦ ਦੇ ਨਵਾਬ ਕੋਲੋਂ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲੈਣਾ ਸੀ ਪਰ ਜੇ ਗਹਿਰਾਈ ਨਾਲ ਵੇਖਿਆ ਜਾਵੇ ਤਾਂ ਗੁਰੂ ਜੀ ਵੱਲੋਂ ਬਖ਼ਸ਼ਿਆ ਨਗਾਰਾ, ਨਿਸ਼ਾਨ ਸਾਹਿਬ, ਖੰਡਾ ਤੇ ਪੰਜ ਤੀਰ ਆਦਿ ਬਖ਼ਸ਼ਿਸ਼ਾਂ ਰਾਜਸੀ ਸ਼ਕਤੀ ਤੇ ਪ੍ਰਭੁਤਾ ਦੇ ਚਿੰਨ੍ਹ ਹਨ। ਬਾਬਾ ਬੰਦਾ ਸਿੰਘ ਬਹਾਦਰ ਦਾ ਨਿਸ਼ਾਨਾ ਜਿੱਥੇ ਦੁਰਾਚਾਰ ਤੇ ਅੱਤਿਆਚਾਰ ਨੂੰ ਖ਼ਤਮ ਕਰਨਾ ਸੀ ਉੱਥੇ ਖ਼ਾਲਸੇ ਨੂੰ ਪੰਜਾਬ ’ਚ ਤੀਜੀ ਰਾਜਸੀ ਸ਼ਕਤੀ ਵਜੋਂ ਸਥਾਪਤ ਕਰ ਕੇ ਖ਼ਾਲਸਾ ਰਾਜ ਦੀ ਸਥਾਪਨਾ ਕਰਨਾ ਵੀ ਸੀ। 12 ਮਈ 1710 ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਜੰਗ ’ਚ ਹਰਾ ਕੇ ਖ਼ਾਲਸੇ ਨੇ ਸਿੱਖ ਰਾਜ ਦੀ ਮੋਹੜੀ ਗੱਡੀ। ਵਜ਼ੀਰ ਖ਼ਾਨ ਜੰਗ ’ਚ ਮਾਰਿਆ ਗਿਆ। ਇਸ ਜਿੱਤ ਨੇ ਸੁਤੰਤਰ ਸਿੱਖ ਰਾਜ ਦੀ ਨੀਂਹ ਰੱਖੀ ਤੇ ਇਤਿਹਾਸ ਦੀ ਧਾਰਾ ਬਦਲ ਦਿੱਤੀ। ਇਸ ਜਿੱਤ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਅਧਿਕਾਰ ਸਤਲਜ ਤੋਂ ਜਮਨਾ ਤਕ ਹੋ ਗਿਆ। ਗੁਰੂ ਨਾਨਕ ਸਾਹਿਬ ਦਾ ਫਲਸਫ਼ਾ ਅੱਗੇ ਤੁਰਦਾ ਹੋਇਆ ਗੁਰੂ ਗੋਬਿੰਦ ਸਿੰਘ ਜੀ ਕੋਲ ਪੁੱਜਾ ਤੇ ਫਿਰ ਇਸ ਫਲਸਫ਼ੇ ਨੂੰ ਬਾਬਾ ਬੰਦਾ ਸਿੰਘ ਨੇ ਅੱਗੇ ਤੋਰਿਆ। ਸਰਹਿੰਦ ਦੀ ਜਿੱਤ ਤੋਂ ਬਾਅਦ ਉੱਥੋਂ ਦਾ ਸੂਬੇਦਾਰ ਬਾਗ ਸਿੰਘ ਨੂੰ ਲਗਾ ਕੇ ਬਾਬਾ ਜੀ ਨੇ ਜਾਤ-ਪਾਤ ਦੇ ਵਿਤਕਰੇ ਨੂੰ ਤੋੜਿਆ, ਗੁਰੂ ਮਹਾਰਾਜ ਦਾ ‘ਇਕ ਨੂਰ ਤੋਂ ਸਭ ਦੇ ਉਪਜੇ ਹੋਣ’ ਵਾਲਾ ਅਹਿਮ ਫਲਸਫ਼ਾ ਹੈ।

ਸ਼ੇਰ ਸ਼ਾਹ ਸੂਰੀ, ਸਮਰਾਟ ਅਸ਼ੋਕ, ਬਾਦਸ਼ਾਹ ਅਕਬਰ ਵਰਗੇ ਰਾਜਿਆਂ ਨੇ ਕਈ ਲੋਕ-ਪੱਖੀ ਨੀਤੀਆਂ ਬਣਾਈਆਂ ਪਰ ਇਹ ਨੀਤੀਆਂ ਉਨ੍ਹਾਂ ਨੇ ਆਪਣੇ ਰਾਜਭਾਗ ਨੂੰ ਕਾਇਮ ਰੱਖਣ ਲਈ ਬਣਾਈਆਂ ਪਰ ਬੰਦਾ ਸਿੰਘ ਬਹਾਦਰ ਨੇ ਆਮ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ, ਅੱਤਿਆਚਾਰ ਨੂੰ ਨੱਥ ਪਾਈ। ਇਹ ਸਭ ਕੁਝ ਉਨ੍ਹਾਂ ਨੇ ਇਕ ਸੇਵਾਦਾਰ ਤੇ ‘ਗੁਰੂ ਦਾ ਬੰਦਾ’ ਬਣ ਕੇ ਹੀ ਕੀਤਾ। ਵਕਤ ਦੇ ਹਰ ਰਾਜੇ ਨੇ ਆਪਣਾ ਸਿੱਕਾ ਚਲਾਇਆ ਹੈ ਪਰ ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜ ਗੁਰੂ ਮਹਾਰਾਜ ਦੇ ਖ਼ਾਲਸੇ ਦਾ ਸਮਝਿਆ ਤੇ ਸਿੱਕਾ ਵੀ ਗੁਰੂ ਖ਼ਾਲਸੇ ਦਾ ਹੀ ਚਲਾਇਆ। ਜੇ ਉਹ ਚਾਹੁੰਦੇ ਤਾਂ ਪਹਿਲਾਂ ਤੁਰੀ ਆ ਰਹੀ ਇਸ ਪਰੰਪਰਾ ਦਾ ਹਿੱਸਾ ਬਣ ਸਕਦੇ ਸਨ ਪਰ ਉਨ੍ਹਾਂ ਨੇ ਸਿੱਕਾ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਹੀ ਚਲਾਇਆ। ਇਹ ਅਜਿਹੀ ਪਰੰਪਰਾ ਦਾ ਮੁੱਢ ਸੀ, ਜਿਸ ਨੂੰ ਸਿੱਖ ਮਿਸਲਾਂ, ਸਿੱਖ ਰਾਜ ਘਰਾਣਿਆਂ ਤੋਂ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਅਪਣਾਇਆ ਤੇ ਦੇਸ਼ ਦੇ ਵੱਡੇ ਹਿੱਸੇ ’ਤੇ ਰਾਜ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਜੋ ਵੀ ਇਲਾਕੇ ਜਿੱਤਦੇ, ਉਨ੍ਹਾਂ ਦਾ ਪ੍ਰਬੰਧ ਕਿਸੇ ਸਿੱਖ ਨੂੰ ਪੰਜ ਪਿਆਰਿਆ ਦੀ ਸਲਾਹ ਨਾਲ ਸੌਂਪ ਦਿੰਦੇ। ਇਹ ਪੰਚਾਇਤੀ ਪਰੰਪਰਾ ਦਾ ਮੁੱਢ ਸੀ। ਜਾਗੀਰਦਾਰੀ ਜਾਂ ਜ਼ਿਮੀਂਦਾਰਾ ਪ੍ਰਬੰਧ ਦੇ ਖ਼ਾਤਮੇ ਬਾਰੇ ਡਾ. ਗੰਡਾ ਸਿੰਘ ਲਿਖਦੇ ਹਨ ਕਿ ‘ਰਾਜ ਪ੍ਰਬੰਧ ਵਿਚ ਬੰਦਾ ਸਿੰਘ ਨੇ ਦੇਸ਼ ਵਿਚ ਬੜਾ ਭਾਰੀ ਸੁਧਾਰ ਕੀਤਾ, ਜਿਸ ਵਿਚ ਮੁਗ਼ਲ ਰਾਜ ਦੇ ਜ਼ਿਮੀਂਦਾਰ ਪ੍ਰਬੰਧ ਨੂੰ ਉਡਾ ਕੇ ਰੱਖ ਦਿੱਤਾ, ਜਿਸ ਨਾਲ ਹਲਵਾਹਕ ਕਿਸਾਨ ਗ਼ੁਲਮੀ ਦੀ ਹਾਲਤ ਤੋਂ ਵੀ ਬੁਰੇ ਨੀਵੇਂ ਹੋ ਗਏ ਹੋਏ ਸਨ।’ ਬਾਬਾ ਬੰਦਾ ਸਿੰਘ ਤਹਿਤ ਸਿੰਘਾਂ ਦਾ ਰਾਜ ਹੋਣ ਨਾਲ ਹਲਵਾਹਕ ਕਿਸਾਨ ਹਲਾਂ ਹੇਠਲੀਆਂ ਜ਼ਮੀਨਾਂ ਦੇ ਮਾਲਕ ਬਣੇ। ਜਾਗੀਰੂ ਜ਼ੁਲਮ ਪੰਜਾਬ ਵਿਚ ਸਦਾ ਲਈ ਮਿਟ ਗਿਆ।

ਐੱਮਐੱਲ ਆਹਲੂਵਲੀਆ ਲਿਖਦੇ ਹਨ, ‘ਬੰਦਾ ਸਿੰਘ ਬਹਾਦਰ ਨੇ ਕਿਸਾਨਾਂ ਤੋਂ ਲਿਆ ਜਾਣ ਵਾਲਾ ਕਰ ਘਟਾ ਦਿੱਤ, ਗ਼ੈਰ-ਮੁਸਲਿਮ ਤੋਂ ਲਿਆ ਜਾ ਰਿਹਾ ਜਜ਼ੀਆ ਤੇ ਯਤਰਾ ਟੈਕਸ ਮਨਸੂਖ ਕਰ ਦਿੱਤਾ।



ਪ੍ਰੋ. ਗੁਰਵੀਰ ਸਿੰਘ ਸਰੌਦ
94179-71451

### ਨਿਆਂ ਪ੍ਰਣਾਲੀ

ਨਿਆਂ ਪੱਖੋਂ ਬਾਬਾ ਬੰਦਾ ਸਿੰਘ ਬਹਾਦਰ ਤੁਰੰਤ ਨਿਆਂ ਦਾ ਹਾਮੀ ਸੀ, ਭਾਵੇਂ ਦੋਸ਼ੀ ਉਸ ਦਾ ਆਪਣਾ ਕਰੀਬੀ ਹੀ ਕਿਉਂ ਨਾ ਹੋਵੇ, ਉਸ ਨੂੰ ਤੋਪ ਨਾਲ ਉਡਾਣ ਦਾ ਹੌਸਲਾ ਵੀ ਰੱਖਦਾ ਸੀ। ਮੁਗ਼ਲ ਹਕੂਮਤ ਕਮਜ਼ੋਰ ਪੈ ਜਾਣ ਕਾਰਨ ਹਰ ਪਾਸੇ ਬਦਅਮਨੀ ਤੇ ਅਰਾਜਕਤਾ ਸੀ, ਵੱਡੇ ਸ਼ਹਿਰਾਂ ਨੂੰ ਜੋੜਦੀਆਂ ਸੜਕਾਂ ’ਤੇ ਸਫ਼ਰ ਕਰਨਾ ਸੁਰੱਖਿਅਤ ਨਹੀਂ ਸੀ। ਚੋਰ, ਡਾਕੂ ਤੇ ਲੁਟੇਰੇ ਪਿੰਡਾਂ ਨੂੰ ਲੁੱਟਦੇ ਤੇ ਲੋਕਾਂ ਨੂੰ ਪਰੇਸ਼ਾਨ ਕਰਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਬਾਂਗੜ ਇਲਾਕੇ ਵਿਚ ਚੋਰਾਂ ਤੇ ਡਾਕੂਆਂ ਵਿਰੁੱਧ ਕਾਰਵਾਈ ਕਾਰਨ ਲੋਕਾਂ ਦੇ ਮਨਾਂ ’ਚੋਂ ਚੋਰਾਂ-ਡਾਕੂਆਂ ਦਾ ਡਰ ਦੂਰ ਹੋਇਆ। ਲੋਕ ਖ਼ੁਦ ਨੂੰ ਮਹਿਫ਼ੂਜ਼ ਸਮਝਣ ਲੱਗੇ। ਬਾਬਾ ਬੰਦਾ ਸਿੰਘ ਬਹਾਦਰ ਨੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਅਮਨ-ਸ਼ਾਂਤੀ ਲਈ ਫ਼ੌਜੀ ਚੌਕੀਆਂ ਸਥਾਪਿਤ ਕੀਤੀਆਂ ਤੇ ਪੰਚਾਇਤਾਂ ਦਾ ਗਠਨ ਕੀਤਾ। ਕਸ਼ਮੀਰ ਅਜਿਹਾ ਇਲਾਕਾ ਹੈ, ਜਿੱਥੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਪੂਰਨ ਸ਼ਾਂਤੀ ਕਾਇਮ ਹੋਈ।

### ਰਾਜਧਾਨੀ ਦੀ ਸਥਾਪਨਾ

ਨਵੇਂ ਸਥਾਪਿਤ ਰਾਜ ਲਈ ਸਭ ਤੋਂ ਵੱਡੀ ਲੋੜ ਨਵੀਂ ਰਾਜਧਾਨੀ ਦੀ ਸੀ। ਸਰਹਿੰਦ ਨੂੰ ਜਿੱਤ ਲੈਣ ਮਗਰੋਂ ਸਰਹਿੰਦ ਨੂੰ ਹੀ ਰਾਜਧਾਨੀ ਐਲਾਨਿਆ ਜਾ ਸਕਦਾ ਸੀ ਪਰ ਬੰਦਾ ਸਿੰਘ ਬਹਾਦਰ ਨੇ ਸੁਰੱਖਿਆ ਪੱਖੋਂ ਸਰਹਿੰਦ ਦੀ ਥਾਂ ਮੁਖ਼ਲਿਸਗੜ੍ਹ ਦਾ ਕਿਲ੍ਹਾ, ਜੋ ਸਢੌਰੇ ਤੋਂ ਥੋੜ੍ਹੀ ਦੂਰੀ ’ਤੇ ਸੀ ਅਤੇ ਕਿਲ੍ਹੇ ਦੇ ਆਸ-ਪਾਸ ਕਈ ਮੀਲਾਂ ਤਕ ਸੰਘਣਾ ਜੰਗਲ ਸੀ। ਇਹ ਕਿਲ੍ਹਾ ਇਕ ਪਹਾੜੀ ’ਤੇ ਸੀ। ਇਸ ਕਿਲ੍ਹੇ ਦੀ ਭੂਗੋਲਿਕ ਸਥਿਤੀ ਐਸੀ ਸੀ, ਕਿ ਦੁਸ਼ਮਣ ਛੇਤੀ ਕਿਲ੍ਹੇ ਤਕ ਨਹੀਂ ਸੀ ਪਹੁੰਚ ਸਕਦਾ। ਜਰਨੈਲੀ ਸੜਕ ਤੋਂ ਹਟਵਾਂ ਹੋਣ ਕਾਰਨ ਇਹ ਥਾਂ ਸਰਹਿੰਦ ਨਾਲੋਂ ਵੱਧ ਸੁਰੱਖਿਅਤ ਸੀ। ਕਿਹਾ ਜਾਂਦਾ ਹੈ ਕਿ ਇਸ ਥਾਂ ਨੂੰ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਸ਼ਿਕਾਰਗਾਹ ਵਜੋਂ ਸਥਾਪਿਤ ਕੀਤਾ ਸੀ। 15 ਨਵੰਬਰ 1709 ਨੂੰ ਸਢੌਰੇ ’ਤੇ ਕਬਜ਼ਾ ਕਰਨ ਮਗਰੋਂ ਬੰਦਾ ਸਿੰਘ ਬਹਾਦਰ ਨੇ 16 ਨਵੰਬਰ 1709 ਨੂੰ ਮੁਖ਼ਲਿਸਗੜ੍ਹ ’ਤੇ ਕਬਜ਼ਾ ਕਰ ਲੈਣ ਮਗਰੋਂ ਇਸ ਨੂੰ ‘ਲੋਹਗੜ੍ਹ’ ਦਾ ਨਾਂ ਦਿੱਤਾ ਤੇ ਖ਼ਾਲਸਾ ਰਾਜ ਦੀ ਪਹਿਲੀ ਰਾਜਧਾਨੀ ਐਲਾਨਿਆ।

### ਜੰਗਜੂ ਫ਼ੌਜ

ਬੰਦਾ ਸਿੰਘ ਬਹਾਦਰ ਦਾ ਰਾਜ ਲੋਕਤੰਤਰੀ ਕੀਮਤਾਂ ’ਤੇ ਆਧਾਰਿਤ ਸੀ। ਵਿਲੀਅਮ ਇਰਵਿਨ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਦੀ ਫ਼ੌਜ ’ਚ ਨੀਵੀਆਂ ਜਾਤੀਆਂ ਦੇ ਸਮਝੇ ਜਾਂਦੇ ਜਿਹੜੇ ਲੋਕ ਭਰਤੀ ਹੋਏ ਸਨ, ਉਹ ਵੀ ਆਪਣੇ ਘਰਾਂ ਨੂੰ ਹਾਕਮ ਬਣ ਕੇ ਮੁੜਦੇ ਸਨ। ਪ੍ਰਸਿੱਧ ਤੇ ਅਮੀਰ ਵਿਅਕਤੀ ਉਨ੍ਹਾਂ ਨੂੰ ‘ਜੀ ਅਇਆਂ’ ਕਹਿਣ ਆਉਂਦੇ ਤੇ ਪਿੰਡਾਂ ਤਕ ਉਸ ਦੀ ਅਗਵਾਨੀ ਕਰਦੇ। ਉੱਥੇ ਪਹੁੰਚ ਕੇ ਉਸ ਦੇ ਸਾਹਮਣੇ ਉਸ ਦੇ ਹੁਕਮ ਦੀ ਉਡੀਕ ’ਚ ਹੱਥ ਜੋੜ ਕੇ ਖੜ੍ਹੇ ਹੋ ਜਾਂਦੇ। ਬੰਦਾ ਸਿੰਘ ਨੇ ਉਨ੍ਹਾਂ ਨੂੰ ਅਜਿਹੇ ਯੋਧੇ ਬਣਾ ਦਿੱਤਾ ਸੀ ਕਿ ਪੇਸ਼ੇਵਰ ਜੰਗਜੂ ਵੀ ਉਨ੍ਹਾਂ ਨਾਲ ਉਲਝਣ ਦਾ ਖ਼ਤਰਾ ਮੁੱਲ ਨਹੀਂ ਸਨ ਲੈਂਦੇ। ਬੰਦਾ ਸਿੰਘ ਬਹਾਦਰ ਦੀ ਥੋੜ੍ਹੇ ਜਿਹੇ ਜੀਵਨ ਕਾਲ ਦੀ ਇਹ ਪ੍ਰਾਪਤੀ ਕਰਾਮਾਤ ਤੋਂ ਘੱਟ ਨਹੀਂ। 700 ਸਾਲ ਦੀ ਗ਼ੁਲਾਮੀ ਤੋਂ ਬਾਅਦ ਪਹਿਲੀ ਵਾਰ ਪੰਜਾਬ ’ਚ ਆਜ਼ਾਦੀ ਦਾ ਦੀਵਾ ਬਲਿਆ ਸੀ। ਇਸ ਸੁਤੰਤਰ ਰਾਜ ਨੂੰ ਸਥਾਪਿਤ ਕਰਨ ਵਾਲਾ ਪੰਜਾਬ ਦਾ ਨਾਇਕ ਬਾਬਾ ਬੰਦਾ ਬਹਾਦਰ ਸੀ।

ਇਹ ਉਹ ਪੱਖ ਹਨ, ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਕ ਸੂਰਵੀਰ ਜਰਨੈਲ ਹੋਣ ਦੇ ਨਾਲ-ਨਾਲ ਉੱਚੇ ਦਰਜੇ ਦਾ ਰਾਜ ਪ੍ਰਬੰਧਕ ਸਾਬਤ ਕਰਦੇ ਹਨ ਜੋ ਇਕ ਸਧਾਰਨ ਪਰਿਵਾਰ ਵਿਚ ਪੈਦਾ ਹੋਣ ਦੇ ਬਾਵਜੂਦ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ ਅਪਣੇ ਨਿਸ਼ਾਨ ’ਤੇ ਕਾਮਯਾਬ ਹੋਇਆ। ਬੰਦਾ ਸਿੰਘ ਬਹਾਦਰ ਦੁਆਰਾ ਸਥਾਪਿਤ ਕੀਤਾ ਪਹਿਲਾ ਸਿੱਖ ਗਣਤੰਤਰ ਚਾਹੇ ਥੋੜ੍ਹੀ ਦੇਰ ਹੀ ਰਿਹਾ ਪਰ ਇਹ ਸਿੱਖ ਇਤਿਹਾਸ ਦਾ ਇਕ ਅਜਿਹਾ ਸੁਨਹਿਰੀ ਪੰਨਾ ਹੈ, ਜਿਸ ਨੂੰ ਸਦਾ ਯਾਦ ਕੀਤਾ ਜਾਂਦਾ ਰਹੇਗਾ। •

---

## ਕਵਿਤਾ

# ਇਤਿਹਾਸ

ਸਮਝ ਛੱਡੀਂ ਨਾ ਐਵੇਂ, ਗੱਲ ਇਹ ਖ਼ਾਸ ਸੂਬਿਆ।
ਤੂੰ ਨਹੀਂ ਜਾਣਦਾ ਕੀ ਸਾਡਾ ਇਤਿਹਾਸ ਸੂਬਿਆ।

ਠਾਰ ਦਿੱਤੀਆਂ ਤਵੀਆਂ ਸਾਡੇ ਵੱਡ-ਵਡੇਰਿਆਂ,
ਵੈਰੀ ਕੰਬਣ ਲਾ ਦਿੱਤੇ ਉਨ੍ਹਾਂ ਦਿਆਂ ਜੇਰਿਆਂ,
ਭਾਣੇ ਵਿਚੋਂ ਲੱਭਦੇ ਸੀ ਉਹ ਮਿਠਾਸ ਸੂਬਿਆ।
ਤੂੰ ਨਹੀਂ ਜਾਣਦਾ...

ਪੜਦਾਦਾ ਸਾਡਾ ਮਾਲਕ ਸੀ ਮੀਰੀ-ਪੀਰੀ ਦਾ,
ਰੋਅਬ ਸਹਿਣ ਨਹੀਂ ਕੀਤਾ ਉਸ ਜਹਾਂਗੀਰੀ ਦਾ,
ਰੱਖਿਆ ਪਹਿਨ ਕੇ ਜਿਸ ਜੰਗੀ ਲਿਬਾਸ ਸੂਬਿਆ।
ਤੂੰ ਨਹੀਂ ਜਾਣਦਾ...

ਦਾਦੇ ਸਾਡੇ ਦਿੱਲੀ ਜਾ ਕੇ ਸੀਸ ਕਟਾਇਆ ਸੀ,
‘ਹਿੰਦ ਦੀ ਚਾਦਰ’ ਬਣ ਧਰਮ ਬਚਾਇਆ ਸੀ,
ਤਿਲਕ-ਜੰਞੂ ਦਾ ਨਾ ਹੋਣ ਦਿੱਤਾ ਨਾਸ ਸੂਬਿਆ।
ਤੂੰ ਨਹੀਂ ਜਾਣਦਾ...

ਸਿੰਘਾਂ ਨਾਲ ਮਿਲ ਕੇ ਦੋ ਸਾਡੇ ਵੱਡੇ ਵੀਰਾਂ ਨੇ,
ਵਿਚ ਚਮਕੌਰ ਪਾਈਆਂ ਫ਼ੌਜ ਨੂੰ ਪੁਦੀੜਾਂ ਨੇ,
ਰਹੇ ਉਹ ਜੂਝਦੇ ਜਦ ਤਕ ਰਹੇ ਸਵਾਸ ਸੂਬਿਆ।
ਤੂੰ ਨਹੀਂ ਜਾਣਦਾ...

ਤੇਰਿਆਂ ਡਰਾਵਿਆਂ ਦਾ ਹੋਣਾ ਕੋਈ ਅਸਰ ਨਹੀਂ,
ਸਿਦਕ ਨਿਭਾਉਣਾ ਪੂਰਾ, ਛੱਡਣੀ ਕੋਈ ਕਸਰ ਨਹੀਂ,
ਤੇਰੀ ਇਸ ਪ੍ਰੀਖਿਆ ’ਚੋਂ ਹੋਣਾ ਅਸੀਂ ਪਾਸ ਸੂਬਿਆ।
ਤੂੰ ਨਹੀਂ ਜਾਣਦਾ...

ਦਾਦੀ ਮਾਂ ਦੀ ਸਿੱਖਿਆ ਹੱਡਾਂ ਦੇ ਵਿਚ ਰਚੀ ਪਈ,
ਇਸਲਾਮ ਮੁਬਾਰਕ ਤੈਨੂੰ, ਸਾਨੂੰ ਸਿੱਖੀ ਜਚੀ ਪਈ,
ਸਿੱਖੀ-ਸਿਦਕ ਵਿਚ ਪੱਕਾ ਏ ਵਿਸ਼ਵਾਸ ਸੂਬਿਆ।
ਤੂੰ ਨਹੀਂ ਜਾਣਦਾ...

ਕਰ ਕੇ ਤੂੰ ਵੇਖ ਲੈ ਤੇਰੇ ਕੋਲੋਂ ਜੋ ਵੀ ਹੋ ਸਕਦਾ,
ਕੋਈ ਵੀ ਲਾਲਚ ਸਾਡਾ ਮਨ ਮੋਹ ਨਹੀਂ ਸਕਦਾ,
ਮਰਣ ਕਬੂਲ, ਅਸਾਂ ਜੀਣ ਦੀ ਛੱਡੀ ਆਸ ਸੂਬਿਆ।
ਤੂੰ ਨਹੀਂ ਜਾਣਦਾ...

ਸੱਚ ਦੇ ਮਾਰਗ ’ਤੇ ਚੱਲ ਮੰਜ਼ਿਲ ਅਸੀਂ ਪਾਵਾਂਗੇ,
ਕੱਟੇ ਭਾਵੇਂ ਜਾਈਏ ਪਰ ਨਾ ਸੀਸ ਝੁਕਾਵਾਂਗੇ,
ਅਸੀਂ ਉਸ ਅਕਾਲ ਪੁਰਖ ਦੇ ਹਾਂ ਦਾਸ ਸੂਬਿਆ।
ਤੂੰ ਨਹੀਂ ਜਾਣਦਾ...

ਕੰਧਾਂ ਇਹ ਪਾਪ ਦੀਆਂ ਕਾਇਮ ਨਹੀਓ ਰਹਿਣੀਆਂ,
ਤੇਰੀ ਕਰਤੂਤ ਲਈ ਲੱਖ ਲਾਹਣਤਾਂ ਨੇ ਪੈਣੀਆਂ,
‘ਚੇਹਲੇ’ ਵਾਲਾ ਕਹਿੰਦਾ ਕਰ ਅਹਿਸਾਸ ਸੂਬਿਆ।
ਤੂੰ ਨਹੀਂ ਜਾਣਦਾ...

• ਰਮੇਸ਼ ਬੱਗਾ ਚੋਹਲਾ
94631-32719

---

## ਪੰਜ ਕਕਾਰ- 1

# ਕੇਸ

ਇਕਵਾਕ ਸਿੰਘ ਪੱਟੀ



ਸਿੱਖ ਵਿਚਾਰਧਾਰਾ ਵਿਚ ਸਾਬਤ ਸੂਰਤ ਜਾਂ ਕੇਸਾਧਾਰੀ ਮਨੁੱਖ ਨੂੰ ਪ੍ਰਵਾਨ ਕੀਤਾ ਗਿਆ ਹੈ, ਜੋ ਕੁਦਰਤੀ ਨਿਯਮਾਂ ਅਨੁਸਾਰ ਆਪਣਾ ਜੀਵਨ ਜਿਉਂਦਾ ਹੈ। ਜਨਮ ਸਾਖੀਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਜੋ ਤਿੰਨ ਉਪਦੇਸ਼ ਦਿੱਤੇ ਸਨ, ਉਨ੍ਹਾਂ ਵਿਚ ਇਕ ‘ਕੇਸ ਕਤਲ ਨਹੀਂ ਕਰਵਾਉਣੇ’ ਵੀ ਸ਼ਾਮਲ ਸੀ।

ਕੇਸ ਮਨੁੱਖੀ ਸਰੀਰ ਦੇ ਨਾਲ ਜਨਮ ਤੋਂ ਬਾਅਦ ਹੀ ਵਿਕਸਤ ਹੋਣ ਲੱਗ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਸ਼ ਕੀਤੇ ਗਏ ਪੰਜ ਕਕਾਰਾਂ ਵਿਚੋਂ ਜੇਕਰ ਕੋਈ ਕੇਸਾਂ ਨੂੰ ਛੱਡ ਕੇ ਬਾਕੀਆਂ ਵਿੱਚੋਂ ਗੁੰਮ ਹੋ ਜਾਵੇ ਤਾਂ ਉਹ ‘ਕੁਰਹਿਤ’ ਮੰਨਿਆ ਜਾਂਦਾ ਹੈ ਜਦਕਿ ਕੇਸਾਂ ਤੋਂ ਗੁੰਮ ਹੋ ਜਾਣ ਵਾਲੇ ਵਿਅਕਤੀ ਨੂੰ ‘ਪਤਿਤ’ ਕਿਹਾ ਜਾਂਦਾ ਹੈ। ਕੇਸ ਤੇ ਦਸਤਾਰ ਜਿੱਥੇ ਸਾਡੇ ਸਿਰ ਨੂੰ ਸੁਰੱਖਿਅਤ ਕਰਦੇ ਹਨ ਉੱਥੇ ਵਿਗਿਆਨਕ ਤੌਰ ’ਤੇ ਵੀ ਮਨੁੱਖੀ ਸਰੀਰ ਨੂੰ ਇਸ ਦੇ ਬਹੁਤ ਸਾਰੇ ਫ਼ਾਇਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ (ਖੰਡੇ ਕੀ ਪਾਹੁਲ) ਛਕਾਉਣ ਵਾਸਤੇ ਹਰ ਸਿੱਖ ਲਈ ਪੰਜ ਕਕਾਰਾਂ ਵਿਚ ਕੇਸਾਂ ਨੂੰ ਵੀ ਸ਼ਾਮਲ ਕੀਤਾ ਹੈ। ਕੇਸ ਕਤਲ ਕਰਵਾਉਣ ਨਾਲ ਸਭ ਤੋਂ ਪਹਿਲਾਂ ਸਿੱਖ ਦੀ ਪਛਾਣ ਖ਼ਤਮ ਹੋ ਜਾਂਦੀ ਹੈ। ਸ਼ਾਇਦ ਇਹੀ ਕਾਰਨ ਸੀ ਕਿ ਸਿੱਖੀ-ਪਛਾਣ ਤੇ ਸਿੱਖੀ ਕਿਰਦਾਰ ਨੂੰ ਜੀਵਿਤ ਰੱਖਣ ਲਈ ਆਪਣੇ ਧਰਮ ਵਿਚ ਪ੍ਰਪੱਕ ਹੁੰਦੇ ਹੋਇਆਂ ਸਿੱਖਾਂ ਨੇ ਬੇਅੰਤ ਕੁਰਬਾਨੀਆਂ ਕੀਤੀਆਂ ਪਰ ਕੇਸ ਕਤਲ ਨਹੀਂ ਕਰਵਾਏ। ਸਿੱਖ ਆਪਣੇ ਰੋਜ਼ਾਨਾ ਜੀਵਨ ਵਿਚ ਜਦੋਂ ਵੀ ਪਰਮਾਤਮਾ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ ਤਾਂ ਉਸ ਵਿਚ ਇਕ ਬੇਨਤੀ ਇਹ ਵੀ ਕਰਦਾ ਹੈ ਕਿ ਉਸ ਦੀ ਸਿੱਖੀ ‘ਕੇਸਾਂ-ਸੁਆਸਾਂ ਸੰਗ ਨਿਭੇ।’



ਕੇਸਾਂ ਦੇ ਸਤਿਕਾਰ ਲਈ ਕੰਘਾ ਅਤੇ ਕੱਪੜੇ ਦੇ ਰੂਪ ਵਿਚ ਦਸਤਾਰ/ਦੁਮਾਲਾ ਆਦਿ ਸਜਾਇਆ ਜਾਂਦਾ ਹੈ ਅਤੇ ਸਿੱਖ ਧਰਮ ਵਿਚ ਕੇਸਾਂ ਨੂੰ ‘ਗੁਰੂ ਦੀ ਮੋਹਰ’ ਵਜੋਂ ਵੀ ਪ੍ਰਵਾਨਿਆ ਗਿਆ ਹੈ। ਗੁਰੂ ਸਾਹਿਬ ਵੱਲੋਂ ਕੇਸਾਂ ਦੇ ਸਤਿਕਾਰ ਸਬੰਧੀ ਬੇਅੰਤ ਸਾਖੀਆਂ ਇਤਿਹਾਸ ’ਚ ਦਰਜ ਹਨ, ਜਿੱਥੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਆਪ ਵੀ ਕੇਸਾਂ ਦਾ ਕਿੰਨਾ ਸਤਿਕਾਰ ਕਰਦੇ ਸਨ।

ਸਿੱਖ ਰਹਤ ਮਰਯਾਦਾ ’ਚ ਜ਼ਿਕਰ ਹੈ ਕਿ ‘ਕੇਸ ਲੜਕੇ ਕੇ ਜੋ ਹੋਏ, ਉਨ੍ਹਾਂ ਦਾ ਬੁਰਾ ਨਾ ਮੰਨੇ, ਕੇਸ ਉਹੀ (ਜਮਾਂਦਰੂ) ਰੱਖੇ, ਨਾਮ ਸਿੰਘ ਰੱਖੇ। ਸਿੱਖ ਆਪਣੇ ਲੜਕੇ-ਲੜਕੀਆਂ ਦਾ ਕੇਸ ਸਾਬਤ ਰੱਖੇ।’ ਕੇਸਾਂ ਬਾਰੇ ਖੋਜਾਂ ਤੋਂ ਇਹ ਸਾਬਤ ਹੋਇਆ ਹੈ ਕਿ ਕੇਸ ਮਨੁੱਖ ਨੂੰ ਗਰਮੀ ਤੇ ਸਰਦੀ ਦੇ ਪ੍ਰਭਾਵ ਤੋਂ ਬਚਾਉਂਦੇ ਹਨ। ਹਰ ਸਿੱਖ ਲਈ ਕੇਸਾਂ ਦੀ ਸੰਭਾਲ ਤੇ ਸਤਿਕਾਰ ਜ਼ਰੂਰੀ ਹੈ ਉੱਥੇ ਦੂਸਰੇ ਵਿਅਕਤੀਆਂ ਦੇ ਕੇਸਾਂ ਤੇ ਦਸਤਾਰ ਦਾ ਸਤਿਕਾਰ ਵੀ ਕਰਨਾ ਹੈ। •

94633-33293

---

# ਬਾਬੇ ਨਾਨਕ ਦਾ ਘਰ ਕਿਹੜਾ

ਸੁਰਿੰਦਰ ਸੈਣੀ

ਕਰਤਾਰਪੁਰ ਲਾਂਘਾ, ਕੋਰੀਡੋਰ, ਡੇਰਾ ਬਾਬਾ ਨਾਨਕ ਗੁਰਦੁਆਰਾ ਅੱਜ-ਕੱਲ੍ਹ ਬਹੁਤ ਚਰਚਾ ’ਚ ਹੈ। ਕੀ ਹੈ ਕਰਤਾਰਪੁਰ? ਗੁਰੂ ਨਾਨਕ ਸਾਹਿਬ ਜਦ ਉਦਾਸੀਆਂ ਖ਼ਤਮ ਕਰਨ ਤੋਂ ਬਾਅਦ ਰਾਵੀ ਕਿਨਾਰੇ ਇਕ ਅਸਥਾਨ ’ਤੇ ਮਰਦਾਨੇ ਨੂੰ ਨਾਲ ਲੈ ਕੇ ਅਕਾਲ ਪੁਰਖ ਦੀ ਉਸਤਤ ’ਚ ਕੀਰਤਨ ਕਰ ਰਹੇ ਤਾਂ ਉੱਥੋਂ ਦੋਦਾ ਸ਼ਾਹ ਦੀ ਘਰਵਾਲੀ, ਜੋ ਪਤੀ ਲਈ ‘ਭੱਤਾ’ ਲੈ ਕੇ ਖੇਤਾਂ ਨੂੰ ਜਾ ਰਹੀ ਸੀ, ਗੁਰਬਾਣੀ ਸੁਣ ਕੇ ਰੁਕ ਗਈ ਤੇ ਗੁਰੂ ਸਾਹਿਬ ਨੂੰ ਮੱਥਾ ਟੇਕ ਕੇ ਰੱਬੀ ਰੰਗ ਵਿਚ ਨਿਹਾਲ ਹੋ ਗਈ। ਉਸ ਨੇ ਗੁਰੂ ਸਾਹਿਬ ਨੂੰ ਇਕ ਗਲਾਸ ਲੱਸੀ ਦਾ ਦਿੱਤਾ, ਜੋ ਉਹ ਆਪਣੇ ਪਤੀ ਲਈ ਭੱਤੇ ਵਿਚ ਲੈ ਕੇ ਜਾ ਰਹੀ ਸੀ। ਉਹ ਨਮਸਕਾਰ ਕਰ ਕੇ ਭੱਤਾ ਲੈ ਕੇ ਖੇਤਾਂ ਵੱਲ ਟੁਰ ਪਈ ਤੇ ਜਾ ਕੇ ਪਤੀ ਨੂੰ ਦੱਸਿਆ ਕਿ ‘ਨਦੀ ਕਿਨਾਰੇ ਇਕ ਬਹੁਤ ਉੱਚ ਕੋਟੀ ਦਾ ਫ਼ਕੀਰ ਬਾਬਾ ਨਾਨਕ ਦੀ ਮਧੁਰ ਬਾਣੀ ਦਾ ਕੀਰਤਨ ਸੁਣ ਕੇ ਆ ਰਹੀ ਹਾਂ, ਮਨ ਵਿਚ ਠੰਡ ਪੈ ਗਈ, ਅਜਿਹੀ ਠੰਡ ਮੈਂ ਕਦੀ ਮਹਿਸੂਸ ਨਹੀਂ ਕੀਤੀ। ਤੁਸੀਂ ਵੀ ਚੱਲੋ, ਦਰਸ਼ਨ ਕਰ ਆਈਏ।’

ਦੋਵੇਂ ਪਤੀ-ਪਤਨੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਆ ਗਏ। ਦੋਦਾ ਸ਼ਾਹ ਨੇ ਕਿਹਾ ਕਿ ‘ਬਾਬਾ ਜੀ! ਐਹ ਲੱਸੀ ਦਾ ਗਲਾਸ, ਜੋ ਤੁਸੀਂ ਪੀਤਾ ਹੈ, ਉਹ ਮੇਰੀਆਂ ਮੱਝਾਂ ਦੇ ਦੁੱਧ ਦਾ ਸੀ।’

ਗੁਰੂ ਸਾਹਿਬ ਨੇ ਕਿਹਾ, ‘ਮੱਝਾਂ ਤੇਰੀਆਂ!’

‘ਹਾਂ ਜੀ, ਇਹ ਜ਼ਮੀਨ, ਜੋ ਤੁਸੀਂ ਦੇਖ ਰਹੇ ਹੋ, ਜਿੱਥੇ ਵੀ ਨਿਗਾਹ ਮਾਰੋ, ਮੇਰੀ ਹੀ ਹੈ।’

‘ਤੇਰੀ ਹੈ?’ ਗੁਰੂ ਸਾਹਿਬ ਨੇ ਕਿਹਾ।

‘ਹਾਂ ਜੀ।’

‘ਤੇਰੇ ਬਾਪ ਦਾ ਨਾਂ, ਉਹਦੇ ਬਾਪ ਦਾ ਨਾਂ ਕੀ ਸੀ?’ ਗੁਰੂ ਸਾਹਿਬ ਨੇ ਪੁੱਛਿਆ। ਦੋਦੇ ਸ਼ਾਹ ਨੇ ਦੱਸ ਦਿੱਤਾ। ਗੁਰੂ ਸਾਹਿਬ ਨੇ ਫਿਰ ਪੁੱਛਿਆ, ‘ਤੇਰੇ ਬਾਪ ਦੇ ਬਾਪ ਦੇ ਬਾਪ ਦਾ ਤੇ ਉਹਦੇ ਬਾਪ ਦਾ ਨਾਂ ਕੀ ਸੀ?’

‘ਉਹ ਤੇ ਮੈਨੂੰ ਨਹੀਂ ਪਤਾ।’ ਦੋਦੇ ਸ਼ਾਹ ਨੇ ਕਿਹਾ। ਗੁਰੂ ਸਾਹਿਬ ਨੇ ਕਿਹਾ, ‘ਮੈਨੂੰ ਪਤੈ।’

ਦੋਦੇ ਸ਼ਾਹ ਨੇ ਉਤਸੁਕਤਾ ਨਾਲ ਪੁੱਛਿਆ, ‘ਫੇਰ ਜਲਦੀ ਦੱਸੋ, ਤੁਸੀਂ ਤਾਂ ਜਾਣੀ-ਜਾਣ ਲਗਦੇ ਓ।’

ਗੁਰੂ ਸਾਹਿਬ ਨੇ ਕਿਹਾ, ‘ਕਰਤਾਰ।’

ਦੋਦਾ ਸ਼ਾਹ ਪੈਰੀਂ ਪੈ ਗਿਆ ਤੇ ਕਹਿਣ ਲੱਗਾ, ‘ਬਾਬਾ ਜੀ, ਮੈਂ ਐਵੇਂ ਇਹ ਜ਼ਮੀਨ ਆਪਣੀ ਸਮਝ ਬੈਠਾ, ਇਹ ਤਾਂ ਕਰਤਾਰ ਦੀ ਹੈ, ਹੁਣ ਕਰਤਾਰ ਹੀ ਇਥੇ ਖੇਤੀ ਕਰੇਗਾ।’

ਉਹਦੀਆਂ ਅੱਖਾਂ ’ਚੋਂ ਤਿਪ-ਤਿਪ ਹੰਝੂ ਵਗ ਰਹੇ ਸਨ ਤੇ ਉਹ ਮੁੜ ਖੇਤਾਂ ਨੂੰ ਨਹੀਂ ਗਿਆ। ਕਹਿਣ ਲੱਗਾ ਕਿ ਹੁਣ ਉਹ ਕਰਤਾਰਦੇ ਹੀ ਗੁਣ ਗਾਏਗਾ। ਗੁਰੂ ਸਾਹਿਬ ਦਇਆ ਦੇ ਘਰ ’ਚ ਆ ਕੇ ਕਹਿਣ ਲੱਗੇ, ‘ਇਹ ਕਰਤਾਰਪੁਰ ਹੋ ਗਿਆ।’

ਗੁਰੂ ਸਾਹਿਬ ਨੇ ਉੱਥੇ 18 ਸਾਲ ਵਾਸ ਕੀਤਾ, ਖੇਤੀਬਾੜੀ ਕੀਤੀ, ਆਪਣੇ ਹੱਥੀਂ ਖੂਹ ਤੇ ਗੁਰਦੁਆਰਾ ਬਣਵਾਇਆ। ਜਦ ਗੁਰੂ ਸਾਹਿਬ ਦਾ ਅੰਤਮ ਸਮਾਂ ਨੇੜੇ ਆਇਆ ਤਾਂ ਉਹ ਚਾਦਰ ਤਾਣ ਕੇ ਸੌਂ ਗਏ। ਚਾਦਰ ਚੁੱਕ ਕੇ ਵੇਖਿਆ ਤਾਂ ਕੁਝ ਨਹੀਂ ਸੀ। ਮੁਸਲਮਾਨ ਤੇ ਹਿੰਦੂਆਂ ਨੇ ਚਾਦਰ ਅੱਧੀ-ਅੱਧੀ ਵੰਡ ਲਈ। ਇਕ ਪਾਸੇ ਮੜ੍ਹੀ ਬਣਾ ਲਈ, ਦੂਜੇ ਪਾਸੇ ਮਸਾਣ, ਜਿਸ ਨੂੰ ਤੇਜ਼ ਬਾਰਿਸ਼ ’ਚ ਰਾਵੀ ਦਾ ਪਾਣੀ ਵਹਾ ਕੇ ਲੈ ਗਿਆ। ਦੇਸ਼ ਦੀ ਵੰਡ ਹੋਈ ਤੇ ਕਰਤਾਰਪੁਰ ਦਾ ਗੁਰਦੁਆਰਾ ਪਾਕਿਸਤਾਨ ’ਚ ਚਲਾ ਗਿਆ ਤੇ ਦੂਸਰੇ ਪਾਸੇ ਡੇਰਾ ਬਾਬਾ ਨਾਨਕ ਬਣ ਗਿਆ।

ਗੁਰੂ ਨਾਨਕ ਦੇਵ ਜੀ ਨੇ ਤਿੰਨ ਉਦਾਸੀਆਂ ਕੀਤੀਆਂ, ਲੁਕਾਈ ਨੂੰ ਸੋਧਣ ਲਈ 7-8 ਹਜ਼ਾਰ ‘ਹਿੰਦੁਸਤਾਨ’ ਤੇ ਆਸ-ਪਾਸ ਦੇ ਦੇਸ਼ਾਂ ਦਾ ਭਰਮਣ ਕੀਤੀ, ਕੁਰੀਤੀਆਂ ਵਿਰੁੱਧ ਆਵਾਜ਼ ਉਠਾਈ। ਗੁਰੂ ਸਾਹਿਬ ਨੇ ਬਾਬਰ ਦੇ ਹਮਲੇ ਵੇਲੇ ਉਸ ਨੂੰ ਕਿਹਾ ਕਿ ਤੂੰ ‘ਹਿੰਦੁਸਤਾਨ’ ਨੂੰ ਡਰਾਇਆ, ਕੱਟਿਆ ਵੱਢਿਆ, ਜ਼ੁਲਮ ਕੀਤੇ, ਕਿਸੇ ਰਾਜੇ ਨੂੰ ਉਸ ਦੇ ਮੂੰਹ ’ਤੇ ਇਹ ਆਖਿਆ। ਉਨ੍ਹਾਂ ਨੇ ਸਭ ਭਗਤਾਂ ਦੀ ਬਾਣੀ ਇਕੱਠੀ ਕੀਤੀਆਂ, ਲੰਕਾ ਵਿਚ ‘ਨਾਨਕ ਅਚਾਰੀਆ’, ਤਿੱਬਤ ’ਚ ‘ਨਾਨਕ ਲਾਮਾ’, ਸਿੱਕਮ-ਭੂਟਾਨ ’ਚ ‘ਗੁਰੂ ਰੋਪੋਚੀਆ’, ਮੱਕਾ ’ਚ ‘ਵਲੀ ਹਿੰਦ’, ਭਾਰਤ ’ਚ ‘ਗੁਰੂ ਨਾਨਕ ਦੇਵ’, ਰੂਸ ’ਚ ‘ਨਾਨਕ ਕਦਾਮਾਰ’, ਇਰਾਕ ’ਚ ‘ਬਾਬਾ ਨਾਨਕ’, ਨੇਪਾਲ ’ਚ ‘ਨਾਨਕ ਰਿਸ਼ੀ’, ਬਗਦਾਦ ਵਿਚ ‘ਨਾਨਕ ਪੀਰ’, ਮਿਸਰ ਵਿਚ ‘ਨਾਨਕ ਵਲੀ’, ਚੀਨ ਵਿਚ ‘ਬਾਬਾ ਫੂਸਾ’ ਦੇ ਨਾਵਾਂ ਨਾਲ ਉਨ੍ਹਾਂ ਨੂੰ ਜਾਣਿਆ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੂੰ ਸਮਝਣਾ ਬੜਾ ਔਖਾ ਹੈ। ਦੋ ਹਸਤੀਆਂ ਹੀ ਉਨ੍ਹਾਂ ਨੂੰ ਸਮਝ ਸਕੀਆਂ- ਭੈਣ ਬੇਬੇ ਨਾਨਕੀ ਤੇ ਇਲਾਕੇ ਦਾ ਮਾਲਕ ਰਾਏ ਬੁਲਾਰ। ਰਾਏ ਬੁਲਾਰ ਨੇ ਦੇਖਿਆ ਕਿ 12 ਸਾਲ ਦਾ ਬਾਲਕ ਮੱਝਾਂ ਚਾਰ ਰਿਹਾ, ਦਰੱਖ਼ਤ ਹੇਠ ਲੰਮਾ ਪਿਆ ਨਿਰੰਕਾਰ ਦੇ ਧਿਆਨ ਵਿਚ। ਬਹੁਤ ਵੱਡਾ ਸੱਪ ਫੰਨ੍ਹ ਖਿਲਾਰ ਕੇ ਉਸ ਨੂੰ ਛਾਂ ਕਰ ਰਿਹਾ ਹੈ। ਜਿੱਧਰ-ਜਿੱਧਰ ਸੂਰਜ ਜਾਂਦਾ, ਫੰਨ ਉੱਧਰ-ਉੱਧਰ ਛਾਂ ਕਰਦਾ। ਜਦ ਬਾਲਕ ਉੱਠਿਆ ਤਾਂ ਰਾਏ ਬੁਲਾਰ ਨੇ ਹੱਥ ਜੋੜ ਕੇ ਪ੍ਰਣਾਮ ਕੀਤਾ, ਮੱਥਾ ਟੇਕਿਆ ਤੇ ਕਿਹਾ, ‘ਮਹਾਰਾਜ! ਪੁੱਤਰ ਦੀ ਦਾਤ ਬਖ਼ਸ਼ੋ।’

ਗੁਰੂ ਸਾਹਿਬ ਨੇ ਕਿਹਾ, ‘ਪੁੱਤਰ ਹੋਏਗਾ, ਵਿਸ਼ਵਾਸ ਕਰੋ।’ ਜਦ ਰਾਏ ਬੁਲਾਰ ਦੇ ਘਰ ਪੁੱਤਰ ਹੋਇਆ ਤਾਂ ਉਹ ਖ਼ੁਸ਼ੀ ਨਾਲ ਨੱਚਣ ਲੱਗ ਪਿਆ। ਆਪਣੇ ਇਲਾਕੇ ‘ਰਾਏ ਭੋਏ ਦੀ ਤਲਵੰਡੀ’ ਦੀ ਜ਼ਮੀਨ ‘ਨਾਨਕ ਸ਼ਾਹ ਫ਼ਕੀਰ’ ਦੇ ਨਾਂ ਲਗਾ ਦਿੱਤੀ ਤੇ ਉਸ ਦਾ ਨਾਂ ‘ਨਨਕਾਣਾ’ ਰੱਖਿਆ, ਜੋ ਅੱਜ-ਕੱਲ੍ਹ ‘ਨਨਕਾਣਾ ਸਾਹਿਬ’ ਹੈ।

ਸਭ ਧਰਤੀ ‘ਨਾਨਕ, ਨਾਨਕ, ਨਾਨਕਮਈ’, ‘ਗੋਬਿੰਦ, ਗੋਬਿੰਦ, ਗੋਬਿੰਦਮਈ’ ਹੋ ਗਈ। ਦਸ ਗੁਰੂ ਸਾਹਿਬਾਨ ਗੁਰੂ ਨਾਨਕ ਦੀ ਜੋਤ ‘ਗੁਰੂ ਗ੍ਰੰਥ ਸਾਹਿਬ’ ਬਣ ਕੇ ਸਾਡਾ ਮਾਰਗ ਦਰਸ਼ਨ ਕਰ ਰਹੇ ਹਨ। ਇਸ ਦਾ ਜਲਵਾ ਵੇਖਣ ਨੂੰ ਮਿਲਿਆ, ਮਹਾਰਾਜਾ ਰਣਜੀਤ ਸਿੰਘ ਦਾ ਰਾਜ ਰੋਪੜ ਤੋਂ ਕਸ਼ਮੀਰ, ਹਿਮਾਚਲ, ਅਫ਼ਗਾਨਿਸਤਾਨ ਤਕ ਫ਼ੈਲਿਆ। ਅੰਗਰੇਜ਼ੀ ’ਚ ਕਹਾਵਤ ਹੈ ਕਿ ‘ਅੰਗਰੇਜ਼ਾਂ ਦੇ ਰਾਜ ਵਿਚ ਕਦੀ ਸੂਰਜ ਨਹੀਂ ਛੁਪਦਾ’, ਇਸ ਕਹਾਵਤ ਨੂੰ ਗ਼ਲਤ ਸਿੱਧ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਦਰਿਆ ’ਤੇ ਅੰਗਰੇਜ਼ਾਂ ਨੂੰ ਰੋਕਿਆ ਤੇ ਸੰਧੀ ਕਰਵਾਈ ਕਿ ਉਹ ਹਿੰਦੁਸਤਾਨ ਦੇ ਇਸ ਹਿੱਸੇ ਤੋਂ ਅੱਗੇ ਨਹੀਂ ਆਉਣਗੇ, ਅੱਗੇ ‘ਦੇਸ਼ ਪੰਜਾਬ’ ਹੈ ਤੇ ਉਹ ਸ਼ੇਰੇ-ਪੰਜਾਬ ਹਨ। ਅੰਗਰੇਜ਼ਾਂ ਨੇ ਇਹ ਸੰਧੀ ਪਰਵਾਨ ਕੀਤੀ ਤੇ ਜਦ ਤਕ ਮਹਾਰਾਜਾ ਰਣਜੀਤ ਸਿੰਘ ਜਿਊਂਦੇ ਰਹੇ, ਇਸ ਸੰਧੀ ’ਤੇ ਅਮਲ ਕਰਦੇ ਰਹੇ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੁਨੀਆ ਦੇ ਰਾਜਾਂ ਵਿਚ ਦੂਸਰੇ ਨੰਬਰ ’ਤੇ ਸੀ। ਇਥੋਂ ਦੀ ਕਰੰਸੀ ਦਾ ਮੁੱਲ ਅੰਗਰੇਜ਼ਾਂ ਦੀ ਕਰੰਸੀ ਤੋਂ ਬਾਅਦ ਦੂਜੇ ਨੰਬਰ ’ਤੇ ਸੀ, ਫਰਾਂਸ ਤੀਸਰੇ ਨੰਬਰ ’ਤੇ ਸੀ। ਸਾਰਾ ਪੰਜਾਬ ਪੜ੍ਹਿਆ-ਲਿਖਿਆ ਸੀ, ਔਰਤਾਂ ਵੀ ਸੌ ਫ਼ੀਸਦੀ ਪੜ੍ਹੀਆਂ ਸਨ। ਗੁਰਮੁਖੀ ’ਚ ਪੜ੍ਹਾਈ ਕਰਵਾਈ ਜਾਂਦੀ ਸੀ। ਮਹਾਰਾਜੇ ਦੇ ਰਾਜ ਵਿਚ ਅੰਗਰੇਜ਼, ਫਰਾਂਸੀਸੀ, ਪੁਰਤਗਾਲੀ ਤੇ ਹੋਰ ਦੇਸ਼ਾਂ ਦੇ ਲੋਕ ਆ ਕੇ ਨੌਕਰੀਆਂ ਕਰਨੀਆਂ ਮਾਣ ਮਹਿਸੂਸ ਕਰਦੇ ਸਨ। ਮਹਾਰਾਜਾ ਧਰਮ ਦਾ ਬਹੁਤ ਪੱਕਾ ਸੀ। ਜਿੱਥੇ ਵੀ ਉਹ ਅਰਦਾਸ ਕਰ ਕੇ ਜਾਂਦਾ, ਉਸ ਦੀ ਜਿੱਤ ਹੀ ਹੁੰਦੀ ਸੀ। ਇਹ ਗੱਲ ਅੰਗਰੇਜ਼ਾਂ ਨੂੰ ਚੁੱਭਦੀ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖ ਕੌਮ ਨੂੰ ਵੰਡ ਕੇ ਮਾਰਿਆ, ਇਥੋਂ ਦੀਆਂ ਕਿਤਾਬਾਂ ਸਾੜ ਦਿੱਤੀਆਂ, ਧਾਰਮਿਕ ਸਥਾਨਾਂ ਦੇ ਨਾਮੋ-ਨਿਸ਼ਾਨ ਬਦਲ ਦਿੱਤੇ ਤੇ ਸਿੱਖਾਂ ਤੋਂ ਬਦਲਾ ਲੈਣ ਲਈ ਜਰਾਇਮ-ਪੇਸ਼ਾ ਕੌਮ ਬਣਾ ਦਿੱਤਾ। ਪੰਜਾਬ ਵਿਚ ਉਰਦੂ, ਅੰਗਰੇਜ਼ੀ, ਫ਼ਾਰਸੀ ਸਿੱਖਿਆ ਦਾ ਮਾਧਿਅਮ ਰੱਖਿਆ।

ਸਿੱਖ ਬਹਾਦਰ ਕੌਮ, ਜਿਸ ਨੇ ਦੇਸ਼ ਦੀ ਆਜ਼ਾਦੀ ’ਚ 85 ਫ਼ੀਸਦੀ ਹਿੱਸਾ ਪਾਇਆ, ਨੂੰ ਆਜ਼ਾਦੀ ਦੇਣ ਵੇਲੇ ਸਿੱਖਾਂ ਦੇ ਧਾਰਮਿਕ ਅਸਥਾਨ ਨਨਕਾਣਾ ਸਾਹਿਬ, ਕਰਤਾਰਪੁਰ ਤੇ ਰਾਜਧਾਨੀ ਲਾਹੌਰ ਪਾਕਿਸਤਾਨ ਦੇ ਹਵਾਲੇ ਕਰ ਦਿੱਤੇ। ਪੰਜਾਬੀ, ਪੰਜਾਬੀ ਦਾ ਕਤਲ ਕਰਨ ਲੱਗੇ। ਦੇਸ਼ ਦੀ ਵੰਡ ਹੋ ਗਈ। ਬਿਨਾਂ ਕਸੂਰ ਤੋਂ ਏਨੀ ਕਤਲੋਗਾਰਤ ਹੋਈ, ਲੋਕ ਉੱਜੜ ਕੇ ਇਧਰੋਂ ਉਧਰ ਤੇ ਉਧਰੋਂ ਇਧਰ ਆ ਗਏ। ਸਭ ਤੋਂ ਉਪਜਾਊ ਜ਼ਮੀਨ ਪਾਕਿਸਤਾਨੀ ਪੰਜਾਬ ’ਚ ਚਲੀ ਗਈ। ਪੰਜ ਦਰਿਆ ਵੰਡ ਦਿੱਤੇ ਗਏ।

ਪ੍ਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਪੰਜਾਬ ਨੇ ਕਲਕੱਤਾ, ਮਦਰਾਸ, ਬੰਬਈ ਤੋਂ ਵੱਡੇ-ਵੱਡੇ ਘਰਾਣੇ ਪ੍ਰੇਰਿਤ ਕਰ ਕੇ ਪੰਜਾਬ ਲਿਆਂਦੇ। ਗੁੜਗਾਵਾਂ, ਫ਼ਰੀਦਾਬਾਦ ਆ ਕੇ ਉਨ੍ਹਾਂ ਨੇ ਕੰਮ ਸ਼ੁਰੂ ਕੀਤੇ। ਪੰਜਾਬ ਦੀ ਦੂਜੀ ਵੰਡ ਪੰਜਾਬ ਦੀ ਸੌੜੀ ਰਾਜਨੀਤੀ ਨੇ ਕਰਵਾ ਦਿੱਤੀ, ਪੰਜਾਬ, ਹਿਮਾਚਲ, ਹਰਿਆਣਾ ਬਣਾ ਦਿੱਤੇ, ਫਿਰ ਚੰਡੀਗੜ੍ਹ ਰਾਜਧਾਨੀ, ਦਰਿਆਈ ਪਾਣੀਆਂ ਦਾ ਰੇੜਕਾ ਸ਼ੁਰੂ ਹੋ ਗਿਆ। ਪਾਕਿਸਤਾਨ, ਹਿੰਦੁਸਤਾਨ ਦੀ ਵੰਡ ਉੱਪਰ ਲੜਾਈਆਂ ਲੜਦੇ ‘ਭਰਾ-ਭਰਾ’ ਦੁਸ਼ਮਣ ਹੋ ਗਏ। ਜੰਗਾਂ ਹੋਈਆਂ, ਸੰਧੀਆਂ ਹੋਈਆਂ। ਦੋਹਾਂ ਮੁਲਕਾਂ ਦਾ ਪੈਸਾ ਹਥਿਆਰ ਖ਼ਰੀਦਣ ’ਤੇ ਲੱਗ ਰਿਹਾ ਤੇ ਬੰਦੇ ਗੋਲੀਬਾਰੀ ਨਾਲ ਮਰ ਰਹੇ। ਅੰਗਰੇਜ਼ ਆਪਣੇ ਹਥਿਆਰ ਵੇਚ ਰਹੇ, ਅਜੇ ਵੀ ਬਸ ਨਹੀਂ ਕਰਦੇ।

ਕਰਤਾਰਪੁਰ ਦਾ ਤਿੰਨ ਕਿਲੋਮੀਟਰ ਦਾ ਫ਼ਾਸਲਾ 70 ਸਾਲਾਂ ਤਕ ਤਹਿ ਨਹੀਂ ਹੋ ਸਕਿਆ। ਹੁਣ ਸਬੱਬ ਬਣਿਆ ਤੇ ਇਹ ਰਾਹ ਖੁੱਲ੍ਹਣ ਦੇ ਆਸਾਰ ਬਣੇ ਤਾਂ ਉਸ ਉੱਪਰ ਵੀ ਰਾਜਨੀਤੀ ਸ਼ੁਰੂ ਹੋ ਗਈ। ਇਸ ਤੋਂ ਉੱਪਰ ਉੱਠਣ ਦੀ ਲੋੜ ਹੈ। ਅੱਜ 550 ਸਾਲ ਹੋ ਗਏ ਹਨ, ਗੁਰੂ ਨਾਨਕ ਸਾਹਿਬ ਨੂੰ ਇਸ ਮਾਤ ਲੋਕ ’ਚ ਆਇਆਂ ਨੂੰ, ਅਸੀਂ ਉਸ ਸੂਰਜ ਨੂੰ, ਪੂਰਨਮਾਸ਼ੀ ਦੇ ਚੰਦਰਮਾ ਨੂੰ ਪਛਾਣ ਨਹੀਂ ਸਕੇ। ਸਮਾਂ ਹੈ, ਸਰਕਾਰਾਂ ਲਈ ‘ਰਾਏ ਬੁਲਾਰ’ ਬਣਨ ਦਾ। ਗੁਰੂ ਨਾਨਕ ਸਾਹਿਬ ਦਾ ਸਿਧਾਂਤ, ਜਿਸ ਦੇਸ਼ ’ਚ ਗੁਰੂ ਸਾਹਿਬ ਗਏ, ਉਸ ਨੂੰ ਇਕੱਠੇ ਹੋ ਕੇ ਮਾਨਵਤਾ ਨੂੰ ਭੁੱਖਮਰੀ, ਗ਼ਰੀਬੀ, ਭ੍ਰਿਸ਼ਟਾਚਾਰ, ਅਨਪੜ੍ਹਤਾ, ਨਾਬਰਾਬਰੀ, ਔਰਤਾਂ ’ਤੇ ਜ਼ੁਲਮ, ਕੌਡੇ ਰਾਕਸ਼ ਤੇ ਸੱਜਣ ਠੱਗਾਂ ਤੋਂ ਬਚਾਉਣ ਦਾ, ਚਾਹੇ ਲੰਕਾ ਹੋਵੇ, ਬੰਗਲਾਦੇਸ਼, ਤਿੱਬਤ, ਚੀਨ, ਸਿੱਕਮ, ਭੂਟਾਨ, ਮੱਕਾ, ਰੂਸ, ਪਾਕਿਸਤਾਨ, ਇਰਾਕ, ਮਿਸਰ, ਬਗਦਾਦ, ਸਭ ਇਕ ਹੋਣ।

ਆਸ ਦੀ ਕਿਰਨ ਬੱਝ ਰਹੀ ਹੈ। ਭਾਰਤ ਇਨ੍ਹਾਂ ਦੇਸ਼ਾਂ ਨਾਲ ਵਪਾਰ ਕਰ ਕੇ ਏਕਾ ਕਰੇ। ਬਾਬੇ ਦੀ ਕ੍ਰਿਪਾ ਹੋ ਸਕਦੀ ਹੈ। ਕਰਤਾਰਪੁਰ ਲਾਂਘਾ ਮਾਨਵਤਾ ਦਾ ਪੁਲ ਬਣ ਸਕਦਾ ਹੈ। ਵੈਰ-ਵਿਰੋਧ ਖ਼ਤਮ ਹੋ ਸਕਦੇ ਹਨ। ਸਭੇ ਸਾਂਝੀਵਾਲ ਬਣ ਸਕਦੇ ਹਨ। ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ ਬਣ ਸਕਦੇ ਹਨ। ਇਹ ਸਾਰੇ ਦੇਸ਼ ‘ਜਿਨ ਪ੍ਰੇਮ ਕੀਓ’ ਦੇ ਸਿਧਾਂਤ ’ਤੇ ਅਮਲ ਕਰਨ ਤਾਂ ਸਾਰੀਆਂ ਵੱਡੀਆਂ ਸ਼ਕਤੀਆਂ ਝੁਕ ਜਾਣਗੀਆਂ ਤੇ ਇਹ ਸਾਰੇ ਦੇਸ਼ ਬਾਬੇ ਨਾਨਕ ਦਾ ਘਰ ਬਣ ਸਕਦੇ ਹਨ। •

98141-03944











ਮਹਾਨਗਰ ਦੇ ਨੇੜੇ ਕੋਈ ਹਿਲ ਸਟੇਸ਼ਨ ਹੋਵੇ ਤਾਂ ਅੱਜ ਦੀ ਦੌੜ ਭੱਜ ਵਾਲੀ ਜ਼ਿੰਦਗੀ ਲਈ ਉਹ ਸੋਨੇ 'ਤੇ ਸੁਹਾਗੇ ਨਾਲੋਂ ਘੱਟ ਨਹੀਂ ਹੈ। ਦਿੱਲੀ ਵਾਸੀਆਂ ਲਈ ਉੱਤਰਾਖੰਡ ਜਾਂ ਹਿਮਾਚਲ ਪ੍ਰਦੇਸ਼ ਦੇ ਸੈਰ ਸਪਾਟਾ ਸਥਾਨ ਸਭ ਤੋਂ ਪਸੰਦੀਦਾ ਵੀਕਐਂਡ ਗੇਟਵੇਜ਼ 'ਚੋਂ ਇਕ ਹਨ। ਖ਼ਾਸ ਕਰ ਰਿਸ਼ੀਕੇਸ਼, ਮਸੂਰੀ, ਨੈਨੀਤਾਲ, ਸ਼ਿਮਲਾ, ਮਨਾਲੀ ਆਦਿ। ਪਰ ਇਥੇ ਕਈ ਵਾਰ ਭੀੜ ਛੁੱਟੀਆਂ ਦਾ ਮਜ਼ਾ ਕਿਰਕਿਰਾ ਵੀ ਕਰ ਦਿੰਦੀ ਹੈ। ਇਨ੍ਹਾਂ ਥਾਵਾਂ ਨਾਲੋਂ ਉੱਤਰਾਖੰਡ ਦਾ ਲੈਂਸਡਾਊਨ ਥੋੜ੍ਹਾ ਵੱਖਰਾ ਹੈ, ਜਿੱਥੇ ਸਕੂਨ ਦੇ ਨਾਲ ਮਿਲਦਾ ਹੈ ਕੁਦਰਤ ਦੀ ਗੋਦ 'ਚ ਸਮਾਂ ਬਿਤਾਉਣ ਦਾ ਮੌਕਾ...

# ਲੈਂਸਡਾਊਨ
# ਯਾਦਾਂ 'ਚ ਭਰੇ ਕੁਦਰਤ ਦੇ ਰੰਗ

• ਅੰਸ਼ੂ ਸਿੰਘ

ਪ੍ਰਸਿੱਧ ਚੀਨੀ ਦਾਰਸ਼ਨਿਕ ਲਾਓ ਸੂ ਨੇ ਕਿਹਾ ਸੀ ਕਿ ਇਕ ਚੰਗੇ ਯਾਤਰੀ ਦੀ ਕੋਈ ਨਿਸ਼ਚਿਤ ਯੋਜਨਾ ਨਹੀਂ ਹੁੰਦੀ ਅਤੇ ਨਾ ਹੀ ਉਹ ਕਿਤੇ ਪਹੁੰਚਣ ਦੀ ਇੱਛਾ ਜਾਂ ਅਭਿਲਾਸ਼ਾ ਰੱਖਦਾ ਹੈ। ਉਹ ਬਸ ਚੱਲਦੇ ਹੀ ਰਹਿਣਾ ਚਾਹੁੰਦਾ ਹੈ। ਸਾਡੇ ਘੁਮੱਕੜਾਂ ਦਾ ਸਮੂਹ ਵੀ ਕੁਝ ਅਜਿਹੀ ਹੀ ਇੱਛਾ ਰੱਖਦਾ ਸੀ। ਮੌਕਾ ਮਿਲਿਆ ਨਹੀਂ ਕਿ ਮਨ ਸ਼ਹਿਰ ਤੋਂ ਬਾਹਰ ਨਿਕਲਣ ਲਈ ਕਾਹਲਾ ਹੋ ਜਾਂਦਾ ਹੈ। ਵੀਕਐਂਡ 'ਤੇ ਲੈਂਸਡਾਊਨ ਜਾਣ ਦੀ ਯੋਜਨਾ ਵੀ ਏਦਾਂ ਹੀ ਬਣ ਗਈ। ਦਿੱਲੀ ਤੋਂ ਕਰੀਬ 270ਕਿਮੀ. ਦੀ ਦੂਰੀ 'ਤੇ ਸਥਿਤ ਪਹਾੜੀ ਸਥਾਨ ਸੈਲਾਨੀਆਂ ਦੀ ਭੀੜ ਤੋਂ ਅਜੇ ਵੀ ਕਾਫ਼ੀ ਹੱਦ ਤਕ ਬਚਿਆ ਹੋਇਆ ਹੈ। ਤੈਅ ਹੋਇਆ ਕਿ ਕੱਲ੍ਹ ਪਹੁ ਫੁੱਟਣ ਤੋਂ ਪਹਿਲਾਂ ਨਿਕਲ ਜਾਵਾਂਗੇ ਤਾਂ ਕਿ ਟ੍ਰੈਫਿਕ 'ਚ ਨਾ ਫਸਿਆ ਜਾਵੇ। ਅਸੀਂ ਦਿੱਲੀ-ਮੇਰਠ-ਬਿਜਨੌਰ-ਕੋਟਦੁਆਰ ਰੂਟ ਲਿਆ। ਰਾਤ ਦਾ ਹਨੇਰਾ ਖਿੰਡ ਰਿਹਾ ਸੀ ਅਤੇ ਚਾਨਣ ਹੋਣ ਵਾਲਾ ਸੀ, ਜਿਸ ਕਾਰਨ ਸ਼ਹਿਰ ਤੋਂ ਬਾਹਰ ਨਿਕਲਣ ਨੂੰ ਦੇਰ ਨਾ ਲੱਗੀ। ਉਸ ਤੋਂ ਬਾਅਦ ਤਾਂ ਧੋਤਾ ਹੋਇਆ ਅਕਾਸ਼ ਅਤੇ ਹਰੇ-ਭਰੇ ਖੇਤ ਦੇਖ ਮਨ ਸ਼ਾਂਤ ਅਤੇ ਹਲਕਾ ਹੋਣ ਲੱਗਾ। ਸਮਝੋ ਕੁਝ ਪੁਰਾਣਾ ਛੱਡਿਆ ਜਾ ਰਿਹਾ ਸੀ ਅਤੇ ਨਵਾਂ ਮਿਲਣ ਵਾਲਾ ਹੋਵੇ। ਲਗਪਗ ਦੋ ਘੰਟੇ ਦਾ ਸਫ਼ਰ ਬਿਤਾਉਣ ਪਿੱਛੋਂ ਸਾਰਿਆਂ ਨੂੰ ਚਾਹ ਦੀ ਤਲਬ ਸਤਾਉਣ ਲੱਗੀ। ਅਸੀਂ ਸਭ ਇਕ ਢਾਬੇ 'ਤੇ ਰੁਕੇ, ਜੋ ਕਿਸੇ ਹੋਟਲ ਨਾਲੋਂ ਘੱਟ ਨਹੀਂ ਸੀ। ਉਥੇ ਲਾਅਨ 'ਚ ਟੇਬਲ ਸਜਾ ਕੇ ਅਸੀਂ ਸਭ ਨੇ ਗਰਮ-ਗਰਮ ਚਾਹ-ਕੌਫੀ-ਨਾਸ਼ਤਾ ਕੀਤਾ ਅਤੇ ਫਿਰ ਆਪਣੇ ਨਿਸ਼ਾਨੇ ਵਲ ਵੱਧ ਗਏ।

## ਕੁਝ ਜਾਦੂਮਈ ਮਿਲੇਗਾ ਨਜ਼ਾਰਾ

ਗੱਡੀ ਪੂਰੀ ਰਫ਼ਤਾਰ 'ਚ ਹਵਾ ਨਾਲ ਗੱਲਾਂ ਕਰਦੀ ਹੋਏ ਅੱਗੇ ਵਧ ਰਹੀ ਸੀ। ਮਿਊਜ਼ਿਕ ਨਾਲ ਕੁਝ ਮੈਂਬਰ ਨੀਂਦ ਦਾ ਮਜ਼ਾ ਲੈ ਰਹੇ ਸਨ ਤੇ ਕੁਝ ਯਾਦਾਂ 'ਚ ਡੁੱਬ ਗਏ ਸਨ। ਸਮਾਂ ਬੀਤਦਿਆਂ ਦੇਰ ਨਾ ਲੱਗੀ ਅਤੇ ਅਸੀਂ ਕੋਟਦੁਆਰ ਦੇ ਨੇੜੇ ਪਹੁੰਚਣ ਵਾਲੇ ਸੀ। ਉਥੋਂ ਲੈਂਸਡਾਊਨ ਤਕਰੀਬਨ 40ਕਿਲੋਮੀਟਰ ਦੂਰ ਸੀ। ਗਰੁੱਪ ਦੇ ਜ਼ਿਆਦਾਤਰ ਸਾਥੀ ਪਰਬਤ ਪ੍ਰੇਮੀ ਸਨ। ਸਾਰੇ ਪਹਾੜਾਂ ਦਾ ਦੀਦਾਰ ਕਰਨ ਲਈ ਉਤਾਵਲੇ ਸਨ। ਪਰ ਜਿਉਂ ਹੀ ਕੋਟਦੁਆਰ ਪਿੱਛੇ ਰਹਿ ਗਿਆ, ਭੂ ਦ੍ਰਿਸ਼ ਬਦਲਣ ਲੱਗਾ। ਮੈਦਾਨੀ ਇਲਾਕਾ ਪਹਾੜਾਂ 'ਚ ਗੁੰਮ ਹੋ ਗਿਆ। ਗੱਡੀ ਦੇ ਸ਼ੀਸ਼ੇ ਹੇਠਾਂ ਕੀਤੇ ਤਾਂ ਹਵਾ ਦੀ ਛੋਹ ਵੀ ਬਦਲ ਚੁੱਕੀ ਸੀ। ਗੜ੍ਹਵਾਲ ਦਾ ਹਿਮਾਲਿਆ ਸਾਹਮਣੇ ਸੀ ਅਤੇ ਚਾਰੇ ਪਾਸੇ ਦਾ ਅਦਭੁਤ ਕੁਦਰਤੀ ਨਜ਼ਾਰਾ ਸਭ 'ਤੇ ਜਾਦੂ ਵਰਗਾ ਅਸਰ ਕਰ ਰਿਹਾ ਸੀ। ਲੈਂਸਡਾਊਨ ਦੀ ਦੂਰੀ 10 ਕਿਲੋਮੀਟਰ ਹੀ ਰਹਿ ਗਈ ਸੀ। ਕੁਝ ਹੀ ਸਮੇਂ 'ਚ ਅਸੀਂ ਬੱਦਲਾਂ ਨਾਲ ਘਿਰੀ ਇਕ ਵੱਖਰੀ ਦੁਨੀਆ 'ਚ ਦਾਖਲ ਹੋ ਚੁੱਕੇ ਸਾਂ। ਹਾਲਾਂਕਿ ਇਸ ਨਾਲ ਨਜ਼ਰ 'ਤੇ ਅਸਰ ਪੈ ਰਿਹਾ ਸੀ ਅਤੇ ਡਰਾਈਵਿੰਗ ਸੀਟ 'ਤੇ ਬੈਠੇ ਸਾਥੀ ਨੂੰ ਇਸ਼ਾਰਾ ਕਰ ਰਿਹਾ ਸੀ ਕਿ ਹੋਰ ਸਾਵਧਾਨੀ ਨਾਲ ਚਲਾਉਣੀ ਹੈ ਗੱਡੀ। ਕਿਉਂਕਿ ਪੂਰੀ ਵਾਦੀ ਨੇ ਹੀ ਬੱਦਲਾਂ ਦੀ ਚਾਦਰ ਓੜ ਲਈ ਸੀ। ਆਪਣੇ ਅੰਦਰ ਇਸ ਅਹਿਸਾਸ ਨੂੰ ਸਮਾਉਣਾ ਵੀ ਮੁਸ਼ਕਿਲ ਹੋ ਰਿਹਾ ਸੀ ਕਿ ਦਿੱਲੀ ਦੇ ਨੇੜੇ ਕੁਦਰਤ ਇੰਨੀ ਨੈਣਸੁੱਖ ਦੇਣ ਵਾਲੀ ਹੋ ਸਕਦੀ ਹੈ। ਖ਼ੈਰ ਛੇਤੀ ਹੀ ਅਸੀਂ ਉਸ ਰਿਜ਼ਾਰਟ 'ਚ ਦਾਖ਼ਲ ਹੋ ਗਏ, ਜੋ ਅਗਲੇ ਦੋ ਦਿਨਾਂ ਤਕ ਸਾਡਾ ਪੜਾਅ ਸੀ।

## ਭੁੱਲਾ ਤਲਾਅ 'ਚ ਨੌਕਾ ਵਿਹਾਰ

ਜਿਵੇਂ ਕਿ ਸਾਨੂੰ ਉਮੀਦ ਸੀ ਅਤੇ ਜੋ ਦੱਸਿਆ ਗਿਆ ਸੀ ਲੈਂਸਡਾਊਨ ਇਕ ਬਹੁਤ ਸ਼ਾਂਤ ਅਤੇ ਮਨਮੋਹਕ ਸਥਾਨ ਹੈ। ਐਕਟੀਵਿਟੀ ਨਾਲੋਂ ਵੱਧ ਇਥੇ ਸਕੂਨ ਦੇ ਪਲ ਬਿਤਾਉਣ ਨੂੰ ਮਿਲਦੇ ਹਨ। ਇਸ ਲਈ ਪੈਦਲ ਹੀ ਇਲਾਕੇ ਦੀ ਸੈਰ ਕਰਨ ਦਾ ਫ਼ੈਸਲਾ ਕੀਤਾ। ਜ਼ਿਕਰਯੋਗ ਹੈ ਕਿ ਇਹ ਹਿੱਲ ਸਟੇਸ਼ਨ ਭਾਰਤੀ ਸੈਨਾ ਦੀ ਗੜ੍ਹਵਾਲ ਰਾਈਫਲਜ਼ ਦਾ ਕਮਾਂਡ ਆਫਿਸ ਵੀ ਹੈ। ਸ਼ਾਇਦ ਇਕ ਵਜ੍ਹਾ ਉਹ ਵੀ ਹੈ ਕਿ 1707 ਮੀਟਰ ਦੀ ਉੱਚਾਈ 'ਤੇ ਸਥਿਤ ਇਸ ਸਥਾਨ ਦੀ ਮਨਮੋਹਕ ਸੁੰਦਰਤਾ ਹੁਣ ਵੀ ਬਰਕਰਾਰ ਹੈ। ਸੈਲਾਨੀਆਂ ਲਈ ਇਥੇ ਗਿਣੇ ਚੁਣੇ ਹੀ ਖਿੱਚ ਭਰਪੂਰ ਟਿਕਾਣੇ ਹਨ ਜਿਨ੍ਹਾਂ 'ਚੋਂ ਭੁੱਲਾ ਤਲਾਅ ਇਕ ਹੈ। ਇਹ ਮਨੁੱਖ ਵਲੋਂ ਬਣਾਈ ਝੀਲ ਹੈ, ਜਿਸ ਦਾ ਨਿਰਮਾਣ ਗੜ੍ਹਵਾਲ ਰਾਈਫਲਜ਼ ਨੇ ਕਰਾਇਆ। ਇਸ 'ਚ ਨੌਕਾ ਬਿਹਾਰ ਦਾ ਆਨੰਦ ਲਿਆ ਜਾ ਸਕਦਾ ਹੈ। ਚਾਹੋ ਤਾਂ ਝੀਲ ਕਿਨਾਰੇ ਬੈਠ ਆਲੇ ਦੁਆਲੇ ਦੇ ਨਜ਼ਾਰਿਆਂ ਦਾ ਲੁਤਫ਼ ਲਿਆ ਜਾ ਸਕਦਾ ਹੈ। ਨੇੜੇ ਹੀ ਇਕ ਛੋਟਾ ਜਿਹਾ ਹੈਂਡੀਕ੍ਰਾਫਟ ਸ਼ੋਅਰੂਮ ਹੈ, ਜਿੱਥੇ ਸਿਲਕ ਅਤੇ ਸੂਤੀ ਵਸਤੂਆਂ ਮਿਲਦੀਆਂ ਹਨ। ਇਥੇ ਕਈ ਸਨੈਕਸ ਪੁਆਇੰਟਜ਼ ਹਨ, ਜਿੱਥੇ ਆਲੂ ਟਿੱਕੀ ਤੋਂ ਲੈ ਕੇ ਆਪਣੇ ਸਵਾਦ ਅਨੁਸਾਰ ਖਾਧ ਪਦਾਰਥ ਲੈ ਸਕਦੇ ਹੋ। ਵੈਸੇ, ਤੁਸੀਂ ਸਥਾਨਕ ਬਾਜ਼ਾਰ ਸਥਿਤ ਆਰਮੀ ਬੇਕਰੀ ਦੇ ਸਨੈਕਸ ਦਾ ਸਵਾਦ ਚੱਖਣਾ ਨਾ ਭੁੱਲੋ। ਇਹ ਸਸਤੇ ਹੋਣ ਦੇ ਨਾਲ ਕਾਫ਼ੀ ਸੁਆਦਲੇ ਵੀ ਹੁੰਦੇ ਹਨ।

### ਦਰਵਾਨ ਸਿੰਘ ਮਿਊਜ਼ੀਅਮ

ਕੁਦਰਤੀ ਨਜ਼ਾਰਿਆਂ ਤੋਂ ਇਲਾਵਾ ਲੈਂਸਡਾਊਨ ਸਥਿਤ ਦਰਵਾਨ ਸਿੰਘ ਮਿਊਜ਼ੀਅਮ 'ਚ ਰੱਖੇ ਬਹੁਮੁੱਲੇ ਪ੍ਰਤੀਕ ਚਿੰਨ੍ਹਾਂ ਅਤੇ ਸੰਗ੍ਰਹਿਤ ਵਸਤੂਆਂ ਦੁਆਰਾ ਗੜ੍ਹਵਾਲ ਰਾਈਫਲਜ਼ ਬਾਰੇ ਜਾਣਨਾ ਵੀ ਸਾਡੇ ਲਈ ਘੱਟ ਯਾਦਗਾਰੀ ਨਹੀਂ ਸੀ। ਜਿਸ ਦੇ ਨਾਂ 'ਤੇ ਇਹ ਮਿਊਜ਼ੀਅਮ ਹੈ, ਉਹ ਬ੍ਰਿਟਿਸ਼ ਅਤੇ ਕਾਮਵੈਲਥ ਫੋਰਸਜ਼ ਦੁਆਰਾ ਵਿਕਟੋਰੀਆ ਕਰਾਸ ਨਾਲ ਨਿਵਾਜੇ ਗਏ ਪਹਿਲੇ ਭਾਰਤੀਆਂ 'ਚੋਂ ਇਕ ਸਨ। ਹਾਂ, ਤੁਹਾਨੂੰ ਦੱਸ ਦਈਏ ਕਿ ਇਸ ਮਿਊਜ਼ੀਅਮ 'ਚ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ ਅਤੇ ਨਾ ਹੀ ਮੰਦਰ ਦੀਆਂ ਤਸਵੀਰਾਂ ਖਿੱਚੀਆਂ ਜਾ ਸਕਦੀਆਂ ਹਨ। ਦੁਪਹਿਰ ਸਮੇਂ ਕੁਝ ਘੰਟਿਆਂ ਲਈ ਇਹ ਬੰਦ ਵੀ ਹੁੰਦਾ ਹੈ। ਮਿਊਜ਼ੀਅਮ ਦੇ ਬਾਹਰ ਇਕ ਸੁੰਦਰ ਪਾਰਕ ਹੈ, ਜਿੱਥੇ ਕਈ ਤਰ੍ਹਾਂ ਦੇ ਫੁੱਲ ਮਨ ਮੋਹ ਲੈਣਗੇ। ਇਥੇ ਸਾਹਮਣੇ ਗੜ੍ਹਵਾਲ ਰੈਜੀਮੈਂਟ ਦਾ ਵਿਸ਼ਾਲ ਖੇਡ ਮੈਦਾਨ ਵੀ ਹੈ, ਜਿੱਥੇ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ।

### ਕਿਵੇਂ ਪਹੁੰਚੀਏ?

**ਹਵਾਈ ਜਹਾਜ਼ :** ਦੇਹਰਾਦੂਨ ਸਥਿਤ ਜੌਲੀ ਗਰਾਂਟ ਏਅਰਪੋਰਟ ਤੋਂ ਟੈਕਸੀ ਰਾਹੀਂ ਪਹੁੰਚਿਆ ਜਾ ਸਕਦਾ ਹੈ।

**ਰੇਲ :** ਕੋਟਦੁਆਰ ਰੇਲਵੇ ਸਟੇਸ਼ਨ ਤੋਂ ਟੈਕਸੀ ਲੈ ਕੇ ਜਾਇਆ ਜਾ ਸਕਦਾ ਹੈ।

**ਸੜਕ :** ਦਿੱਲੀ ਤੋਂ ਸੜਕ ਮਾਰਗ ਰਾਹੀਂ ਜਾਣਾ ਸਭ ਤੋਂ ਵਧ ਸਹੂਲਤਮਈ ਹੈ। ਚੰਗੀ ਸੜਕ ਹੋਣ ਕਾਰਨ 5 ਤੋਂ 6 ਘੰਟੇ 'ਚ ਆਰਾਮ ਨਾਲ ਪਹੁੰਚਿਆ ਜਾ ਸਕਦਾ ਹੈ।

**ਜਾਣ ਦਾ ਸਮਾਂ :** ਇਥੋਂ ਦਾ ਮੌਸਮ ਆਮ ਤੌਰ 'ਤੇ ਸੁਹਾਵਣਾ ਹੀ ਰਹਿੰਦਾ ਹੈ। ਵੈਸੇ ਮਾਰਚ ਤੋਂ ਜੂਨ ਦਰਮਿਆਨ ਜਾਣਾ ਸਭ ਤੋਂ ਚੰਗਾ ਰਹੇਗਾ। ਦਸੰਬਰ ਤੋਂ ਫਰਵਰੀ ਤਕ ਠੰਢ ਵੱਧ ਜਾਂਦੀ ਹੈ।

## ਸੇਂਟ ਮੈਰੀ ਚਰਚ 'ਚ ਸ਼ਾਂਤੀ ਦਾ ਅਨੁਭਵ

ਲੈਂਸਡਾਊਨ ਦਾ ਨਾਂ 1888 ਤੋਂ 1894 ਵਿਚਾਲੇ ਭਾਰਤ ਦੇ ਵਾਇਸਰਾਇ ਰਹੇ ਲਾਰਡ ਲੈਂਸਡਾਊਨ ਦੇ ਨਾਂ 'ਤੇ ਪਿਆ ਹੈ। ਅੰਗਰੇਜ਼ਾਂ ਦੀ ਹਾਜ਼ਰੀ ਕਾਰਨ ਇਥੋਂ ਦਾ ਸੇਂਟ ਮੈਰੀ ਚਰਚ ਕਾਫ਼ੀ ਹਰਮਨ ਪਿਆਰਾ ਹੈ। ਪਾਈਨ ਅਤੇ ਦੇਵਦਾਰ ਦੇ ਜੰਗਲ ਵਿਚਾਲੇ ਸਥਿਤ ਗੋਥਿਕ ਸਟਾਈਲ ਦੇ ਚਰਚ 'ਚ ਦਾਖਲ ਹੋਣ ਪਿਛੋਂ ਅਸੀਮ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਪਹਾੜ ਦੀ ਇਕ ਚੋਟੀ 'ਤੇ ਸਥਿਤ ਹੋਣ ਕਾਰਨ ਇਸ ਚਰਚ ਕੋਲ ਇਕ ਸੰਪੂਰਨ ਵਾਦੀ ਅਤੇ ਹਿਮਾਚਲ ਨੂੰ ਨਿਹਾਰਨ ਦਾ ਆਪਣਾ ਵੱਖਰਾ ਰੋਮਾਂਚ ਹੈ। ਸਫ਼ੈਦ ਬੱਦਲਾਂ, ਹਰਿਆਲੀ ਨਾਲ ਭਰਪੂਰ ਜੰਗਲਾਂ ਅਤੇ ਦੂਰ-ਦੂਰ ਤਕ ਫੈਲੀ ਰਿਹਾਇਸ਼ ਨੂੰ ਦੇਖ ਕੇ ਲੱਗਦਾ ਹੈ ਜਿਵੇਂ ਇਹ ਕਿਸੇ ਚਿੱਤਰਕਾਰ ਦਾ ਵਿਸ਼ਾਲ ਕੈਨਵਸ ਹੋਵੇ। ਸਾਡੇ 'ਚੋਂ ਕੋਈ ਇਥੋਂ ਜਾਣ ਨੂੰ ਰਾਜ਼ੀ ਨਹੀਂ ਸੀ, ਸੋ ਨਿਰਧਾਰਤ ਸਮੇਂ ਨਾਲੋਂ ਵਧ ਬਤੀਤ ਕੀਤਾ ਪਰ ਸਮਾਂ ਘੱਟ ਸੀ ਅਤੇ ਜਾਣਾ ਅੱਗੇ ਸੀ।

## ਟਿਪ ਇਨ ਟੌਪ ਨਾਲ ਨਿਹਾਰੋ ਵਾਦੀ

ਸੇਂਟ ਮੈਰੀ ਚਰਚ ਤੋਂ ਅਸੀਂ ਤੁਰਦੇ ਹੋਏ ਪਹਾੜ ਦੀ ਇਕ ਚੋਟੀ ਤਕ ਜਾਣਾ ਸੀ, ਜਿਸ ਨੂੰ ਟਿਪ ਇਨ ਟੌਪ (ਟਿਫਨੀ ਟੌਪ) ਯਾਨੀ ਲੈਂਸਡਾਊਨ ਦਾ ਸਨੋ ਵਿਊ ਪੁਆਇੰਟ ਵੀ ਕਹਿੰਦੇ ਹਨ। ਇਹ ਵੀ ਇਕ ਅਜਿਹਾ ਸਥਾਨ ਹੈ, ਜਿੱਥੇ ਆਪਣੀਆਂ ਚਿੰਤਾਵਾਂ ਨੂੰ ਛੱਡ, ਵਿਚਾਰ ਸ਼ੂਨਯ ਹੋ ਕੇ ਘੰਟਿਆਂ ਬੱਧੀ ਬੈਠਿਆ ਜਾ ਸਕਦਾ ਹੈ। ਅਸੀਂ ਵੀ ਅਜਿਹਾ ਹੀ ਕੀਤਾ। ਖ਼ਾਮੋਸ਼ ਪਹਾੜਾਂ 'ਤੇ ਮੁਸਕਰਾਉਂਦੇ ਰੁੱਖਾਂ ਦੀਆਂ ਹਰਕਤਾਂ ਨੂੰ ਦੇਖਣਾ, ਜਿਨ੍ਹਾਂ ਦੀਆਂ ਟਾਹਣੀਆਂ ਕਦੇ ਹਵਾ ਦੇ ਝੋਂਕਿਆਂ ਤੇ ਕਦੇ ਪੰਛੀਆਂ ਦੀਆਂ ਅਠਖੇਲੀਆਂ ਨਾਲ ਲਹਿਰਾ ਉਠਦੀਆਂ ਸਨ। ਉੱਥੇ ਸਫ਼ੈਦ ਹਿਮਾਲਿਆ ਨੂੰ ਇਕਟਕ ਨਿਹਾਰਨਾ ਵੀ ਅਨੋਖਾ ਅਹਿਸਾਸ ਸੀ। ਵੈਸੇ, ਇਸ ਟ੍ਰੈਕ 'ਤੇ ਜਾਂਦੇ ਹੋਏ ਧਿਆਨ ਰੱਖਣਾ ਪੈਂਦਾ ਹੈ ਕਿ ਕਿਤੇ ਤੁਸੀਂ ਕਿਸੇ ਜ਼ਹਿਰੀਲੇ ਰੁੱਖ ਜਾਂ ਪੌਦੇ ਦੇ ਸੰਪਰਕ 'ਚ ਨਾ ਆ ਜਾਓ। ਤਾਰਕੇਸ਼ਵਰ ਮੰਦਰ 'ਚ ਸ਼ਿਵ ਦੇ ਦਰਸ਼ਨ ਦੇ ਪਹਿਲੇ ਦਿਨ ਹੀ ਅਸੀਂ ਜ਼ਿਆਦਾਤਰ ਲੋਕ ਪਸੰਦ ਵਾਲੇ ਸਥਾਨਾਂ ਨੂੰ ਮਾਪ ਲਿਆ ਸੀ। ਅਗਲੇ ਦਿਨ ਦੀ ਕੋਈ ਯੋਜਨਾ ਬਣਾਈ ਨਹੀਂ ਸੀ ਇਸ ਲਈ ਮਨ 'ਤੇ ਕੋਈ ਬੋਝ ਪਾਏ ਬਿਨਾਂ ਸਭ ਨੇ ਆਰਾਮ ਨਾਲ ਨੀਂਦ ਪੂਰੀ ਕਰਨ ਦਾ ਫ਼ੈਸਲਾ ਕੀਤਾ। ਜਦ ਸਵੇਰ ਹੋਈ ਤਾਂ ਸੂਰਜ ਦੀਆਂ ਕਿਰਨਾਂ ਨਾਲ ਨਹਾਤੀ ਵਾਦੀ ਨੇ ਗਰਮਜੋਸ਼ੀ ਨਾਲ ਸਾਡਾ ਸਵਾਗਤ ਕੀਤਾ ਅਤੇ ਨਵਾਂ ਜੋਸ਼ ਭਰ ਦਿੱਤਾ। ਅਸੀਂ ਮਹਿਸੂਸ ਕੀਤਾ ਕਿ ਤੇਜ਼ ਰਫ਼ਤਾਰ ਜ਼ਿੰਦਗੀ 'ਚ ਕੁਦਰਤ ਦੀ ਗੋਦ 'ਚ ਕੁਝ ਪਲ ਠਹਿਰਨਾ ਕਿੰਨਾ ਜ਼ਰੂਰੀ ਹੈ।

ਖ਼ੈਰ ਸਮੇਂ ਦਾ ਧਿਆਨ ਰੱਖਦੇ ਹੋਏ ਅਸੀਂ ਝਟਪਟ ਤਿਆਰ ਹੋਏ ਅਤੇ ਨਿਕਲ ਪਏ ਤਾਰਕੇਸ਼ਵਰ ਸਥਿਤ 600 ਸਾਲ ਪੁਰਾਣੇ ਸ਼ਿਵ ਮੰਦਰ ਦੇ ਦਰਸ਼ਨ ਲਈ, ਜੋ ਲੈਂਸਡਾਊਨ ਤੋਂ ਲਗਪਗ 40ਕਿਲੋਮੀਟਰ ਦੂਰ ਸੀ। ਸੜਕ ਚੰਗੀ ਸੀ ਪਰ ਮੈਦਾਨੀ ਇਲਾਕੇ 'ਚ ਕਾਰ ਡਰਾਈਵ ਕਰਨ ਨਾਲੋਂ ਬਿਲਕੁਲ ਵੱਖਰਾ ਅਨੁਭਵ ਹੁੰਦਾ ਹੈ ਇਥੇ। ਆਖਰਕਾਰ ਮੰਦਰ ਤੋਂ 100 ਮੀਟਰ ਦੂਰ ਕਾਰ ਪਾਰਕ ਕਰ ਕੇ ਅਸੀਂ ਕੁਝ ਢਲਾਣ ਵੱਲ ਵਧੇ, ਜਿੱਥੇ ਪਹਿਲਾਂ ਮੁੱਖ ਦੁਆਰ ਮਿਲਿਆ ਅਤੇ ਫਿਰ ਮੰਦਰ। ਪੂਰਾ ਇਲਾਕਾ ਦੇਵਦਾਰ ਦੇ ਸੰਘਣੇ ਰੁੱਖਾਂ ਨਾਲ ਘਿਰਿਆ ਹੋਇਆ ਹੈ, ਜਿੱਥੇ ਕਈ ਵਾਰ ਸੂਰਜ ਦੀ ਰੋਸ਼ਨੀ ਤਕ ਨਹੀਂ ਪਹੁੰਚਦੀ। ਇਸ ਤਰ੍ਹਾਂ ਇਹ ਪੂਰੀ ਯਾਤਰਾ ਇਕ ਯਾਦਗਾਰ ਦੇ ਰੂਪ ਵਿਚ ਦਿਲੋ-ਦਿਮਾਗ਼ 'ਚ ਉਕਰੀ ਗਈ। •



# ਚਾਰਧਾਮ ਦੀ
# ਯਾਤਰਾ ਦੇ ਸਰੋਕਾਰ

• ਡਾ. ਆਸ਼ਾ ਅਰਪਿਤ
98887-70954

ਸਾਲ 2013 ਵਿਚ ਜਦੋਂ ਪੂਰਾ ਕੇਦਾਰਨਾਥ ਅਚਾਨਕ ਆਏ ਹੜ੍ਹਾਂ ਵਿਚ ਜਲਮਗਨ ਹੋ ਰਿਹਾ ਸੀ ਤਾਂ ਮੰਦਰ ਦੇ ਪਿਛਵਾੜੇ ਇਕ ਚਟਾਨ ਮੰਦਰ ਦੇ ਪਿੱਛੇ ਆ ਕੇ ਲੱਗ ਗਈ। ਪਾਣੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਮੰਦਰ ਦੇ ਅੰਦਰ ਪਾਣੀ ਤਾਂ ਭਰਿਆ ਪਰ ਭਗਵਾਨ ਸ਼ੰਕਰ ਅਤੇ ਨੰਦੀ ਦੀਆਂ ਮੂਰਤੀਆਂ ਦੇ ਨਾਲ-ਨਾਲ ਬਾਕੀ ਮੂਰਤੀਆਂ ਵੀ ਸੁਰੱਖਿਅਤ ਬਚ ਗਈਆਂ। ਕੇਦਾਰਨਾਥ ਵਿਚ ਸਭ ਕੁਝ ਤਹਿਸ-ਨਹਿਸ ਹੋ ਚੁੱਕਿਆ ਸੀ। ਮਈ-ਜੂਨ ਦਾ ਮਹੀਨਾ ਸੀ। ਚਾਰਧਾਮ ਦੀ ਯਾਤਰਾ ਜ਼ੋਰਾਂ 'ਤੇ ਸੀ। ਉਸ ਵੇਲੇ ਪੰਜ ਲੱਖ ਤੋਂ ਵੱਧ ਯਾਤਰੀ ਉੱਥੇ ਸਨ, ਜਿਨ੍ਹਾਂ ਵਿਚ ਕਈ ਮੌਤ ਦੇ ਮੂੰਹ ਚਲੇ ਗਏ। ਕੌਣ ਕਿੱਥੋਂ ਆਇਆ, ਕੋਈ ਪਤਾ ਨਹੀਂ ਸੀ ਲੱਗ ਰਿਹਾ। ਹਰਿਦੁਆਰ ਦੀ ਟੂਰਿਜ਼ਮ ਅਧਿਕਾਰੀ ਸੀਮਾ ਨੌਟਿਆਲ ਨੇ ਇਸ ਆਫਤ ਦਾ ਮੰਜ਼ਰ ਆਪਣੀ ਅੱਖੀਂ ਵੇਖਿਆ ਸੀ।

## ਯਾਤਰਾ ਦਾ ਆਰੰਭ

ਇਸ ਵਾਰ ਦੀ ਚਾਰਧਾਮ ਯਾਤਰਾ ਸ਼ੁਰੂ ਹੋ ਚੁੱਕੀ ਹੈ। ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬੱਦਰੀਨਾਥ ਦੇ ਦੁਆਰ ਖੁੱਲ੍ਹ ਗਏ ਹਨ। ਟ੍ਰੈਵਲ ਏਜੰਸੀਆਂ ਯਾਤਰਾ ਦੀ ਬੁਕਿੰਗ ਕਰ ਰਹੀਆਂ ਹਨ ਅਤੇ ਟਰਾਂਸਪੋਰਟ ਵਿਭਾਗ ਵਪਾਰਕ ਗੱਡੀਆਂ ਨੂੰ ਗਰੀਨ ਕਾਰਡ ਜਾਰੀ ਕਰ ਰਿਹਾ ਹੈ। ਉੱਤਰਾਖੰਡ ਦਾ ਸ਼ਾਸਨ-ਪ੍ਰਸ਼ਾਸਨ ਰਾਜ ਵਿਚ ਟੂਰਿਜ਼ਮ ਨੂੰ ਪ੍ਰਮੋਟ ਕਰਨ ਅਤੇ ਚਾਰਧਾਮ ਯਾਤਰਾ ਨੂੰ ਵਧੀਆ ਬਣਾਉਣ ਲਈ ਕੋਸ਼ਿਸ਼ਾਂ ਕਰ ਰਿਹਾ ਹੈ। ਟੂਰਿਜ਼ਮ ਅਫਸਰ ਦੱਸਦੀ ਹੈ ਕਿ ਪਹਿਲਾਂ ਉੱਥੇ ਨਦੀ ਦਾ ਸਾਰਾ ਏਰੀਆ ਲੋਕਾਂ ਨੇ ਘੇਰਿਆ ਹੋਇਆ ਸੀ। ਨਹੀਂ ਤਾਂ ਹੜ੍ਹਾਂ ਵੇਲੇ ਇੰਨਾ ਨੁਕਸਾਨ ਨਾ ਹੋਇਆ ਹੁੰਦਾ। ਕੇਦਾਰਨਾਥ ਦੀ ਆਫਤ ਤੋਂ ਬਾਅਦ ਸਬਕ ਸਿੱਖਦਿਆਂ ਸ਼ਾਸਨ-ਪ੍ਰਸ਼ਾਸਨ ਨੇ ਮੰਦਰ ਤੋਂ ਪਰੇ ਹੁਣ ਸਾਰੇ ਇੰਤਜਾਮ ਕੀਤੇ ਹਨ। ਚਾਰਧਾਮ ਯਾਤਰਾ ਲਈ ਹੁਣ ਫੋਟੋਮੈਟ੍ਰਿਕ ਰਜਿਸਟ੍ਰੇਸ਼ਨ ਜ਼ਰੂਰੀ ਹੋ ਗਿਆ ਹੈ ਤਾਂ ਕਿ ਯਾਤਰੀਆਂ ਦੀ ਸਹੀ-ਸਹੀ ਜਾਣਕਾਰੀ ਮਿਲ ਸਕੇ।

## ਬੁਕਿੰਗ ਕਾਊਂਟਰ ਤੇ ਸੂਚਨਾ ਕੇਂਦਰ

ਚਾਰਧਾਮ ਯਾਤਰਾ ਕਿਉਂਕਿ ਹਰਿਦੁਆਰ ਅਤੇ ਰਿਸ਼ੀਕੇਸ਼ ਤੋਂ ਸ਼ੁਰੂ ਹੁੰਦੀ ਹੈ, ਇਸ ਲਈ ਰਸਤਿਆਂ ਵਿਚ ਕਈ ਜਗ੍ਹਾ ਬੁਕਿੰਗ ਕਾਊਂਟਰ ਲਾਏ ਗਏ ਹਨ। ਹਰਿਦੁਆਰ ਵਿਖੇ ਰੇਲਵੇ ਸਟੇਸ਼ਨ ਅਤੇ ਨੇੜੇ ਹੀ ਰਾਹੀ ਮੋਟਲ ਵਿਚ ਬੁਕਿੰਗ ਅਤੇ ਰਜਿਸਟ੍ਰੇਸ਼ਨ ਕਾਊਂਟਰ ਲਾਏ ਗਏ ਹਨ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਸੂਚਨਾ ਕੇਂਦਰ ਵੀ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸੂਚਨਾ ਕੇਂਦਰਾਂ ਤੋਂ ਯਾਤਰਾ ਸਬੰਧੀਆਂ ਸਾਰੀ ਜਾਣਕਾਰੀ ਲਈ ਜਾ ਸਕਦੀ ਹੈ। ਟੂਰਿਜ਼ਮ ਵਿਭਾਗ ਇਸ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਹਰਿਦੁਆਰ-ਰਿਸ਼ੀਕੇਸ ਵਿਖੇ ਜ਼ਿਆਦਾ ਤੋਂ ਜ਼ਿਆਦਾ ਯਾਤਰੀ ਰਜਿਸਟ੍ਰੇਸ਼ਨ ਕਰਵਾਉਣ ਪਰ ਫਿਰ ਵੀ ਦਸ ਫ਼ੀਸਦੀ ਛੁੱਟ ਹੀ ਜਾਂਦੇ ਹਨ। ਕਈ ਲੋਕ ਆਪਣੀਆਂ ਗੱਡੀਆਂ ਰਾਹੀਂ ਬਾਈਪਾਸ ਵੀ ਨਿਕਲ ਜਾਂਦੇ ਹਨ। ਸਹੀ ਗਿਣਤੀ ਦਾ ਡਾਟਾ ਮੰਦਰ ਕਮੇਟੀ ਕੋਲ ਹੁੰਦਾ ਹੈ।

## ਗਰੀਨ ਕਾਰਡ

ਹਰਿਦੁਆਰ ਦੇ ਏਆਰਟੀਓ ਮਨੀਸ਼ ਤਿਵਾੜੀ ਦੱਸਦੇ ਹਨ ਕਿ ਚਾਰ ਧਾਮ ਸੁਰੱਖਿਅਤ ਯਾਤਰਾ ਲਈ ਕਮਰਸ਼ੀਅਲ ਗੱਡੀਆਂ ਨੂੰ ਗਰੀਨ ਕਾਰਡ ਜਾਰੀ ਕੀਤੇ ਜਾ ਰਹੇ ਹਨ, ਜਿਸ ਵਿਚ ਗੱਡੀਆਂ ਦੀ ਪੂਰੀ ਫਿਟਨੈੱਸ ਦੇ ਕਾਗਜ਼ਾਤ ਚੈੱਕ ਕੀਤੇ ਜਾਂਦੇ ਹਨ। ਇਸ ਵਾਰ ਖ਼ਾਸ ਗੱਲ ਇਹ ਹੈ ਕਿ ਗੱਡੀਆਂ ਵਿਚ ਡਸਟਬਿਨ ਜ਼ਰੂਰੀ ਕੀਤਾ ਗਿਆ ਹੈ ਤਾਂ ਜੋ ਯਾਤਰੀ ਆਪਣਾ ਕੂੜਾ ਕੱਚਰਾ ਇੱਧਰ-ਉੱਧਰ ਨਾ ਸੁੱਟਣ। ਟਰਾਂਸਪੋਰਟ ਅਧਿਕਾਰੀ ਮੁਤਾਬਕ ਗੱਡੀਆਂ ਪਹਿਲਾਂ ਨਾਲੋਂ ਜ਼ਿਆਦਾ ਬਿਹਤਰ ਹੁੰਦੀਆਂ ਜਾ ਰਹੀਆਂ ਹਨ ਪਰ ਜੇ ਡਸਟਬਿਨ ਵੀ ਮੈਨੂਫੈਕਚਰਿੰਗ ਕੰਪਨੀਆਂ ਪਹਿਲਾਂ ਹੀ ਲਾ ਦੇਣ ਤਾਂ ਇਹ ਜ਼ਿਆਦਾ ਠੀਕ ਹੋਵੇਗਾ।

## ਮਹਾਂਮਾਰਗ ਦਾ ਨਿਰਮਾਣ

ਹਿਮਾਲਿਆ ਵਿਚ ਯਾਤਰੀਆਂ ਵਲੋਂ ਛੱਡੇ ਜਾ ਰਹੇ ਕੂੜੇ ਦੇ ਢੇਰ ਵਾਤਾਵਰਨ ਲਈ ਗੰਭੀਰ ਸੰਕਟ ਖੜ੍ਹਾ ਕਰ ਰਹੇ ਹਨ। ਤੇਜ਼ੀ ਨਾਲ ਵੱਧ ਰਿਹਾ ਟੂਰਿਜ਼ਮ ਹਿਮਾਲਿਆ ਦੇ ਈਕੋ-ਸਿਸਟਮ ਨੂੰ ਕਮਜ਼ੋਰ ਬਣਾ ਰਿਹਾ ਹੈ। ਕਈ ਤਰ੍ਹਾਂ ਦਾ ਪ੍ਰਦੂਸ਼ਣ ਵੱਧਦੇ ਹੋਏ ਤਾਪਮਾਨ ਦਾ ਕਾਰਨ ਬਣ ਰਿਹਾ ਹੈ। ਹਿਮਾਲਿਆ ਇਕ ਸੰਵੇਦਨਸ਼ੀਲ ਪਰਬਤ ਹੈ। ਕੁਦਰਤੀ ਸਰੋਤ ਅਤੇ ਸਾਧਨ ਸੀਮਤ ਹਨ। ਤੇਜ਼ੀ ਨਾਲ ਵੱਧ ਰਹੀਆਂ ਮਨੁੱਖੀ ਗਤੀਵਿਧੀਆਂ ਜੰਗਲੀ ਜਾਨਵਰਾਂ ਦੇ ਜੀਵਨ ਨੂੰ ਸੰਕਟ ਵਿਚ ਪਾ ਰਹੀਆਂ ਹਨ। ਉੱਤਰਾਖੰਡ ਵਿਚ ਟੂਰਿਜ਼ਮ ਨੂੰ ਪ੍ਰਮੋਟ ਕਰਨ ਲਈ ਅਤੇ ਚਾਰਧਾਮ ਯਾਤਰਾ ਨੂੰ ਸੁਖਾਲਾ ਬਣਾਉਣ ਲਈ 'ਆਲ ਵੈਦਰ ਰੋਡ'(ਚਾਰਧਾਮ ਮਹਾਂਮਾਰਗ) ਦਾ ਨਿਰਮਾਣ-ਕਾਰਜ ਚੱਲ ਰਿਹਾ ਹੈ। ਇਸ ਦੇ ਕਾਰਨ ਲੱਖਾਂ ਦਰੱਖ਼ਤ ਕੱਟੇ ਜਾ ਰਹੇ ਹਨ। ਵਿਗਿਆਨੀ ਮੰਨਦੇ ਹਨ ਕਿ ਸਾਡੇ ਕੋਲ ਇਕ ਹੀ ਹਿਮਾਲਿਆ ਹੈ ਅਤੇ ਅਸੀਂ ਉਸ ਨੂੰ ਗੁਆਉਂਦੇ ਜਾ ਰਹੇ ਹਾਂ।



ਚਾਰਧਾਮ ਦੀ ਪਵਿੱਤਰ ਯਾਤਰਾ ਸ਼ੁਰੂ ਹੋ ਚੁੱਕੀ ਹੈ। ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬੱਦਰੀਨਾਥ ਦੇ ਦੁਆਰ ਖੁੱਲ੍ਹ ਗਏ ਹਨ। ਟ੍ਰੈਵਲ ਏਜੰਸੀਆਂ ਯਾਤਰਾ ਦੀ ਬੁਕਿੰਗ ਕਰ ਰਹੀਆਂ ਹਨ...



## ਤਪੱਸਿਆ ਲਈ ਅਹਿਮ

ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਸਵਰਗਲੋਕ ਵਿਚ ਦੇਵਤਾ ਇਹ ਗੀਤ ਗਾਉਂਦੇ ਹਨ ਕਿ ਉਹ ਵਿਅਕਤੀ ਧੰਨ ਹੈ ਜਿਹੜਾ ਭਾਰਤ ਦੀ ਧਰਤੀ 'ਤੇ ਜਨਮ ਲੈਂਦਾ ਹੈ :

'ਗਯੰਤੀ ਦੇਵਾ ਕਿਲ ਗੀਤਕਾਨਿ, ਧੰਨਯਾਸਤੂ ਤੇ ਭਾਰਤਭੂਮਿ ਭਾਗੇ।' ਸਕੰਦਪੁਰਾਣ ਵਿਚ ਵੀ ਕਿਹਾ ਗਿਆ ਹੈ ਕਿ 'ਭਾਰਤ ਮਹਾਨ ਹੈ, ਹਿਮਾਲਿਆ ਮਹਾਨ ਹੈ ਕਿਉਂਕਿ ਇਹ ਉਹ ਸਥਾਨ ਹੈ ਜਿੱਥੇ ਗੰਗਾ ਦਾ ਜਨਮ ਹੋਇਆ ਅਤੇ ਜਿੱਥੇ ਗੰਗਾ ਭਗਵਾਨ ਦੇ ਚਰਨਾਂ ਵਿਚ ਵਹਿੰਦੀ ਹੈ। ਮਹਾਂਭਾਰਤ ਵਿਚ ਵੀ ਜ਼ਿਕਰ ਹੈ :

'ਨਾ ਗੰਗਾ ਸਦ੍ਰਿਸ਼ਂ ਤੀਰਥਂ ਨਾ ਦੇਵ : ਕੇਸ਼ਵਾਤ ਪਰ :।'

ਭਾਵ ਗੰਗਾ ਦੇ ਸਮਾਨ ਕੋਈ ਤੀਰਥ ਨਹੀਂ ਅਤੇ ਕੇਸ਼ਵ ਤੋਂ ਪਰੇ ਕੋਈ ਦੇਵ ਨਹੀਂ। ਭਾਰਤ ਦੇ ਰਿਸ਼ੀ-ਮੁਨੀਆਂ ਨੇ ਇਸ ਇਲਾਕੇ ਨੂੰ ਤਪੱਸਿਆ ਲਈ ਹਿਮਾਲਿਆ ਅਤੇ ਗੰਗਾ ਤੱਟ ਨੂੰ ਹੀ ਕਿਉਂ ਚੁਣਿਆ। ਇਸੇ ਲਈ ਕਿ ਇਸ ਇਲਾਕੇ ਵਿਚ ਹਰ ਤਰ੍ਹਾਂ ਦੀ ਆਬੋ ਹਵਾ ਵਿਦਮਾਨ ਸੀ। ਅਧਿਆਤਮਕ ਵਿਗਿਆਨੀ ਸਰੀਰਕ, ਮਾਨਸਿਕ ਅਤੇ ਆਤਮਿਕ ਵਾਤਾਵਰਨ ਸਦਕਾ ਹੀ ਇਥੇ ਰਹੇ ਸੀ। ਗੰਗਾ ਅਤੇ ਹਿਮਾਲਿਆ ਇਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਗੰਗਾ ਨੂੰ ਹਿਮਾਲਿਆ ਦਾ ਅੰਮ੍ਰਿਤ ਰਸ ਕਿਹਾ ਜਾਂਦਾ ਹੈ। ਚਰਕ ਰਿਸ਼ੀ ਨੇ ਕਿਹਾ ਹੈ : ਹਿਮਵਤਪ੍ਰਭਾ:ਪੱਥਿਆ :'।

## ਸਿਹਤਮੰਦ ਜਲਵਾਯੂ

ਹਿਮਾਲਿਆ ਦੀ ਸਿਹਤਮੰਦ ਜਲਵਾਯੂ ਨੂੰ ਧਿਆਨ ਵਿਚ ਰੱਖ ਕੇ ਹੀ ਬ੍ਰਿਟਿਸ਼ ਸ਼ਾਸਕਾਂ ਨੇ ਇਥੇ ਹਿੱਲ ਸਟੇਸ਼ਨ ਬਣਾਏ। ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਦੇ ਇਲਾਕੇ ਵਿਚ ਹੀ ਭਾਰਤ ਦੀ ਸੱਭਿਅਤਾ-ਸੰਸਕ੍ਰਿਤੀ ਵਿਕਸਤ ਹੋਈ। ਹਿਮਾਲਿਆ ਵਿਚ ਚੂਨਾ-ਪੱਥਰ, ਮੈਗਨੇਸਾਈਟ, ਗ੍ਰੇਫ਼ਾਈਟ, ਫਾਸਫੋਰਾਈਟ, ਵੇਰਾਈਟ, ਟਾਲਕ ਅਤੇ ਜਿਪਸਮ ਦੇ ਵੱਡੇ ਭੰਡਾਰੇ ਹਨ। ਉਨ੍ਹਾਂ ਤੋਂ ਵੱਡੀ ਮਾਤਰਾ ਵਿਚ ਖਣਿਜ ਕੱਢੇ ਜਾ ਸਕਦੇ ਹਨ।

ਵਰਲਡ ਇਕਨੌਮਿਕ ਫੋਰਮ ਮੁਤਾਬਕ-'ਵਰ੍ਹੇ 2100 ਤਕ ਹਿਮਾਲਿਆ ਦੀ ਬਰਫ਼ ਦਾ ਤੀਜਾ ਹਿੱਸਾ ਖ਼ਤਮ ਹੋ ਜਾਵੇਗਾ, ਇਹ ਵੀ ਉਦੋਂ ਦੀ ਗੱਲ ਹੈ ਜਦੋਂ ਸਰਕਾਰ 2015 ਪੈਰਿਸ ਜਲਵਾਯੂ ਸਮਝੌਤੇ ਅਧੀਨ ਸਖ਼ਤ ਕਾਰਵਾਈ ਕਰਦੀ ਹੈ। ਪਿਘਲਦੀ ਹੋਈ ਬਰਫ਼ ਦਾ ਵੱਡਾ ਕਾਰਨ ਵਧਦਾ ਹੋਇਆ ਤਾਪਮਾਨ ਅਤੇ ਬਦਲਦਾ ਹੋਇਆ ਮੌਸਮ ਹੈ।' ਕਈ ਵਿਗਿਆਨੀ ਮੰਨਦੇ ਹਨ ਕਿ ਵਿਕਾਸ ਕਾਰਜਾਂ, ਸੜਕਾਂ, ਸੁਰੰਗਾਂ, ਕਾਰਖਾਨੇ, ਡੈਮਾਂ ਦਾ ਨਿਰਮਾਣ ਅਤੇ ਧਾਤੂਆਂ ਨੂੰ ਕੱਢਣ ਲਈ ਕੀਤੀ ਜਾਂਦੀ ਖੁਦਾਈ ਕਾਰਨ ਚਟਾਨਾਂ ਖਿਸਕਣ ਦੇ ਰੂਪ ਵਿਚ ਹਿਮਾਲਿਆ ਦੇ ਅੰਗ ਕੱਟ-ਕੱਟ ਕੇ ਡਿੱਗ ਰਹੇ ਹਨ। ਭੂਚਾਲਾਂ ਦੀ ਫ੍ਰੀਕਵੈਂਸੀ ਵਧੀ ਹੈ। ਇਥੋਂ ਤਕ ਜੀਵਨ ਦੇਣ ਵਾਲੇ ਜਲ ਦੇ ਸਰੋਤ ਅਤੇ ਝਰਨੇ ਸੁੱਕ ਰਹੇ ਹਨ।

ਹਿਮਾਲਿਆ ਦੇ ਸਾਹਮਣੇ ਅਨੇਕਾਂ ਸਵਾਲ ਸਿਰ ਚੁੱਕੀ ਖੜ੍ਹੇ ਹਨ ਅਤੇ ਸਰਕਾਰਾਂ ਮਜਬੂਰ ਹਨ ਕਿਉਂਕਿ ਇਕ ਪਾਸੇ ਵਧਦੀ ਹੋਈ ਆਬਾਦੀ ਦੀਆਂ ਮੰਗਾਂ ਪੂਰੀਆਂ ਕਰਨ ਦੀ ਚੁਣੌਤੀ ਹੈ ਅਤੇ ਦੂਜੇ ਪਾਸੇ ਕੁਦਰਤੀ ਵਿਰਾਸਤ ਨੂੰ ਬਚਾਉਣ ਦਾ ਸਵਾਲ ਹੈ। ਹੁਣ ਫ਼ੈਸਲਾ ਹਰ ਉਸ ਦੇਸ਼ ਵਾਸੀ ਦੇ ਹੱਥ ਵਿਚ ਹੈ ਜੋ ਅਸਲੀ ਅਰਥਾਂ ਵਿਚ ਚਾਰਧਾਮ ਯਾਤਰਾ ਕਰਨੀ ਚਾਹੁੰਦਾ ਹੈ। ਚਾਰਧਾਮ ਯਾਤਰਾ ਦਾ ਅਰਥ ਕੇਵਲ ਅਤੇ ਕੇਵਲ ਭਗਵਾਨ ਦੀਆਂ ਮੂਰਤੀਆਂ ਦੇ ਦਰਸ਼ਨ ਕਰਨਾ ਹੀ ਨਹੀਂ ਹੈ ਜਦਕਿ ਉਸ ਵਿਆਪਕ ਅਕਾਲ ਪੁਰਖ ਦੇ ਵੱਖ-ਵੱਖ ਅੰਗਾਂ ਦੇ ਰੂਪ ਵਿਚ ਮਿਲੇ ਹੋਏ ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਸਾਂਭ ਸੰਭਾਲ ਕਰਨਾ ਵੀ ਹੈ। ਗੰਗਾ ਅਤੇ ਹਿਮਾਲਿਆ ਭਾਰਤ ਦੀ ਖਾਸ ਪਛਾਣ ਹੈ। ਵਿਦਵਾਨ, ਚਿੰਤਕ ਅਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਬਚਣਗੀਆਂ ਤਾਂ ਹੀ ਹਿਮਾਲਿਆ ਬਚੇਗਾ। ਹਿਮਾਲਿਆ ਬਚੇਗਾ ਤਾਂ ਬਰਫ਼ ਬਚੇਗੀ। ਬਰਫ਼ ਬਚੇਗੀ ਤਾਂ ਵਾਤਾਵਰਨ ਸੰਤੁਲਨ ਹੋਵੇਗਾ ਅਤੇ ਤਾਹੀਓਂ ਚਾਰਧਾਮ ਯਾਤਰਾ ਦਾ ਮਨੋਰਥ ਸਫਲ ਹੋਵੇਗਾ। •



ਡਲਹੌਜ਼ੀ ਵਾਂਗ ਕਸੌਲੀ ਵੀ ਆਰਮੀ ਦਾ ਹੀ ਇਕ ਕਸਬਾ ਹੈ। ਇਹ ਬੁੱਧੀਮਾਨ ਵਿਅਕਤੀਆਂ ਦਾ ਮਨਪਸੰਦ ਸ਼ਹਿਰ ਹੈ। ਇੱਥੇ ਬੀ.ਕੇ.ਨਹਿਰੂ, ਲੇਖਕ ਖੁਸ਼ਵੰਤ ਸਿੰਘ, ਅਦਾਕਾਰ ਰਾਹੁਲ ਘੋਸ਼ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਜੱਦੀ ਘਰ ਹਨ...



# ਖ਼ੂਬਸੂਰਤ ਤੇ ਸ਼ਾਂਤੀ ਭਰਪੂਰ ਹਿੱਲ ਸਟੇਸ਼ਨ
# ਕਸੌਲੀ

• ਤਰਸੇਮ ਲਾਲ ਸ਼ੇਰਾ
97795-19840

ਗਰਮੀਆਂ ਦੀ ਲੂ ਅਤੇ ਸ਼ਹਿਰੀ ਘੁਟਣ ਤੋਂ ਕੁਝ ਦੇਰ ਛੁਟਕਾਰਾ ਪਾਉਣ ਲਈ ਇਨਸਾਨ ਪਹਾੜਾਂ ਵੱਲ ਮੁੱਖ ਮੋੜਦਾ ਹੈ। ਬੰਦੇ ਨੂੰ ਦਿਮਾਗ਼ੀ ਸਕੂਨ ਦੇਣ ਲਈ ਪਹਾੜਾਂ ਵਿਚ ਕੁਦਰਤੀ ਗੁਣ ਹੁੰਦੇ ਹਨ ਪਰ ਅੱਜ ਕੱਲ੍ਹ ਪਹਾੜੀ ਹਿੱਲ ਸਟੇਸ਼ਨਾਂ 'ਤੇ ਵੀ ਭਾਰੀ ਭੀੜ ਹੋ ਜਾਂਦੀ ਹੈ। ਸੀਜ਼ਨ 'ਚ ਕਈ ਵਾਰ ਤਾਂ ਮਨੁੱਖੀ ਸਿਰਾਂ ਦਾ ਹੜ੍ਹ ਹੀ ਆ ਜਾਂਦਾ ਹੈ। ਇਕ ਵਾਰ ਮੈਂ ਗਰਮੀਆਂ 'ਚ ਮਸੂਰੀ ਗਿਆ। ਉਥੇ ਮਾਲ ਰੋਡ 'ਤੇ ਸੈਲਾਨੀਆਂ ਦਾ ਮੋਢੇ ਨਾਲ ਮੋਢਾ ਖਹਿੰਦਾ ਸੀ। ਅੱਧਾ-ਦਿਨ ਬੀਤਣ ਤੋਂ ਬਾਅਦ ਕਿਧਰੇ ਜਾ ਕੇ ਹੋਟਲ 'ਚ ਕਮਰਾ ਮਿਲਿਆ। ਸੈਲਾਨੀਆਂ ਦੀ ਭੀੜ ਨੇ ਤਾਂ ਇੱਥੋਂ ਤਕ ਅਸਰ ਪਾਇਆ ਕਿ ਠੰਢੇ ਹਿੱਲ-ਸਟੇਸ਼ਨਾਂ 'ਤੇ ਪੱਖੇ ਚੱਲਣ ਲੱਗ ਪਏ ਹਨ।

ਇਕ ਹਿੱਲ ਸਟੇਸ਼ਨ ਬਾਰੇ ਕਿਹਾ ਜਾ ਸਕਦਾ ਹੈ ਕਿ ਉੱਥੇ ਅਜੇ ਲੋਕਾਂ ਨੇ ਵਹੀਰਾਂ ਨਹੀਂ ਘੱਤੀਆਂ। ਉਸ ਹਿੱਲ-ਸਟੇਸ਼ਨ ਦਾ ਨਾਂ ਹੈ ਕਸੌਲੀ। ਇਹ ਹਿਮਾਚਲ ਦਾ ਖ਼ੂਬਸੂਰਤ ਇਕਾਂਤ ਹਿੱਲ-ਸਟੇਸ਼ਨ ਹੈ। ਕਸੌਲੀ ਚੰਡੀਗੜ੍ਹ ਤੋਂ 58 ਕਿਲੋਮੀਟਰ ਅਤੇ ਸ਼ਿਮਲਾ ਤੋਂ 71 ਕਿਲੋਮੀਟਰ ਦੂਰੀ 'ਤੇ ਹੈ। ਚੰਡੀਗੜ੍ਹ ਤੋਂ ਕਾਰ 'ਚ 2 ਘੰਟੇ ਅਤੇ ਬੱਸ 'ਚ ਸਿਰਫ਼ ਢਾਈ ਘੰਟੇ 'ਚ ਪਹੁੰਚਿਆ ਜਾ ਸਕਦਾ ਹੈ। ਕਸੌਲੀ ਚੰਡੀਗੜ੍ਹ ਤੋਂ ਸ਼ਿਮਲਾ ਜਾਂਦਿਆਂ ਖੱਬੇ ਪਾਸੇ ਧਰਮਪੁਰ ਤੋਂ ਹਟਵਾਂ ਹੈ।

ਡਲਹੌਜ਼ੀ ਵਾਂਗ ਇਹ ਵੀ ਆਰਮੀ ਦਾ ਹੀ ਇਕ ਕਸਬਾ ਹੈ। ਕਸੌਲੀ 'ਚ ਘੁੰਮਣਾ ਹੁਣ ਨਵੇਂ ਬਣ ਰਹੇ ਬੱਸ ਸਟੈਂਡ ਤੋਂ ਹੀ ਸ਼ੁਰੂ ਹੁੰਦਾ ਹੈ। ਇੱਥੇ ਘੁੰਮਣ-ਫਿਰਨ ਲਈ ਚਾਰ ਥਾਵਾਂ ਅੱਪਰ ਮਾਲ ਰੋਡ, ਲੋਅਰ ਮਾਲ ਰੋਡ, ਤਿੱਬਤ ਮਾਰਕੀਟ ਅਤੇ ਪੁਰਾਣੀ ਹੈਰੀਟੇਜ ਮਾਰਕੀਟ। ਜ਼ਿਆਦਾ ਤੌਰ 'ਤੇ ਸੈਲਾਨੀ ਤਿੱਬਤ ਮਾਰਕੀਟ ਅਤੇ ਹੈਰੀਟੇਜ ਮਾਰਕੀਟ 'ਚ ਹੀ ਘੁੰਮਦੇ ਹਨ। ਕਿਉਂਕਿ ਇਨ੍ਹਾਂ ਦੋਹਾਂ ਮਾਰਕੀਟਾਂ 'ਚ ਹੀ ਸੈਲਾਨੀਆਂ ਦੀਆਂ ਮਨਪਸੰਦ ਚੀਜ਼ਾਂ ਮਿਲਦੀਆਂ ਹਨ। ਵੈਜ ਅਤੇ ਨਾਨ ਵੈਜ ਸਮੇਤ ਹਰ ਤਰ੍ਹਾਂ ਦੇ ਲਜ਼ੀਜ਼ ਪਕਵਾਨ ਇੱਥੇ ਮਿਲਦੇ ਹਨ। ਖਿਡੌਣੇ, ਲੱਕੜੀ ਦਾ ਸਾਮਾਨ ਅਤੇ ਔਰਤਾਂ ਦੇ ਹਾਰ ਸ਼ਿੰਗਾਰ ਦੀਆਂ ਵੀ ਕੁਝ ਦੁਕਾਨਾਂ ਸਜੀਆਂ ਰਹਿੰਦੀਆਂ ਹਨ।

ਕਸੌਲੀ 'ਚ ਦੂਜੇ, ਤੀਜੇ ਅਤੇ ਚੌਥੇ ਦਰਜੇ ਦੇ ਹੋਟਲ ਅਤੇ ਰਿਜ਼ੋਰਟ, ਸ਼ਿਮਲਾ ਮੇਨ ਰੋਡ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਸੀਮਤ ਬਜਟ ਵਾਲੇ ਸੈਲਾਨੀਆਂ ਲਈ ਸਸਤੀ ਦਰਾਂ ਵਾਲੇ ਹੋਟਲ ਹੈਰੀਟੇਜ ਮਾਰਕੀਟ ਕੋਲ ਮੌਜੂਦ ਹਨ। ਹੈਰੀਟੇਜ ਮਾਰਕੀਟ ਤੋਂ ਥੋੜ੍ਹਾ ਜਿਹਾ ਅੱਗੇ ਨਿਕਲ ਕੇ ਟੈਲੀਫੋਨ ਐਕਸਚੇਂਜ ਦੇ ਕੋਲ ਵੀ ਕੁਝ ਸਸਤੇ ਹੋਟਲ ਮਿਲਦੇ ਹਨ। ਇਥੋਂ ਹੀ ਰਾਤ ਨੂੰ ਖੜ੍ਹ ਕੇ ਜਗਦਾ ਹੋਇਆ ਚੰਡੀਗੜ੍ਹ ਵੇਖਿਆ ਜਾ ਸਕਦਾ ਹੈ। ਇਹ ਨਜ਼ਾਰਾ ਵੇਖ ਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਲੱਖਾਂ ਦੀਵੇ ਧਰਤੇ 'ਤੇ ਟਿਮਟਿਮਾ ਰਹੇ ਹੋਣ।

ਤਿੱਬਤ ਮਾਰਕੀਟ ਦੇ ਚੌਰਾਹੇ 'ਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦਾ ਕਾਂਸੇ ਦਾ ਬੁੱਤ ਲੱਗਿਆ ਹੋਇਆ ਹੈ। ਦੇਸ਼ ਭਗਤੀ ਵਾਲੇ ਸੈਲਾਨੀ ਇਸ ਦੀ ਫੋਟੋ ਖਿੱਚਣਾ ਨਹੀਂ ਭੁਲਦੇ। ਤਿਬਤੀ ਮਾਰਕੀਟ ਤੋਂ ਮੌਂਕੀ ਪੁਆਇੰਟ ਵਾਲੀ ਸੜਕ 'ਤੇ ਸਨ ਰਾਈਜ਼ ਪੁਆਇੰਟ ਹੈ। ਇੱਥੇ ਸਵੇਰੇ ਪਹਾੜਾਂ ਪਿੱਛੋਂ ਨਿਕਲੇ ਸੂਰਜ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ। ਇਸ ਤੋਂ 2 ਕਿਲੋਮੀਟਰ ਅੱਗੇ ਏਅਰ ਫੋਰਸ ਸਟੇਸ਼ਨ ਹੈ। ਇੱਥੇ ਠੰਢ ਵੱਧ ਜਾਂਦੀ ਹੈ। ਸੈਲਾਨੀ ਇੱਥੇ ਚਾਹ ਅਤੇ ਪਕੌੜਿਆਂ ਦਾ ਆਨੰਦ ਮਾਣਦੇ ਹਨ। ਅੱਗੇ ਵਰਜਿਤ ਏਰੀਆ ਹੈ।

ਇਕ ਦੰਦ-ਕਥਾ ਮੁਤਾਬਕ ਜਦੋਂ ਮੇਘਨਾਥ ਨਾਲ ਲੜਦੇ ਹੋਏ ਲਛਮਣ ਮੂਰਛਤ ਹੋ ਜਾਂਦੇ ਨੇ ਤਾਂ ਰਾਮ ਚੰਦਰ ਮਹਾਰਾਜ ਹਨੂੰਮਾਨ ਨੂੰ ਹਿਮਾਲਿਆ ਪਰਬਤ ਤੋਂ ਸੰਜੀਵਨੀ ਬੂਟੀ ਲਿਆਉਣ ਲਈ ਆਗਿਆ ਦਿੰਦੇ ਹਨ। ਆਉਂਦੇ ਜਾਂ ਜਾਂਦੇ ਸਮੇਂ ਹਨੂੰਮਾਨ ਜੀ ਦਾ ਇਕ ਪੈਰ ਇਥੇ ਪਰਬਤ 'ਤੇ ਰੱਖਿਆ ਜਾਂਦਾ ਹੈ, ਇਸ ਨੂੰ ਮੌਂਕੀ ਪੁਆਇੰਟ ਕਹਿੰਦੇ ਹਨ। ਇਸ ਜਗ੍ਹਾ 'ਤੇ ਛੋਟਾ ਜਿਹਾ ਸੁੰਦਰ ਮੰਦਰ ਸ੍ਰੀ ਸੰਜੀਵਨੀ ਹਨੂੰਮਾਨ ਮੰਦਰ ਬਣਿਆ ਹੋਇਆ ਹੈ। ਇਹ ਮੰਦਰ ਏਅਰ ਫੋਰਸ ਫ਼ੌਜ ਦੇ ਅਧੀਨ ਹੈ। ਇਸ ਮੰਦਰ ਦੇ ਨਾਲ ਹੀ ਏਅਰ ਫੋਰਸ ਦਾ ਹੈਲੀਪੈਡ ਹੈ। ਮੰਦਰ ਬਹੁਤ ਉਚਾਈ 'ਤੇ ਹੈ ਅਤੇ ਪੈਦਲ ਜਾਣਾ ਪੈਂਦਾ ਹੈ।

ਮੋਬਾਈਲ ਫੋਨ ਅਤੇ ਕੈਮਰਾ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਸੈਲਾਨੀਆਂ ਨੂੰ ਆਰਮੀ ਵਲੋਂ ਪਾਸ ਦਿੱਤਾ ਜਾਂਦਾ ਹੈ। ਆਉਣ-ਜਾਣ ਲਈ ਲਗਪਗ ਇਕ ਘੰਟੇ ਦਾ ਸਮਾਂ ਲੱਗ ਜਾਂਦਾ ਹੈ। ਮੰਦਰ ਕੋਲ ਖੜ੍ਹ ਕੇ ਚਾਰੇ ਪਾਸੇ ਪਹਾੜਾਂ ਦਾ ਇਕ ਅਦਭੁਤ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਤੇਜ਼ ਠੰਢੀ ਹਵਾ ਸਰੀਰ ਨੂੰ ਕੰਬਣੀ ਛੇੜ ਦਿੰਦੀ ਹੈ। ਮੌਂਕੀ ਪੁਆਇੰਟ ਧਰਤੀ ਦੇ (ਸੀ-ਲੇਬਲ) ਤੋਂ 6500 ਮੀਟਰ ਉੱਚਾ ਹੈ। ਕਸੌਲੀ 'ਚ ਸਭ ਤੋਂ ਵੱਧ ਆਕਰਸ਼ਕ ਕਰਨ ਵਾਲਾ ਉਥੋਂ ਦਾ ਮੌਸਮ ਅਤੇ ਖ਼ਾਮੋਸ਼ੀ ਹੈ। ਕਸੌਲੀ 'ਚ 12 ਮਹੀਨੇ (ਪੂਰਾ ਸਾਲ) ਠੰਢ ਰਹਿੰਦੀ ਹੈ।







ਦਸੰਬਰ ਅਤੇ ਜਨਵਰੀ 'ਚ ਉੱਥੇ ਬਰਫ਼ ਪੈਂਦੀ ਹੈ। ਉਥੋਂ ਦੀ ਸ਼ਾਂਤੀ, ਮੈਡੀਟੇਸ਼ਨ 'ਚ ਜਲਦੀ ਇਕਾਗਰਤਾ ਪੈਦਾ ਕਰ ਦਿੰਦੀ ਹੈ। ਕਸੌਲੀ 'ਚ ਮੈਡੀਟੇਸ਼ਨ ਪੁਆਇੰਟ ਵੀ ਹੈ। ਸਵੇਰੇ ਊਨੀ ਕੱਪੜੇ ਪਾ ਕੇ ਸੈਰ ਕਰਨ ਦਾ ਅਲੱਗ ਹੀ ਨਜ਼ਾਰਾ ਹੈ। ਕਸੌਲੀ ਵਿਚ ਹਰ ਦਸ ਪੰਦਰਾਂ ਕਦਮਾਂ 'ਤੇ ਤੜਕੇ ਮੰਤਰ ਮੁਗਧ ਕਰਨ ਵਾਲੇ ਭਜਨ ਚੱਲਦੇ ਰਹਿੰਦੇ ਹਨ। ਸੰਨ 2011 ਵਿਚ ਉੱਥੇ ਜਨਸੰਖਿਆ ਪੰਜ ਹਜ਼ਾਰ ਸੀ। ਹੁਣ 2019 ਵਿਚ ਛੇ ਹਜ਼ਾਰ ਦਾ ਅਨੁਮਾਨ ਹੈ। ਉਥੋਂ ਦੇ ਸਥਾਨਕ ਲੋਕ ਸਵੇਰੇ ਸ਼ਾਮ ਸਵੈਟਰ ਪਾ ਕੇ ਚੱਲਦੇ ਹਨ। ਬਜ਼ਾਰ 'ਚ ਸਫ਼ਾਈ ਬਿਹਤਰ ਹੈ।

ਕਸੌਲੀ ਬੁੱਧੀਮਾਨ ਵਿਅਕਤੀਆਂ ਦਾ ਮਨ-ਪਸੰਦ ਸ਼ਹਿਰ ਹੈ। ਇੱਥੇ ਬੀ.ਕੇ.ਨਹਿਰੂ, ਲੇਖਕ ਖੁਸ਼ਵੰਤ ਸਿੰਘ, ਅਦਾਕਾਰ ਰਾਹੁਲ ਘੋਸ਼ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਜੱਦੀ ਘਰ ਹਨ। ਲਾਰੰਸ ਸਕੂਲ ਸਨਾਵਰ, ਸੇਂਟ ਕਾਨਵੈਂਟ ਸਕੂਲ ਅਤੇ ਏਅਰ ਫੋਰਸ ਸਕੂਲ ਭਾਰਤ ਦੇ ਵਧੀਆ ਸਕੂਲਾਂ ਵਿੱਚੋਂ ਹਨ। ਸੁਖਬੀਰ ਬਾਦਲ, ਉਮਰ ਅਬਦੁਲਾ ਅਤੇ ਫਿਲਮ ਸਟਾਰ ਸੰਜੇ ਦੱਤ ਇਥੇ ਸਨਾਵਰ ਸਕੂਲ ਵਿਚ ਜਮਾਤੀ ਸਨ। ਕਸੌਲੀ 'ਚ ਫਿਲਮ ਮਾਇਆ ਮੇਮ ਸਾਹਿਬ ਦੀ ਪੂਰੀ ਸ਼ੂਟਿੰਗ ਹੋਈ ਸੀ। ਹੁਣ ਵੀ ਟੀ.ਵੀ. ਅਤੇ ਐਲਬਮਾਂ ਵਾਲੇ ਸ਼ੂਟਿੰਗ ਕਰਨ ਲਈ ਇੱਥੇ ਆਉਂਦੇ ਰਹਿੰਦੇ ਹਨ। ਕਸੌਲੀ ਵਿਚ ਮੰਦਰ, ਗੁਰੂਦੁਆਰਾ, ਚਰਚ ਅਤੇ ਦੋ ਸਤਿਸੰਗ ਘਰ ਮੌਜੂਦ ਹਨ।

ਕਸੌਲੀ 1842 ਬ੍ਰਿਟਿਸ਼ ਰਾਜ ਦੇ ਸਮੇਂ ਹੋਂਦ 'ਚ ਆਈ। 1844 'ਚ ਇੱਥੇ ਚਰਚ ਘਰ ਬਣਿਆ, ਜਿਸ ਦੀ ਪੁਰਾਣੀ ਇਮਾਰਤ ਅੱਜ ਵੀ ਸਲਾਮਤ ਹੈ। ਚਰਚ 'ਚ ਪ੍ਰਾਰਥਨਾ ਸਭਾ ਅੱਜ ਵੀ ਹੁੰਦੀ ਹੈ। 1880 ਵਿਚ ਇੱਥੇ ਕਸੌਲੀ ਕਲੱਬ ਬਣੀ। 100 ਸਾਲਾਂ ਤੋਂ ਵੀ ਪਹਿਲਾਂ ਵਾਲੀਆਂ ਇਮਾਰਤਾਂ ਇਥੇ ਵੇਖੀਆਂ ਜਾ ਸਕਦੀਆਂ ਹਨ।

ਜੇਕਰ ਤੁਸੀਂ ਕਸੌਲੀ ਜਾ ਰਹੇ ਹੋ, ਤਾਂ ਦੋ ਦਿਨ ਦਾ ਪ੍ਰੋਗਰਾਮ ਜ਼ਰੂਰ ਬਣਾ ਕੇ ਜਾਣਾ। ਥੋੜ੍ਹੇ ਜਿਹੇ ਗਰਮ ਕੱਪੜੇ, ਥਰਮੋਸ ਅਤੇ ਕੈਮਰਾ ਵੀ ਜ਼ਰੂਰ ਲੈ ਕੇ ਜਾਣਾ। ਚੀਲ੍ਹ ਦੇ ਰੁੱਖ, ਢਾਲਵੀਆਂ ਛੱਤਾਂ ਵਾਲੇ ਹੋਟਲ ਅਤੇ ਮਕਾਨ, ਕਸੌਲੀ ਦੀਆਂ ਉੱਚੀਆਂ-ਨੀਵੀਆਂ ਅਤੇ ਵਲ਼ ਖਾਂਦੀਆਂ ਸੜਕਾਂ ਅਤੇ ਮੌਸਮ ਤੁਹਾਨੂੰ ਮਦਹੋਸ਼ ਕਰ ਦੇਵੇਗਾ। ਜੇਕਰ ਤੁਸੀਂ ਕਸੌਲੀ ਜਾ ਰਹੇ ਹੋ ਤਾਂ ਟੈਲੀਫੋਨ ਐਕਸਚੈਂਜ ਦੇ ਸਾਹਮਣੇ ਟੀ ਸਟਾਲ ਦੇ ਸਾਊ ਜਿਹੇ ਦੁਕਾਨਦਾਰ ਦੀ ਚਾਹ ਅਤੇ ਗਰਮ ਪਕੌੜੇ ਖਾਣਾ ਨਾ ਭੁਲਣਾ। ਜੇ ਤੁਸੀਂ ਕਸੌਲੀ ਤੋਂ ਵਾਪਸ ਆ ਰਹੇ ਹੋ ਤਾਂ ਧਰਮਪੁਰ ਸ਼ਹਿਰ ਦੇ ਬਹੁਤ ਪੁਰਾਣੇ ਅਤੇ ਛੋਟੇ ਜਿਹੇ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਡੱਠੇ ਬੈਂਚ 'ਤੇ ਬੈਠ ਕੇ ਕੀੜੀ ਚਾਲ ਤੁਰਦੀ, ਵਲ਼ ਖਾਂਦੀ ਛੋਟੀ ਰੇਲ ਗੱਡੀ ਨੂੰ ਵੇਖਣਾ ਨਾ ਭੁੱਲਣਾ। •

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕਪੱਖੀ ਨੀਤੀਆਂ ਕਾਰਨ ਆਮ ਆਦਮੀ ਪਾਰਟੀ ਨੂੰ ਮਿਲਿਆ ਮਿਸਾਲੀ ਫਤਵਾ



**ਸ੍ਰੀ ਆਨੰਦਪੁਰ ਸਾਹਿਬ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਨਵ ਨਿਯੁਕਤ ਜਿਲ੍ਹਾ ਪ੍ਰਧਾਨ ਡਾ.ਸੰਜੀਵ ਗੌਤਮ ਅਤੇ ਜਿਲ੍ਹਾ ਸਕੱਤਰ ਰਾਮ ਕੁਮਾਰ ਮੁਕਾਰੀ ਨੂੰ ਚੇਅਰਮੈਨ ਜਿਲ੍ਹਾ ਯੋਜਨਾ ਕਮੇਟੀ ਹਰਮਿੰਦਰ ਸਿੰਘ ਢਾਹੇ ਨੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਦੋਵਾਂ ਆਗੂਆਂ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਇਕੱਠੇ ਹੋਏ ਬਲਾਕ ਪ੍ਰਧਾਨਾਂ ਨਾਲ ਪੰਜਾਬ ਅਤੇ ਗੁਜਰਾਤ ਦੀਆਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਲੇ ਫਤਵੇ ਤੇ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ। ਬਲਾਕ ਪ੍ਰਧਾਨਾਂ ਅਤੇ ਪਾਰਟੀ ਵਰਕਰਾਂ ਵਿੱਚ ਇਸ ਮੌਕੇ ਭਾਰੀ ਉਤਸ਼ਾਹ ਵੇਖਿਆ ਗਿਆ, ਜਿਨ੍ਹਾਂ ਨੇ ਇਸ ਜਿੱਤ ਦਾ ਸੇਹਰਾ ਪਾਰਟੀ ਦੇ ਰਾਸ਼ਟਰੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀਆਂ ਲੋਕਪੱਖੀ ਨੀਤੀਆਂ ਨੂੰ ਦਿੱਤਾ, ਜਿਨ੍ਹਾਂ ਨੇ ਲੋਕ ਭਲਾਈ ਦੀਆਂ ਨੀਤੀਆਂ ਬਣਾ ਕੇ ਆਮ ਲੋਕਾਂ ਦਾ ਦਿਲ ਜਿੱਤਿਆ ਹੈ। ਇਸ ਤੋ ਪਹਿਲਾ ਜਿਲ੍ਹਾਂ ਪ੍ਰਧਾਨ ਦੀ ਜਿੰਮੇਵਾਰੀ ਸ੍ਰੀ ਹਰਮਿੰਦਰ ਸਿੰਘ ਢਾਹੇ ਨਿਭਾ ਰਹੇ ਸਨ, ਅੱਜ ਇਨ੍ਹਾਂ ਆਗੂਆਂ ਨੇ ਵਰਕਰਾਂ ਨੂੰ ਹੋਰ ਇੱਕ ਜੁਟਤਾ ਨਾਲ ਕੰਮ ਕਰਨ ਲਈ ਕਿਹਾ।

ਇਸ ਮੌਕੇ ਨਵ ਨਿਯੁਕਤ ਜਿਲ੍ਹਾ ਪ੍ਰਧਾਨ ਡਾ.ਸੰਜੀਵ ਗੌਤਮ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਜਿੰਮੇਵਾਰੀ ਸੰਗਠਨ ਵੱਲੋਂ ਸੌਂਪੀ ਗਈ ਹੈ, ਉਸ ਉੱਤੇ ਖਰਾ ਉਤਰਨ ਲਈ ਉਹ ਦਿਨ ਰਾਤ ਹੋਰ ਮਿਹਨਤ ਕਰਨਗੇ। ਉਨ੍ਹਾਂ ਨੇ ਕਿਹਾ ਕਿ ਸੰਗਠਨ ਦੀ ਮਜਬੂਤੀ ਲਈ ਸਭ ਨੂੰ ਨਾਲ ਲੈ ਕੇ ਚੱਲਣਗੇ ਅਤੇ ਸਭ ਦਾ ਬਰਾਬਰ ਸਨਮਾਨ ਹੋਵੇਗਾ। ਉਨ੍ਹਾ ਨੇ ਕਿਹਾ ਕਿ ਜਿਸ ਤਰਾਂ ਜਿਲ੍ਹਾਂ ਯੋਜਨਾ ਕਮੇਟੀ ਦੇ ਚੇਅਰਮੈਨ ਹਰਮਿੰਦਰ ਸਿੰਘ ਢਾਹੇ ਨੇ ਬਤੌਰ ਜਿਲ੍ਹਾਂ ਪ੍ਰਧਾਨ ਇਸ ਪਾਰਟੀ ਨੂੰ ਰੂਪਨਗਰ ਜਿਲ੍ਹੇ ਵਿਚ ਮਜਬੂਤ ਕੀਤਾ ਹੈ, ਉਸੇ ਤਰਾਂ ਹੀ ਇਹ ਪ੍ਰਕਿਰਿਆ ਜਾਰੀ ਰਹੇਗੀ। ਉਨ੍ਹਾਂ ਨੇ ਖੁਸ਼ੀ ਪ੍ਰਗਟ ਕੀਤੀ ਕਿ ਪੁਰਾਣੇ ਤਜਰਬੇਕਾਰ ਸਕੱਤਰ ਰਾਮ ਕੁਮਾਰ ਮੁਕਾਰੀ ਨੂੰ ਮੁੜ ਇਹ ਜਿੰਮੇਵਾਰੀ ਮਿਲ ਗਈ ਹੈ, ਜਿਸ ਨਾਲ ਉਹ ਜਿਲ੍ਹੇ ਦੇ ਸਾਰੇ ਹਲਕਿਆਂ ਸ੍ਰੀ ਅਨੰਦਪੁਰ ਸਾਹਿਬ, ਰੂਪਨਗਰ ਅਤੇ ਚਮਕੌਰ ਸਾਹਿਬ ਵਿੱਚ ਪਾਰਟੀ ਨੂੰ ਹੋਰ ਮਜਬੂਤ ਕਰਨਗੇ।

ਚੇਅਰਮੈਨ ਜਿਲ੍ਹਾਂ ਯੋਜਨ ਕਮੇਟੀ ਹਰਮਿੰਦਰ ਸਿੰਘ ਢਾਹੇ ਨੇ ਕਿਹਾ ਕਿ 2022 ਅਤੇ ਉਸ ਤੋ ਬਾਅਦ ਹੋਈਆਂ ਸਾਰੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਮਿਸਾਲੀ ਫਤਵਾ ਮਿਲਿਆ ਹੈ ਅਤੇ ਹੁਣ ਇਹ ਪਾਰਟੀ ਦੇਸ਼ ਦੇ ਹੋਰ ਸੂਬਿਆਂ ਵਿਚ ਵੀ ਆਪਣਾ ਅਧਾਰ ਕਾਇਮ ਕਰ ਚੁੱਕੀ ਹੈ। ਰਾਸ਼ਟਰੀ ਪਾਰਟੀ ਦੇ ਵਿਧਾਇਕ ਗੁਜਰਾਤ ਵਿਚ ਵੀ ਚੁਣੇ ਗਏ ਹਨ, ਜਦੋ ਕਿ ਗੁਜਰਾਤ ਭਾਰਤੀ ਜਨਤਾ ਪਾਰਟੀ ਦੀ ਉਹ ਭੂਮੀ ਹੈ, ਜਿੱਥੇ 25 ਸਾਲ ਤੋਂ ਭਾਜਪਾ ਦੀ ਸਰਕਾਰ ਹੈ ਅਤੇ ਦੇਸ਼ ਦੇ ਵੱਡੇ ਵੱਡੇ ਆਗੂ ਉਸ ਸੂਬੇ ਤੋ ਆਉਦੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀ ਹੋਰ ਮਿਹਨਤ ਤੇ ਲਗਨ ਨਾਲ ਕੰਮ ਕਰ ਰਹੇ ਹਾਂ, 2027 ਦੀਆਂ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਦਾ ਸੂਪੜਾ ਸਾਫ ਹੋ ਜਾਵੇਗਾ। ਸਕੱਤਰ ਰਾਮ ਕੁਮਾਰ ਮੁਕਾਰੀ ਨੇ ਕਿਹਾ ਕਿ ਮਿਹਨਤ ਤੇ ਲਗਨ ਨਾਲ ਵਰਕਰਾਂ ਨੇ ਪਾਰਟੀ ਦਾ ਕੱਦ ਦੇਸ਼ ਭਰ ਵਿੱਚ ਉੱਚਾ ਕੀਤਾ ਹੈ।

ਇਸ ਮੌਕੇ ਦੀਪਕ ਸੋਨੀ, ਜਸਪਾਲ ਸਿੰਘ ਢਾਹੇ, ਪੱਮੂ ਢਿੱਲੋਂ, ਜੁਝਾਰ ਆਸਪੁਰ, ਸੁਨੀਤਾ ਦੇਵੀ, ਹਰਵਿੰਦਰ ਕੌਰ, ਰਣਜੀਤ ਕੌਰ, ਜਸਵੀਰ ਰਾਣਾ, ਜਗਜੀਤ ਸਿੰਘ ਜੱਗੀ, ਕੁਲਵੰਤ ਸਿੰਘ, ਐਡਵੋਕੇਟ ਨਿਸ਼ਾਂਤ ਗੁਪਤਾ, ਓਂਕਾਰ ਸਿੰਘ, ਨਰਿੰਦਰ ਸਿੰਘ, ਤੇ ਵਰਕਰ ਹਾਜ਼ਰ ਸਨ।

# ਪੂਰ, ਮੋਨੀ ਭਾਂਖਰ ਵਿੱਚ ਸ਼ਾਨਦਾਰ ਕ੍ਰਿਕਟ ਟੂਰਨਾਮੈਂਟ



**ਸਨੌਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਪੂਰ ਪਿੰਡ ਵਿੱਚ ਇੱਕ ਕ੍ਰਿਕਟ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ। ਫਾਈਨਲ ਮੈਚ ਦੌਰਾਨ ਸੀਨੀਅਰ ਕਿਸਾਨ ਆਗੂ ਪੰਜਾਬ ਜਸਵਿੰਦਰ ਸਿੰਘ ਮੋਨੀ ਭਾਖਰ ਨੇ ਇਲਾਕਾ ਨਿਵਾਸੀਆਂ ਅਤੇ ਪਿੰਡ ਭਾਖਰ ਦੀ ਪੰਚਾਇਤ ਨਾਲ ਮਿਲ ਕੇ ਰਿਬਨ ਕੱਟ ਕੇ ਫਾਈਨਲ ਮੈਚ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਪ੍ਰਧਾਨ ਮੋਨੀ ਭਾਖਰ ਨੇ ਕਿਹਾ ਕਿ ਹਰ ਕਿਸੇ ਨੂੰ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ, ਖੇਡਾਂ ਵਿੱਚ ਦਿਲਚਸਪੀ ਰੱਖਣੀ ਚਾਹੀਦੀ ਹੈ ਅਤੇ ਚੰਗੀ ਸਰੀਰਕ ਤੰਦਰੁਸਤੀ ਬਣਾਈ ਰੱਖਣੀ ਚਾਹੀਦੀ ਹੈ।

ਨਕਦ ਰਾਸ਼ੀ ਦੇ ਕੇ ਵੀ ਹੌਸਲਾ ਵਧਾਇਆ ਗਿਆ। ਇਹ ਮੈਚ ਪਿੰਡ ਦੀਵਾਨਵਾਲਾ ਅਤੇ ਸਨੂਰ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਵਿੱਚ ਪਿੰਡ ਦੀਵਾਨਵਾਲਾ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ 1000 ਰੁਪਏ ਦਾ ਇਨਾਮ ਦਿੱਤਾ ਗਿਆ। 9100. ਇਸ ਸਮੇਂ ਸਰਪੰਚ ਪੰਚ ਭਾਖਰ, ਗੁਰਮੇਲ ਸਿੰਘ ਪੂਰ, ਸੁਖਚੈਨ ਸਿੰਘ ਪੂਰ, ਕਾਕੂ ਭਾਖਰ, ਲਕਸ਼ ਭਾਂਖਰ ਹਰੀਪਾਲ ਪੰਡਿਤ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

# 29 ਜੂਨ ਨੂੰ ਦੀਨਾਨਗਰ ਵਿਖੇ ਮਨਾਈ ਜਾਵੇਗੀ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ

**ਰੂਪਨਗਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਰਾਸਤੀ ਮੰਚ ਬਟਾਲਾ ਵੱਲੋਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰਦੁਆਰਾ ਕਮੇਟੀ ਦੀਨਾਨਗਰ, ਬਾਬਾ ਸ੍ਰੀ ਚੰਦ ਜੀ ਸੇਵਾ ਸੁਸਾਇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਜੂਨ ਨੂੰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਗੁਰਦੁਆਰਾ ਦੀਨਾਨਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ 186ਵੀਂ ਬਰਸੀ ਪੂਰੀ ਸ਼ਰਧਾ ਭਾਵਨਾ ਨਾਲ ਮਨਾਈ ਜਾਵੇਗੀ। ਬਰਸੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਗੁਰਦੁਆਰਾ ਦੀਨਾਨਗਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਵਿਰਾਸਤੀ ਮੰਚ ਬਟਾਲਾ ਦੇ ਚੇਅਰਮੈਨ ਐੱਚ.ਐੱਸ. ਮਾਂਗਟ, ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਸ਼ਮਸ਼ੇਰ ਸਿੰਘ ਮੱਲ੍ਹੀ, ਉੱਘੇ ਆਗੂ ਜਥੇਦਾਰ ਨਰਿੰਦਰ ਸਿੰਘ ਬਾੜਾ, ਗੁਰਦੁਆਰਾ ਕਮੇਟੀ ਪ੍ਰਧਾਨ ਕੈਪਟਨ



ਅਜੀਤ ਸਿੰਘ, ਮੈਨੇਜਰ ਲਖਵਿੰਦਰ ਸਿੰਘ, ਇੰਦਰਜੀਤ ਸਿੰਘ ਹਰਪੁਰਾ, ਬਲਕਾਰ ਸਿੰਘ, ਗੁਰਦੀਪ ਸਿੰਘ ਕੋਠੇ ਜੱਟਾਂ, ਮਨਪ੍ਰੀਤ ਸਿੰਘ ਬਾੜਾ, ਜਰਨੈਲ ਸਿੰਘ, ਕਰਮਜੀਤ ਕੌਰ, ਕੁਲਦੀਪ ਕੌਰ, ਗੁਰਵਿੰਦਰ ਕੌਰ, ਚਰਨਜੀਤ ਕੌਰ, ਰਜਿੰਦਰ ਸਿੰਘ, ਤਰਸੇਮ ਸਿੰਘ, ਬਲਵਿੰਦਰ ਸਿੰਘ ਸਿੱਧੂ ਵੀ ਹਾਜ਼ਰ ਸਨ।

ਮੀਟਿੰਗ ਦੌਰਾਨ ਹੋਏ ਫੈਸਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਦੱਸਿਆ ਕਿ 27 ਜੂਨ ਨੂੰ ਸਵੇਰੇ 8:00 ਵਜੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਜਿਸ ਉਪਰੰਤ ਕੀਰਤਨੀ ਜਥੇ ਵੱਲੋਂ ਇਲਾਹੀ ਬਾਣੀ ਦਾ ਗੁਣਗਾਨ ਕੀਤਾ ਜਾਵੇਗਾ। ਇਸ ਤੋਂ ਬਾਅਦ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਢਾਡੀ ਜਥੇ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪ੍ਰਸੰਗ ਪੇਸ਼ ਕੀਤੇ ਜਾਣਗੇ। ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਉਪਰੰਤ ਵੱਖ-ਵੱਖ ਵਿਦਵਾਨਾਂ ਤੇ ਬੁਲਾਰਿਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ ਜਾਵੇਗਾ। ਇਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਸ. ਬਲਦੇਵ ਸਿੰਘ ਨੇ ਕਿਹਾ ਕਿ ਇਹ ਸਾਰਾ ਪ੍ਰੋਗਰਾਮ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਦੀਨਾਨਗਰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 29 ਜੂਨ ਨੂੰ ਸਵੇਰੇ 10:00 ਵਜੇ ਗੁਰਦੁਆਰਾ ਯਾਦਗਾਰ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਦੀਨਾਨਗਰ ਵਿਖੇ ਆਪਣੀ ਹਾਜ਼ਰੀ ਜ਼ਰੂਰ ਭਰਨ।

# ਮਜ਼ਹਬੀ ਸਿੱਖ ਵਾਲਮੀਕਿ ਭਾਈਚਾਰੇ ਵੱਲੋਂ ਵੱਡੀ ਮੰਗ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਹੋਣ ਪੰਜਾਬ ਦੇ ਮੁਖਮੰਤਰੀ

**ਅੰਮ੍ਰਿਤਸਰ 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ 2027 ਦੀਆਂ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਸਿਆਸਤ ਭੱਖਦੀ ਹੋਈ ਨਜ਼ਰ ਆ ਰਹੀ ਹੈ ਤੇ ਹਰੇਕ ਪਾਰਟੀ ਵੱਲੋਂ ਜ਼ੋਰਾ ਸ਼ੋਰਾਂ ਨਾਲ 2027 ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਵਿਚਾਲੇ ਇੱਕ ਨਵਾਂ ਰਾਜਨੀਤਿਕ ਮੋੜ ਦੇਖਣ ਨੂੰ ਮਿਲਿਆ ਹੈ , ਦੱਸ ਦਈਏ ਕਿ ਮਜਬੀ ਸਿੱਖ ਵਾਲਮੀਕੀ ਭਾਈਚਾਰੇ ਵੱਲੋਂ ਮੰਗ ਕੀਤੀ ਗਈ ਹੈ ਕਿ ਉਨਾਂ ਵਿੱਚੋ ਹੀ ਇੱਕ ਚਿਹਰਾ ਪੰਜਾਬ ਦੇ ਮੁੱਖਮੰਤਰੀ ਵਜੋਂ ਐਲਾਨਿਆ ਜਾਣਾ ਚਾਹੀਦਾ ਹੈ।

ਓਹਨਾ ਦਾ ਕਹਿਣਾ ਹੈ ਕਿ ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦਾ ਵੀ ਇਹੀ ਕਹਿਣਾ ਸੀ ਕਿ ਜਿਸਦੀ ਜਿੰਨੀ ਸੰਖਿਆ ਭਾਰੀ, ਉਨੀ ਉਸ ਦੀ ਹਿੱਸੇਦਾਰੀ ਤੇ ਇਸ ਬਿਆਨ ਤੋਂ ਬਾਅਦ ਸਿਆਸਤ ਦੀ ਦੁਨੀਆਂ ਦੇ ਵਿੱਚ ਵੱਡੀ ਹਲਚਲ ਹੁੰਦੀ ਨਜ਼ਰ ਆ ਰਹੀ ਹੈ ! ਕਿਉਂਕਿ ਇਸ ਗੱਲ ਨੂੰ ਵੀ ਦਰਕਨਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੇ ਵਿੱਚ SC ਭਾਈਚਾਰਾ ਵੱਡੀ ਗਿਣਤੀ ਦੇ ਵਿੱਚ ਰਹਿੰਦਾ ਹੈ ਅਤੇ ਵੋਟ ਬੈਂਕ ਦੇ ਵਿੱਚ ਵੀ ਇਹਨਾਂ ਦਾ ਵੱਡਾ ਹਿੱਸਾ ਹੈ ਤੇ ਜੇਕਰ ਹੁਣ ਤੱਕ SC ਭਾਈਚਾਰੇ ਵੱਲੋਂ ਵੱਡੇ ਸਿਆਸਤਦਾਨਾਂ ਦੀ ਸੂਚੀ ਵਿੱਚ ਦੀ ਗੱਲ ਕਰੀਏ ਤਾਂ ਕਾਂਗਰਸ ਵੱਲੋ ਅੱਜ ਤੋਂ ਪਹਿਲਾਂ ਭਾਰਤ ਦੇ ਗ੍ਰਹਿ ਮੰਤਰੀ ਰਹੇ ਬੂਟਾ ਸਿੰਘ ਅਤੇ ਸਾਬਕਾ ਕੈਬਿਨੇਟ ਮੰਤਰੀ ਸਰਦੂਲ ਸਿੰਘ ਬੰਡਾਲਾ



ਦਾ ਨਾਮ ਹੀ ਇਸ ਲਿਸਟ ਦੇ ਵਿੱਚ ਆਉਂਦਾ ਹੈ ਤੇ ਹੁਣ ਇਸ ਲਿਸਟ ਦੇ ਵਿੱਚ ਸਰਦੂਲ ਸਿੰਘ ਬੰਡਾਲਾ ਦੇ ਬੇਟੇ ਸੁੱਖਵਿੰਦਰ ਸਿੰਘ ਡੈਨੀ ਦੇ ਨਾਮ ਦੀ ਚਰਚਾ ਕੀਤੀ ਜਾ ਰਹੀ ਹੈ , ਕਿਉ ਕਿ ਸੁਖਵਿੰਦਰ ਸਿੰਘ ਡੈਨੀ ਦੇ ਪਿਤਾ ਸਰਦੂਲ ਸਿੰਘ ਡੈਨੀ ਬੰਡਾਲਾ ਪੰਜਾਬ ਦੇ ਕੈਬਿਨਟ

ਮੰਤਰੀ ਵਜੋਂ ਕਾਂਗਰਸ ਦੀ ਨੁਮਾਇੰਦਗੀ ਕਰਦੇ ਸਨ ਅਤੇ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਜੋ ਕਿ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਵੀ ਰਹੇ ਹਨ ਅਤੇ ਕਾਂਗਰਸ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਸਨ , ਅਤੇ ਇਹਨਾਂ ਨੂੰ ਸਕੱਤਰ ਆਲ ਇੰਡੀਆ ਕਾਂਗਰਸ ਕਮੇਟੀ ਦਿੱਲੀ ਇੰਚਾਰਜ ਵੀ ਨਿਯੁਕਤ ਕੀਤਾ ਗਿਆ ਹੈ , ਇਸ ਤੋਂ ਪਹਿਲਾਂ ਸੁਖਵਿੰਦਰ ਸਿੰਘ ਡੈਨੀ ਹਲਕਾ ਜੰਡਿਆਲਾ ਗੁਰੂ ਦੇ ਐਮਐਲਏ ਵੀ ਰਹੇ ਹਨ ! ਅਤੇ ਕਈ ਕਾਂਗਰਸ ਦੇ ਵੱਡੇ ਸਮਾਗਮਾਂ ਅਤੇ ਰੈਲੀਆਂ ਦੀ ਅਗਵਾਈ ਕਰਦੇ ਹੋਏ ਅਕਸਰ ਨਜ਼ਰ ਆਉਂਦੇ ਹਨ । ਆਪਣੇ ਬੇਬਾਕ ਬੋਲਾ ਰਾਹੀਂ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਕਈ ਵਾਰ ਲੋਕਾਂ ਦਾ ਦਿਲ ਜਿੱਤਦੇ ਨਜ਼ਰ ਆਏ ਹਨ ਕਾਫੀ ਪੜ੍ਹੇ ਲਿਖੇ ਅਤੇ ਸਿਆਸਤ ਦੇ ਤਜ਼ੁਰਬੇਕਾਰ ਹੋਣ ਕਾਰਨ ਵੀ ਸੁਖਵਿੰਦਰ ਸਿੰਘ ਡੈਨੀ ਦਾ ਨਾਮ ਵੱਡੇ ਪੱਧਰ ਤੇ ਇਸ ਚਰਚਾ ਦੇ ਵਿੱਚ ਜੁੜਦਾ ਨਜ਼ਰ ਆਉਂਦਾ ਹੈ , ਸੋ ਜੇਕਰ ਪੰਜਾਬ ਦੇ ਵਿੱਚ ਇਹ ਮੰਗ ਉੱਠਦੀ ਹੈ ਅਤੇ ਪਾਰਟੀਆਂ ਵੱਲੋਂ ਐਸਸੀ ਭਾਈਚਾਰੇ ਦੀ ਗਿਣਤੀ ਨੂੰ ਮੱਦੇ ਨਜ਼ਰ ਰੱਖਦਿਆਂ ਹੋਏ ਸਕ ਭਾਈਚਾਰੇ ਦੇ ਵਿੱਚੋਂ ਹੀ ਮੁੱਖਮੰਤਰੀ ਚਿਹਰਾ ਐਲਾਨ ਕਰਨ ਦੀ ਗੱਲ ਹੁੰਦੀ ਹੈ ਤੇ ਕਾਂਗਰਸ ਪਾਰਟੀ ਵੱਲੋਂ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦਾ ਨਾਮ ਪਹਿਲੇ ਨੰਬਰ ਤੇ ਆਉਣ ਦੀ ਸੰਭਾਵਨਾ ਹੋ ਸਕਦੀ ਹੈ। ਸੁਖਵਿੰਦਰ ਸਿੰਘ ਡੈਨੀ ਖੇਤੀਬਾੜੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ , ਡੈਨੀ ਬੰਡਾਲਾ ਨੇ ਦਿੱਲੀ ਅਤੇ ਵਿਧਾਨ ਸਭਾ ਦੇ ਵਿੱਚ ਵੀ ਕਈ ਵਾਰ ਕਿਸਾਨਾਂ ਦੇ ਹੱਕਾ ਅਤੇ ਮੰਗਾਂ ਦੀ ਆਵਾਜ਼ ਬੁਲੰਦ ਕੀਤੀ ਹੈ , ਸੋ ਪੰਜਾਬ ਦੀ ਰਾਜਨੀਤੀ ਦੇ ਵਿੱਚ ਇਹ ਇੱਕ ਵੱਡਾ ਮੋੜ ਹੋ ਸਕਦਾ ਹੈ , ਸੋ ਹੁਣ ਇਹ ਵੀਡੀਓ ਦਿਖਾ ਦਿੰਦੇ ਆਂ ਜਿਹੜੀ ਵੱਡੇ ਪੱਧਰ ਤੇ ਸੋਸ਼ਲ ਮੀਡੀਆ ਤੇ ਵਾਇਰਲ ਹੁੰਦੀ ਨਜ਼ਰ ਆ ਰਹੀ ਹੈ ਜਿਸ ਦੇ ਵਿੱਚ ਮਜਬੀ ਸਿੱਖ ਵਾਲਮੀਕ ਭਾਈਚਾਰੇ ਵੱਲੋਂ ਸੁਖਵਿੰਦਰ ਸਿੰਘ ਡੈਨੀ ਦੇ ਨਾਮ ਦੀ ਚਰਚਾ ਕੀਤੀ ਜਾ ਰਹੀ ਹੈ!

# ਨਾਟਕ ਅਕੈਡਮੀ ਵੱਲੋਂ ਆਯੋਜਿਤ ਸੰਗੀਤਮਈ ਪ੍ਰੋਗਰਾਮ

**ਚੰਡੀਗੜ੍ਹ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਡ ਮਿਊਜਿਕ ਦਿਵਸ ਮੌਕੇ, ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਵੱਲੋਂ ਆਯੋਜਿਤ ਸੰਗੀਤਮਈ ਪ੍ਰੋਗਰਾਮ ਦੌਰਾਨ ਮਿਊਜਿ ?ਕ ਅਰੈਂਜਰ ਡਾ. ਅਰੁਨ ਕਾਂਤ ਦੀ ਟੀਮ ਵੱਲੋਂ ਪੁਰਾਣੇ ਗੀਤਾਂ ਨੂੰ ਨਵੇਂ ਕਲਾਕਾਰਾਂ ਤੋਂ ਗਵਾਇਆ ਗਿਆ । ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸਾਬਕਾ ਸਾਂਸਦ ਸ੍ਰੀ ਸਤਿਆਪਾਲ ਜੈਨ ਵਲੋਂ ਸ਼ਮਾ ਰੋਸ਼ਨ ਕੀਤੀ ਗਈ ਅਤੇ ਜਸਪ੍ਰੀਤ ਕੌਰ ਅਤੇ ਸ਼ਵੇਤਾ ਵਲੋਂ ਰਾਸ਼ਟਰੀ ਗੀਤ ਨਾਲ ਪ੍ਰੋਗਰਾਮ ਦਾ ਆਗਾਜ਼ ਕੀਤਾ ਗਿਆ । ਮੈਡਮ ਅਰਵਿੰਦਰ ਕੌਰ ਅਤੇ ਕੈਲਾਸ਼ ਅਟਵਾਲ ਵਲੋਂ ਗਾਏ ਪੰਜਾਬੀ ਗੀਤ ਪਿਆਰ ਦੇ ਭੁਲੇਖੇ÷ ਨੇ ਭਰਭੂਰ ਤਾਲੀਆ ਵਟੋਰੀਆਂ ।ਦੀਪਾਂਸ਼ੂ ਅਤੇ ਦੇਵੀ ਪ੍ਰਭਾ ਨੇ ਅਭੀ ਨਾ ਜਾਓ ਛੋੜ ਕਰ, ਬੀ.ਡੀ.ਸ਼ਰਮਾ ਅਤੇ ਪੁਸ਼ਪਾ ਸਕਸੇਨਾ ਨੇ ਤੁਮਹਾਰੀ ਨਜ਼ਰ ਕਿਉਂ ਖ਼ਫਾ ਹੋ ਗਈ, ਪੂਨਮ ਡੋਗਰਾ ਅਤੇ ਵਿਪੂਲ ਨੇ ਓ ਸਾਥੀ ਚਲ, ਤਰਸੇਮ ਅਤੇ ਮੈਡਮ ਅਰਵਿੰਦਰ ਕੌਰ ਨੇ ÷ਵੇ ਰਬ ਨਾ ਕਰੇ, ਵਿਰਚੀ ਅਤੇ ਦਿਤੀ ਕੌਸਿਕ ਨੇ ਤੇਰੇ ਚੇਹਰੇ ਸੇ ਨਜ਼ਰ ਨਹੀ ਹਟਤੀ, ਦਲਜੀਤ ਠਕੁਰਾਲ ਨੇ ÷ਮੰਜਿ ?ਲੇ ਆਪਨੀ ਜਗ ?ਹਾ, ਦੀਪਕ ਨੇ ÷ਕਹੀਂ ਦੂਰ ਜਬ ਦਿਨ ਢੱਲ ਜਾਏ÷ ਗੀਤ ਗਾਏ । ਡਾ. ਅਨਿਲ ਸ਼ਰਮਾ, ਅਨਨਯਾ ਸ਼ਰਮਾ, ਪੁਲਕਿਤ, ਸਾਗਰ, ਵੰਸਿ ?ਕਾ ਤੋਂ ਇਲਾਵਾ ਹੋਰ ਗਾਇਕਾਂ ਨੇ ਵੀ ਪੁਰਾਣੇ ਗੀਤਾਂ ਨੂੰ ਦੁਹਰਾਇਆ । ਚੰਡੀਗੜ੍ਹ ਸੰਗੀਤ ਨਾਟਕ ਅਕੈਡਮੀ ਤੋਂ ਸੁਦੇਸ਼ ਸ਼ਰਮਾ, ਵਿਕਰਾਂਤ ਸੇਠ, ਰਾਜੇਸ਼, ਪ੍ਰਸਿੱਧ ਸਰੰਗੀ ਵਾਦਕ ਪੰਡਿਤ ਵਿਨੋਦ ਪੰਵਾਰ ਅਤੇ ਜਗਪ੍ਰੀਤ ਸਿੰਘ ਮਹਾਜਨ (ਇਰੀਗੇਸ਼ਨ ਮਨਿਸਟੀਰੀਅਲ ਸਰਵਿਸਿਜ਼ ਐਸੋਸੀਏਸ਼ਨ ਪੰਜਾਬ ਰਜਿ: ਦੇ ਸੂਬਾ ਪ੍ਰੈਸ ਸਕੱਤਰ) ਤੋਂ ਇਲਾਵਾ ਹੋਰ ਵੀ ਨਾਮਵਰ ਸਪਸ਼ੀਅਤਾਂ ਹਾਜ਼ਰ ਸਨ । ਸਟੇਜ਼ ਸੈਕਟਰੀ ਦੀ ਭੂਮੀਕਾ ਸ੍ਰੀ ਵਿਜੈ ਟਿਕੂ ਅਤੇ ਉਨ੍ਹਾਂ ਦੀ ਸਾਥੀ ਵਲੋਂ ਬਾਖ਼ੂਬੀ ਨਿਭਾਈ ਗਈ ।

# ਨਗਰ ਨਿਗਮ ਬਟਾਲਾ ਵਲੋਂ ਕਾਦੀਆਂ ਚੂੰਗੀ ’ਤੇ ਸਾਫ਼-ਸਫਾਈ ਨਾ ਰੱਖਣ ਕਾਰਨ 04 ਦੁਕਾਨਦਾਰਾਂ ਦੇ ਚਲਾਨ ਕੱਟੇ

**ਬਟਾਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ, ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਨਗਰ ਨਿਗਮ, ਬਟਾਲਾ ਵੱਲੋਂ ਲਗਾਤਾਰ ਸ਼ਹਿਰ ਦੀ ਚੈਕਿੰਗ ਕੀਤੀ ਜਾ ਰਹੀ ਹੈ,

ਜਿਸ ਦੇ ਚੱਲਦਿਆਂ ਅੱਜ ਕਾਦੀਆਂ ਚੂੰਗੀ, ਜਲੰਧਰ ਰੋਡ ’ਤੇ ਆਪਣੀਆਂ ਦੁਕਾਨਾਂ ਦੇ ਅੱਗੇ ਕੂੜੇ ਦੇ ਢੇਰ ਲਗਾਉਣ ਅਤੇ ਡਸਟਬੀਨ ਨਾ ਰੱਖਣ ਵਾਲੇ 04 ਦੁਕਾਨਦਾਰਾਂ ਦੇ ਚਲਾਨ ਕੱਟੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀਮਤੀ ਪ੍ਰਭਜੋਤ ਕੌਰ, ਇੰਨਫਰਮੈਸ਼ਨ ਐਜੂਕੇਸ਼ਨ ਕਮਿਓਨਿਕੇਸ਼ਨ ਅਤੇ ਕੇਪੈਸੀਟੀ ਬਿਲਡਿੰਗ ਐਕਸਪਰਟ ਨੇ ਦੱਸਿਆ ਕਿ



ਅੱਜ ਟੀਮ ਵੱਲੋ ਕੀਤੀ ਚੈਕਿੰਗ ਦੌਰਾਨ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 323 ਤਹਿਤ ਚਾਰ ਚਲਾਨ ਕੱਟੇ ਗਏ ਹਨ।

ਉਨਾਂ ਦੱਸਿਆ ਕਿ ਨਗਰ ਨਿਗਮ ਬਟਾਲਾ ਵਲੋਂ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਹੈ, ਜਿਸ ਵਿੱਚ ਉਨਾਂ ਸਮੇਤ ਅਮਰੀਕ ਸਿੰਘ ਸੁਪਰਵਾਈਜਰ (ਮੋਨੀਟਰਿੰਗ), ਕੁਲਦੀਪ ਸਿੰਘ ਕਮਿਊਨਟੀ ਫੈਸੀਲੇਟਰ, ਸ੍ਰੀਮਤੀ ਜਸਵਿੰਦਰ ਕੋਰ ਮੋਟੀਵੇਟਰ, ਸਵਰੂਪ ਸਿੰਘ ਮੋਟੀਵੇਟਰ ਅਤੇ ਰੋਹਿਤ ਮੋਟੀਵੇਟਰ ਸ਼ਾਮਲ ਹਨ, ਜਿਨਾਂ ਵਲੋਂ ਲਗਾਤਾਰ ਸ਼ਹਿਰ ਵਿੱਚ ਸਾਫ਼ ਸਫਾਈ ਸਬੰਧੀ ਚੈਕਿੰਗ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਟੀਮ ਵਲੋਂ ਸ਼ਹਿਰ ਵਾਸੀਆਂ ਨੂੰ ਆਪਣੇ ਘਰਾਂ/ਦੁਕਾਨਾਂ ਦੇ ਬਾਹਰ ਕੂੜਾ ਨਾ ਸੁਟਣ ਅਤੇ ਡਸਟਬੀਨ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਕੂੜਾ ਨਾ ਸੁੱਟਣ, ਦੁਕਾਨਾਂ ਵਿੱਚ ਡਸਟਬੀਨ ਰੱਖੇ ਜਾਣ ਅਤੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਟੀਮ ਦਾ ਸਹਿਯੋਗ ਕੀਤਾ ਜਾਵੇ।

# ਧਾਰਾ 163 ਅਧੀਨ ਆਈ.ਆਈ.ਟੀ ਰੋਡ ਤੋਂ ਆਉਣ ਜਾਣ ਵਾਲੇ ਹੈਵੀ ਓਵਰਲੋਡ ਭਾਰੀ ਗੱਡੀਆਂ/ਟਿੱਪਰਾਂ ਦੇ ਚੱਲਣ ਤੇ ਪੂਰਨ ਤੌਰ ’ਤੇ ਪਾਬੰਦੀ

**ਰੂਪਨਗਰ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਰੂਪਨਗਰ ਪੂਜਾ ਸਿਆਲ ਗਰੇਵਾਲ ਨੇ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਆਈ.ਆਈ.ਟੀ ਰੂਪਨਗਰ ਰੋਡ ਉਤੇ ਓਵਰ ਲੋਡ ਗੱਡੀਆਂ/ਟਿੱਪਰ ਆਦਿ ਚੱਲਦੇ ਹਨ ਜਿਸ ਕਾਰਨ ਇਹ ਏਰੀਆ ਦੁਰਘਟਨਾ ਗ੍ਰਸਤ ਏਰੀਆ ਵਿੱਚ ਤਬਦੀਲ ਹੋ ਗਿਆ ਹੈ ਇਸ ਕਰਕੇ ਧਾਰਾ 163 ਅਧੀਨ ਆਈ.ਆਈ.ਟੀ ਰੋਡ (ਆਈ.ਆਈ.ਟੀ ਤੋਂ ਫਲਾਈ ਓਵਰ ਤੱਕ) ਤੋਂ ਆਉਣ ਜਾਣ ਵਾਲੇ ਹੈਵੀ ਓਵਰਲੋਡ ਭਾਰੀ ਗੱਡੀਆਂ/ਟਿੱਪਰਾਂ ਦੇ ਚੱਲਣ ’ਤੇ ਪੂਰਨ ਤੌਰ ’ਤੇ ਪਾਬੰਦੀ ਲਗਾਈ ਜਾਂਦੀ ਹੈ।

ਪੂਜਾ ਸਿਆਲ ਗਰੇਵਾਲ ਨੇ ਦੱਸਿਆ ਕਿ ਇਸ ਰੋਡ ਉਤੇ ਰਾਸ਼ਟਰੀ ਪੱਧਰ ਦੀ ਆਈ.ਆਈ.ਟੀ ਰੂਪਨਗਰ ਅਤੇ ਹੋਰ ਵਿਦਿਅਕ ਅਦਾਰੇ ਵੀ ਹਨ, ਜਿਸ ਵਿੱਚ ਵੱਡੀ ਗਿਣਤੀ ਵਿੱਚ ਹੋਰਨਾਂ ਰਾਜਾਂ ਤੇ ਉੱਚ ਸਿੱਖਿਆ ਲਈ ਵਿਦਿਆਰਥੀ ਪੜਨ ਲਈ ਆਉਂਦੇ ਹਨ ਅਤੇ ਅਕਸਰ ਹੀ ਇਸ ਰੋਡ ਤੇ ਵਿਦਿਆਰਥੀਆਂ, ਉਨ੍ਹਾਂ ਨੂੰ ਮਿਲਣ ਲਈ ਆਉਣ ਵਾਲੇ ਉਨ੍ਹਾਂ ਦੇ ਮਾਪਿਆਂ, ਪ੍ਰੋਫੈਸਰਾਂ ਅਤੇ ਮੁਲਾਜਮਾਂ ਦੀਆਂ ਛੋਟੀਆਂ ਗੱਡੀਆਂ/ਮੋਟਰਸਾਈਕਲਾਂ ਦੀ ਆਵਾਜਾਈ ਬਣੀ ਰਹਿੰਦੀ ਹੈ ਜਿਸ ਕਾਰਨ ਓਵਰਲੋਡ ਟਿੱਪਰਾਂ ਕਾਰਨ ਦੁਰਘਟਨਾਂ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਉਪ ਕਪਤਾਨ ਪੁਲਿਸ ਰੂਪਨਗਰ ਦੀ ਰਿਪੋਰਟ ਦੇ ਅਧਾਰ ਉਤੇ ਲੋਕ ਹਿੱਤ ਵਿੱਚ ਇਸ ਰੂਟ ਤੇ ਹੈਵੀ ਓਵਰਲੋਡ ਟਿੱਪਰਾਂ/ਭਾਰੀ ਵਾਹਨਾਂ ਦੇ ਚੱਲਣ ਤੇ ਪਾਬੰਦੀ ਲਗਾਉਣੀ ਜਰੂਰੀ ਸਮਝੀ ਜਾਂਦੀਇਹ ਸਾਰੇ ਹੁਕਮ 23 ਅਗਸਤ 2025 ਤੱਕ ਲਾਗੂ ਰਹਿਣਗੇ।

# ਹੈਪਾਟਾਈਟਿਸ ਬੀ ਅਤੇ ਸੀ ਸਬੰਧੀ ਹੋਈ ਅਹਿਮ ਮੀਟਿੰਗ



**ਤਰਨ ਤਾਰਨ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਅਤੇ ਸਹਾਇਕ ਸਿਵਲ ਸਰਜਨ ਡਾਕਟਰ ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਮੰਗਲਵਾਰ ਨੂੰ ਨੈਸ਼ਨਲ ਵਾਇਰਲ ਹੈ

ਪਾਟਾਈਟਿਸ ਕੰਟਰੋਲ ਪ੍ਰੋਗਰਾਮ ਤਹਿਤ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਦੇ ਵਿੱਚ ਜ਼ਿਲਾ ਹਸਪਤਾਲ ਅਤੇ ਸਬ ਡਵੀਜ਼ਨਲ ਹਸਪਤਾਲਾਂ ਦੇ ਮੈਡੀਕਲ ਅਫਸਰਾਂ ਤੋਂ ਇਲਾਵਾ ਵੱਖ-ਵੱਖ ਬਲਾਕਾਂ ਦੇ ਮੈਡੀਕਲ ਅਫਸਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ।

ਇਸ ਮੀਟਿੰਗ ਦੌਰਾਨ ਚੰਡੀਗੜ੍ਹ ਤੋਂ ਵਿਸ਼ੇਸ਼ ਤੌਰ ’ਤੇ ਆਈ ਟੀਮ ਵੱਲੋਂ ਡਾਕਟਰਾਂ ਨਾਲ ਹੈਪਾਟਾਈਟਿਸ ਬੀ ਅਤੇ ਸੀ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਟੀਮ ਵਿੱਚ ਸਹਾਇਕ ਡਾਇਰੈਕਟਰ, ਐਨ. ਵੀ. ਐਚ. ਸੀ. ਪੀ, ਡਾਕਟਰ ਵਿਨੇ ਮੋਹਨ ਤੋ ਇਲਾਵਾ ਏ.ਪੀ.ਓ ਡਾਕਟਰ ਜਸਜੀਤ ਕੌਰ ਅਤੇ ਅਕਾਊਂਟ ਅਫਸਰ ਸ੍ਰੀ ਦੇਵ ਪ੍ਰਕਾਸ਼ ਸ਼ਾਮਿਲ ਰਹੇ।

ਮੀਟਿੰਗ ਦੌਰਾਨ ਟੀਮ ਵੱਲੋਂ ਜ਼ਿਲਾ ਤਰਨ ਤਾਰਨ ਦੇ ਵਿੱਚ ਚੱਲ ਰਹੇ ਹੈਪਾਟਾਈਟਿਸ ਬੀ ਅਤੇ ਸੀ (ਕਾਲਾ ਪੀਲੀਆ) ਸਬੰਧੀ ਕਾਰਜਾਂ ਦੀ ਸਮੀਖਿਆ ਕੀਤੀ। ਸਹਾਇਕ ਡਾਇਰੈਕਟਰ ਡਾਕਟਰ ਵਿਨੇ ਮੋਹਨ ਨੇ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਜ਼ਿਲਾ ਪੱਧਰ ਤੇ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਤੋਂ ਇਲਾਵਾ ਵੱਖ ਵੱਖ ਬਲਾਕਾਂ ਦੇ ਵਿੱਚ ਹੈਪਾਟਾਈਟਿਸ ਬੀ ਅਤੇ ਸੀ ਦੀ ਰੋਕਥਾਮ ਸਬੰਧੀ ਚੱਲ ਰਹੇ ਕੰਮਾਂ ਜਾਣਕਾਰੀ ਪ੍ਰਾਪਤ ਕਰਨਾ ਹੈ।

ਉਹਨਾਂ ਦੱਸਿਆ ਕਿ ਵਿਭਾਗ ਵੱਲੋਂ ਹੈਪਾਟਾਈਟਿਸ ਬੀ ਅਤੇ ਕਾਲਾ ਪੀਲੀਆ ਦੇ ਮਰੀਜ਼ਾਂ ਦੀ ਭਾਲ ਲਈ ਵੱਧ ਤੋਂ ਵੱਧ ਸਕਰੀਨਿੰਗ ਕੀਤੀ ਜਾ ਰਹੀ ਹੈ ਤਾਂ ਜੋ ਮਰੀਜ਼ਾਂ ਦੀ ਸ਼ਨਾਖਤ ਉਪਰੰਤ ਉਹਨਾਂ ਦਾ ਇਲਾਜ ਤੁਰੰਤ ਸ਼ੁਰੂ ਕੀਤਾ ਜਾ ਸਕੇ। ਡਾਕਟਰ ਵਿਨੇ ਮੋਹਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਦਾ ਮਰੀਜਾਂ ਦੇ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ।

ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਜ਼ਿਲੇ ਦੇ ਵਿੱਚ ਹੈਪਾਟਾਈਟਸ ਬੀ ਅਤੇ ਸੀ ਦੀ ਰੋਕਥਾਮ ਸਬੰਧੀ ਵਿਸ਼ੇਸ਼ ਜਾਗਰੂਕਤਾ ਫੈਲਾਈ ਜਾਂਦੀ ਹੈ ਤਾਂ ਜੋ ਇਹਨਾਂ ਬਿਮਾਰੀਆਂ ਤੋਂ ਪੀੜਿਤ ਵਿਅਕਤੀ ਆਪਣਾ ਇਲਾਜ ਸਮੇਂ ਸਿਰ ਸ਼ੁਰੂ ਕਰਵਾ ਸਕੇ।

ਉਹਨਾਂ ਕਿਹਾ ਹੈ ਕਿ ਸ਼ੱਕੀ ਮਰੀਜ਼ਾਂ ਦੇ ਟੈਸਟ ਸਮੇਂ ਸਿਰ ਕੀਤੇ ਜਾਂਦੇ ਹਨ ਅਤੇ ਇਲਾਜ ਨੂੰ ਵੀ ਤੁਰੰਤ ਸ਼ੁਰੂ ਕੀਤਾ ਜਾਂਦਾ ਹੈ।

ਇਸ ਮੌਕੇ ਜਿਲਾ ਐਪੀਡਮੋਲੋਜਿਸਟ ਡਾਕਟਰ ਰਾਘਵ ਗੁਪਤਾ, ਡਾਕਟਰ ਅਵਲੀਨ ਕੌਰ, ਨੋਡਲ ਅਫਸਰ ਰਣਦੀਪ ਸਿੰਘ, ਜਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ ਆਦਿ ਮੌਜੂਦ ਰਹੇ।

# ਗਰਮੀ ਦੇ ਮੌਸਮ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਸਲਾਹਕਾਰੀ ਜਾਰੀ

**ਫਾਜ਼ਿਲਕਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵੱਧ ਰਹੇ ਤਾਪਮਾਨ ਤੋਂ ਲੋਕਾਂ ਨੂੰ ਸੁਚੇਤ ਰੱਖਣ ਦੇ ਮੰਤਵ ਨਾਲ ਸਿਹਤ ਵਿਭਾਗ ਵੱਲੋਂ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫ਼ਾਜ਼ਿਲਕਾ ਦੀ ਉਚੇਚੀ ਨਿਗਰਾਨੀ ਵਿੱਚ ਸਲਾਹਕਾਰੀ ਜਾਰੀ ਕੀਤੀ ਗਈ। ਇਸ ਬਾਰੇ ਜ਼ਿਲ੍ਹਾ ਐਪੀਡਿਮਾਲੋਜਿਸਟ ਡਾਕਟਰ ਸੁਨੀਤਾ ਕੰਬੋਜ ਨੇ ਦੱਸਿਆ ਕਿ ਉੱਚ ਤਾਪਮਾਨ ਦੇ ਕਾਰਨ ਫੂਡ ਪੁਆਇਜ਼ਨਿੰਗ ਦੀ ਸਮੱਸਿਆ ਬਹੁਤ ਜਿਆਦਾ ਹੁੰਦੀ ਹੈ। ਇਸ ਲਈ ਸਾਨੂੰ ਇਸ ਮੌਸਮ ਦੌਰਾਨ ਵੱਧ ਤੋਂ ਵੱਧ ਤਾਜੇ ਫਲ ਖਾਣੇ ਚਾਹੀਦੇ ਹਨ, ਬਾਜ਼ਾਰ ਦੇ ਖੁੱਲ੍ਹੇ ਭੋਜਨ, ਤਲੀਆਂ ਚੀਜ਼ਾਂ, ਮਸਾਲੇਦਾਰ ਭੋਜਨ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਤੰਬਾਕੂ ਪਦਾਰਥਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ। ਮੌਸਮੀ ਫ਼ਲ ਅਤੇ ਸਬਜ਼ੀਆਂ ਜਿਵੇਂ ਕਿ ਤਰਬੂਜ, ਸੰਤਰਾ, ਅੰਗੂਰ, ਖੀਰੇ, ਅੰਬ, ਲੀਚੀ ਅਤੇ ਟਮਾਟਰ ਖਾਓ ਕਿਉਂਕਿ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਵੀ ਸਿਹਤ ਸਮੱਸਿਆ ਹੋਵੇ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ।

ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਵਿਨੋਦ ਖੁਰਾਣਾ ਨੇ ਦੱਸਿਆ ਕਿ ਵੱਧ ਰਹੇ ਤਾਪਮਾਨ ਕਾਰਨ ਨਵਜੰਮੇ ਬੱਚੇ, ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮਜ਼ਦੂਰ, ਮੋਟਾਪੇ ਤੋਂ ਪੀੜਤ ਵਿਅਕਤੀ ਅਤੇ ਪੁਰਾਣੀਆਂ ਬਿਮਾਰੀਆਂ ਤੋਂ ਪੀੜਤਾਂ ਨੂੰ ਵਧੇਰੇ ਖਤਰਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਘਰ ਤੋਂ ਬਾਹਰ ਦੇ ਕੰਮ ਦਿਨ ਦੇ ਠੰਡੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਵਿੱਚ ਕੀਤੇ ਜਾਣੇ ਚਾਹੀਦੇ ਹਨ। ਪਿਆਸ ਨਾ ਲੱਗਣ ’ਤੇ ਵੀ ਹਰ ਅੱਧੇ ਘੰਟੇ ਬਾਅਦ ਪਾਣੀ ਪੀਓ। ਹਲਕੇ ਰੰਗ ਦੇ ਪੂਰੀ ਬਾਹਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ। ਕੋਸ਼ਿਸ਼ ਕਰੋ ਕਿ ਗਰਮੀਆਂ ਵਿੱਚ ਸਿਰਫ਼ ਸੂਤੀ ਕੱਪੜੇ ਹੀ ਪਹਿਨੇ ਜਾਣਾ। ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ, ਤੌਲੀਆ, ਪੱਗ ਜਾਂ ਦੁਪੱਟੇ ਦੀ ਵਰਤੋਂ ਕਰਨੀ ਚਾਹੀਦੀ ਹੈ। ਧੁੱਪ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਸ਼ਰੀਰ ਦਾ ਤਾਪਮਾਨ ਬਰਕਰਾਰ ਰੱਖਣ ਲਈ ਛਾਂ ਵਿੱਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ ’ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ। ਧੁੱਪ ਵਿਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ।

# ਸ਼ਹਿਰ ਅੰਦਰ ਟਰੈਫ਼ਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੁਕਮ ਜਾਰੀ : ਜ਼ਿਲ੍ਹਾ ਮੈਜਿਸਟਰੇਟ

**ਬਠਿੰਡਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ ?ਰੇਟ ਸ਼ ?ਰੀ ਸ਼ੌਕਤ ਅਹਿਮਦ ਪਰੇ ਨੇ ਧਾਰਾ 163 ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਬਠਿੰਡਾ ਸ਼ਹਿਰ ਅੰਦਰ ਟਰੈਫ਼ਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਹੈਵੀ ਕਮਰਸ਼ੀਅਲ ਵਹੀਕਲਾਂ (ਟਰੱਕ, ਟਰਾਲੇ, ਤੇਲ ਵਾਲੀਆਂ ਗੱਡੀਆਂ ਆਦਿ) ਦੀ ਸਵੇਰੇ 7 ਤੋਂ ਰਾਤ 8 ਵਜੇ ਤੱਕ ਸ਼ਹਿਰ ਅੰਦਰ ਦਾਖ਼ਲ ਹੋਣ ’ਤੇ ਪਾਬੰਦੀ ਲਗਾਈ ਗਈ ਹੈ।

ਹੁਕਮਾਂ ਅਨੁਸਾਰ ਬਠਿੰਡਾ ਸ਼ਹਿਰ ਦੀ ਆਬਾਦੀ ਕਾਫ਼ੀ ਵਧ ਗਈ ਹੈ ਅਤੇ ਆਬਾਦੀ ਵਧਣ ਕਾਰਨ ਸ਼ਹਿਰ ਅੰਦਰ ਗੱਡੀਆਂ ਦੀ ਗਿਣਤੀ ’ਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰ ਅੰਦਰ ਕਾਫ਼ੀ ਗਿਣਤੀ ’ਚ ਹੈਵੀ ਕਮਰਸ਼ੀਅਲ ਵਹੀਕਲ ਵੀ ਦਾਖ਼ਲ ਹੁੰਦੇ ਹਨ, ਜਿੰਨ੍ਹਾਂ ਦੀ ਡਾਇਵਰਸ਼ਨ ਪਲਾਨ ਤਿਆਰ ਕੀਤਾ ਗਿਆ ਹੈ।

ਹੁਕਮਾਂ ਅਨੁਸਾਰ ਮਾਨਸਾ ਸਾਈਡ ਤੋਂ ਆਉਣ ਵਾਲਾ ਟਰੈਫ਼ਿਕ ਆਈ.ਟੀ.ਆਈ ਚੌਂਕ ਰਾਹੀਂ ਹੁੰਦਾ ਹੋਇਆ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਡੱਬਵਾਲੀ ਸਾਈਡ ਤੋਂ ਆਉਣ ਵਾਲਾ ਟਰੈਫ਼ਿਕ ਟੀ-ਪੁਆਇੰਟ ਬਾਦਲ ਰੋਡ ਤੋਂ ਰਿੰਗ ਰੋਡ ਰਾਹੀਂ ਜਾਵੇਗਾ। ਇਸੇ ਤਰ੍ਹਾਂ ਮਲੋਟ/ਮੁਕਤਸਰ ਸਾਈਡ ਤੋਂ ਆਉਣ ਵਾਲਾ ਟਰੈਫ਼ਿਕ ਟੀ-ਪੁਆਇੰਟ ਰਿੰਗ ਰੋਡ ਤੋਂ ਆਈ.ਟੀ.ਆਈ ਚੌਂਕ, ਘਨੱਈਆ



ਚੌਂਕ ਤੇ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ।

ਇਸੇ ਤਰ੍ਹਾਂ ਗੋਨਿਆਣਾ ਸਾਈਡ ਤੋਂ ਆਉਣ ਵਾਲਾ ਟਰੈਫ਼ਿਕ ਘਨੱਈਆ ਚੌਂਕ ਬਠਿੰਡਾ, ਟੀ-ਪੁਆਇੰਟ ਰਿੰਗ ਰੋਡ ਮਲੋਟ ਰੋਡ ਤੋਂ ਰਿੰਗ ਰੋਡ, ਘਨੱਈਆ ਚੌਂਕ ਤੋਂ ਬਰਨਾਲਾ ਬਾਈਪਾਸ ਰਾਹੀਂ ਜਾਵੇਗਾ। ਇਸੇ ਤਰ੍ਹਾਂ ਚੰਡੀਗੜ੍ਹ ਸਾਈਡ ਤੋਂ ਆਉਣ ਵਾਲਾ ਟਰੈਫ਼ਿਕ ਬੀਬੀਵਾਲਾ ਚੌਂਕ ਬਠਿੰਡਾ ਤੋਂ ਘਨੱਈਆ ਚੌਂਕ ਤੋਂ ਅੱਗੇ ਜਾਵੇਗਾ।

ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਲੋਂ ਪੱਤਰ ਰਾਹੀਂ ਫੂਡ ਗਰੇਨ ਦੇ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਲਈ ਛੋਟ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਫੂਡ ਗਰੇਨ ਟਰੱਕਾਂ ਨੂੰ ਸ਼ਹਿਰ ਅੰਦਰ ਦਾਖਲ ਹੋਣ ਤੋਂ ਪਹਿਲਾ, ਟਰੱਕ ਮਾਲਕਾਂ ਵਲੋਂ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਬਠਿੰਡਾ ਤੋਂ ਸਪੈਸ਼ਲ ਪਾਸ ਜਾਰੀ ਕਰਵਾਏ ਜਾਣਗੇ। ਹੁਕਮ ਅਨੁਸਾਰ ਜ਼ਿਲ੍ਹਾ ਕੰਟਰੋਲਰ ਖੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਬਠਿੰਡਾ ਵਲੋਂ ਇਹ ਪਾਸ ਸੀਨੀਅਰ ਕਪਤਾਨ ਪੁਲਿਸ ਬਠਿੰਡਾ ਨਾਲ ਤਾਲਮੇਲ ਕਰਕੇ ਜਾਰੀ ਕੀਤੇ ਜਾਣਗੇ।

ਇਹ ਹੁਕਮ 9 ਅਗਸਤ 2025 ਤੱਕ ਲਾਗੂ ਰਹੇਗਾ।

# ਝੋਨੇ ਦੀ ਸਿੱਧੀ ਬਿਜਾਈ ਵਿੱਚ ਫਾਜ਼ਿਲਕਾ ਜ਼ਿਲਾ ਮੋਹਰੀ

**ਫਾਜ਼ਿਲਕਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਉਣ ਵਿੱਚ ਫਾਜ਼ਿਲਕਾ ਦੇ ਕਿਸਾਨ ਰਾਜ ਭਾਰ ਵਿੱਚੋਂ ਮੋਹਰੀ ਹਨ। ਜਿਲੇ ਵਿੱਚ ਇਸ ਤਰੀਕੇ ਨਾਲ ਹੁਣ ਤੱਕ 39844 ਏਕੜ ਝੋਨੇ ਦੀ ਲਵਾਈ ਹੋ ਚੁੱਕੀ ਹੈ। ਇਹ ਜਾਣਕਾਰੀ ਫਾਜ਼ਿਲਕਾ ਦੇ ਮੁੱਖ ਖੇਤੀਬਾੜੀ ਅਫਸਰ ਰਾਜਿੰਦਰ ਕੁਮਾਰ ਕੰਬੋਜ ਨੇ ਦਿੱਤੀ ਹੈ।

ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਸੂਬੇ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਦੀ ਅਪੀਲ ਕੀਤੀ ਗਈ ਸੀ ਤਾਂ ਜੋ ਪਾਣੀ ਦੀ ਬੱਚਤ ਹੋ ਸਕੇ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਅਪੀਲ ਤੇ ਫ਼ਾਜ਼ਿਲਕਾ ਜ਼ਿਲ੍ਹੇ ਦੇ ਕਿਸਾਨਾਂ ਨੇ ਵੱਡਾ ਹੁੰਗਾਰਾ ਦਿੱਤਾ ਹੈ ਅਤੇ ਸਿੱਧੀ ਬਿਜਾਈ ਕਰਨ ਵਿੱਚ ਫਾਜ਼ਿਲਕਾ ਜ਼ਿਲਾ ਸੂਬੇ ਵਿੱਚੋਂ ਪਹਿਲੇ ਸਥਾਨ ਤੇ ਚੱਲ ਰਿਹਾ ਹੈ ।ਉਨਾਂ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਦੀ ਆਰਥਿਕ ਮਦਦ ਵੀ ਦਿੱਤੀ ਜਾਵੇਗੀ। ਉਹਨਾਂ ਆਖਿਆ ਕਿ ਇਸ ਲਈ ਕਿਸਾਨ ਖੇਤੀਬਾੜੀ ਵਿਭਾਗ ਦੀ ਵੈੱਬਸਾਈਟ https://agrimachinerypb.com/ ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਉਹਨਾਂ ਨੇ ਕਿਹਾ ਕਿ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ 30 ਜੂਨ 2025 ਹੈ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਬਿਨਾਂ ਦੇਰੀ ਕਿਸਾਨ ਅਪਲਾਈ ਕਰਨ। ਉਹਨਾਂ ਕਿਹਾ ਕਿ ਜਿਹੜੇ ਵੀ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਕਰ ਰਹੇ ਹਨ ਉਹ ਪੋਰਟਲ ਤੇ ਅਪਲਾਈ ਜਰੂਰ ਕਰਨ ਕਿਉਂਕਿ ਪੋਰਟਲ ਤੇ ਅਪਲਾਈ ਕਰਨ ਵਾਲੇ ਕਿਸਾਨਾਂ ਨੂੰ ਹੀ ਸਬਸਿਡੀ ਦੀ ਰਕਮ ਮਿਲੇਗੀ ।
ਬੋਕਸ ਲਈ ਪ੍ਰਸਤਾਵਿਤਨਰਮੇ ਬੀਜ ਦੀ ਸਬਸਿਡੀ ਲਈ ਵੀ 30 ਜੂਨ ਤੋਂ ਪਹਿਲਾਂ ਪਹਿਲਾਂ ਕਰੋ ਅਪਲਾਈ ਖੇਤੀਬਾੜੀ ਅਫਸਰ ਮਮਤਾ ਲੂਣਾ ਨੇ ਦੱਸਿਆ ਹੈ ਕਿ ਜਿਨਾਂ ਕਿਸਾਨਾਂ ਨੇ ਨਰਮੇ ਦੀ ਬਿਜਾਈ ਕੀਤੀ ਹੈ ਉਹਨਾਂ ਕਿਸਾਨਾਂ ਨੂੰ ਵੀ ਬੀਟੀ ਬੀਜਾਂ ਦੇ ਉੱਪਰ ਰਾਜ ਸਰਕਾਰ ਦੇ ਖੇਤੀਬਾੜੀ ਵਿਭਾਗ ਵੱਲੋਂ 33 ਫੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ।

# ਸਲੈਬ ਟੁੱਟਣ ਕਾਰਨ ਬਜ਼ੁਰਗ ਦੀ ਮੌਤ

**ਫਰੀਦਾਬਾਦ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰੇਟਰ ਫਰੀਦਾਬਾਦ ਵਿੱਚ ਸਵਾਨਾ ਸੁਸਾਇਟੀ ਦੀ 14ਵੀਂ ਮੰਜ਼ਿਲ ਤੋਂ ਡਿੱਗਣ ਨਾਲ ਸੇਵਾਮੁਕਤ ਬੈਂਕ ਮੈਨੇਜਰ ਦੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਬਜ਼ੁਰਗ ਸਕਾਈਵਾਕ ਦੇ ਕਿਨਾਰੇ ਰੱਖੇ ਗਮਲਿਆਂ ਵਿੱਚ ਪਾਣੀ ਪਾਉਣ ਜਾ ਰਿਹਾ ਸੀ। ਉਸੇ ਸਮੇਂ, ਸਲੈਬ ਹੇਠਾਂ ਤੋਂ ਟੁੱਟ ਗਈ। ਪੁਲੀਸ ਅਨੁਸਾਰ ਰਿਸ਼ਤੇਦਾਰਾਂ ਵੱਲੋਂ ਅਜੇ ਤੱਕ ਕੋਈ ਸ਼ਿਕਾਇਤ ਨਹੀਂ ਮਿਲੀ ਹੈ।ਐੱਸਬੀਆਈ ਬੈਂਕ ਤੋਂ ਸੇਵਾਮੁਕਤ ਕੁਲਵੰਤ ਸਿੰਘ, ਸੈਕਟਰ-86 ਦੀ ਸਵਾਨਾ ਸੁਸਾਇਟੀ ਦੇ ਟੀ-8 ਟਾਵਰ ਵਿੱਚ ਫਲੈਟ ਨੰਬਰ 1407 ਵਿੱਚ ਰਹਿੰਦਾ ਸੀ। ਕੁਲਵੰਤ ਦਾ ਪੁੱਤਰ ਹਰਸ਼ ਅਤੇ ਪਤਨੀ ਆਸ਼ਾ ਵੀ ਉਸ ਦੇ ਨਾਲ ਰਹਿੰਦੇ ਹਨ। ਉਸ ਦੇ ਰਿਸ਼ਤੇਦਾਰ ਸੁਨੀਲ ਕਪੂਰ ਅਨੁਸਾਰ, ਕੁਲਵੰਤ ਸਿੰਘ ਨੇ ਖੇਤੀਬਾੜੀ ਵਿੱਚ ਡਿਪਲੋਮਾ ਕੀਤਾ ਸੀ। ਇਸੇ ਲਈ ਉਸ ਨੂੰ ਪੌਦਿਆਂ ਦਾ ਸ਼ੌਕ ਸੀ। ਉਹ ਹਰ ਰੋਜ਼ ਸਕਾਈਵਾਕ ਵਿੱਚ ਰੱਖੇ ਛੋਟੇ ਗਮਲਿਆਂ ਨੂੰ ਪਾਣੀ ਦਿੰਦਾ ਸੀ। ਸਵੇਰੇ ਵੀ 8 ਵਜੇ, ਉਹ ਪੌਦਿਆਂ ਨੂੰ ਪਾਣੀ ਦੇਣ ਸੇਵਾਮੁਕਤ ਬੈਂਕ ਮੈਨੇਜਰ ਦੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਬਜ਼ੁਰਗ ਸਕਾਈਵਾਕ ਦੇ ਕਿਨਾਰੇ ਰੱਖੇ ਗਮਲਿਆਂ ਵਿੱਚ ਪਾਣੀ ਪਾਉਣ ਜਾ ਰਿਹਾ ਸੀ। ਉਸੇ ਸਮੇਂ, ਸਲੈਬ ਹੇਠਾਂ ਤੋਂ ਟੁੱਟ ਗਈ। ਪੁਲੀਸ ਅਨੁਸਾਰ ਰਿਸ਼ਤੇਦਾਰਾਂ ਵੱਲੋਂ ਅਜੇ ਤੱਕ ਕੋਈ ਸ਼ਿਕਾਇਤ ਨਹੀਂ ਮਿਲੀ ਹੈ। ਐੱਸਬੀਆਈ ਬੈਂਕ ਤੋਂ ਸੇਵਾਮੁਕਤ ਕੁਲਵੰਤ ਸਿੰਘ, ਸੈਕਟਰ-86 ਦੀ ਸਵਾਨਾ ਸੁਸਾਇਟੀ ਦੇ ਟੀ-8 ਟਾਵਰ ਵਿੱਚ ਫਲੈਟ ਨੰਬਰ 1407 ਵਿੱਚ ਰਹਿੰਦਾ ਸੀ। ਕੁਲਵੰਤ ਦਾ ਪੁੱਤਰ ਹਰਸ਼ ਅਤੇ ਪਤਨੀ ਆਸ਼ਾ ਵੀ ਉਸ ਦੇ ਨਾਲ ਰਹਿੰਦੇ ਹਨ। ਉਸ ਦੇ ਰਿਸ਼ਤੇਦਾਰ ਸੁਨੀਲ ਕਪੂਰ ਅਨੁਸਾਰ, ਕੁਲਵੰਤ ਸਿੰਘ ਨੇ ਖੇਤੀਬਾੜੀ ਵਿੱਚ ਡਿਪਲੋਮਾ ਕੀਤਾ ਸੀ। ਇਸੇ ਲਈ ਉਸ ਨੂੰ ਪੌਦਿਆਂ ਲਈ ਟੀ-8 ਟਾਵਰ ਤੋਂ ਟੀ-7 ਗਿਆ।

# ਗਰੇਵਾਲ ਪਰਿਵਾਰ ਵੱਲੋਂ ਸਕੂਲ ਨੂੰ ਇਨਵਾਟਰ ਕੀਤਾ ਦਾਨ

**ਮਲੇਰਕੋਟਲਾ, 27 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਰਮਾਂ ਵਾਲੇ ਹੁੰਦੇ ਹਨ ਉਹ ਲੋਕ ਜਿਨਾਂ ਦੇ ਬੱਚੇ ਆਪਣੇ ਮਾਂ ਪਿਓ ਨੂੰ ਜਿਉਂਦੇ ਜੀ ਅਤੇ ਮਰਨ ਤੋਂ ਬਾਅਦ ਵੀ ਯਾਦ ਰੱਖਦੇ ਹਨ,

ਇਸ ਦੀ ਤਾਜ਼ਾ ਉਦਾਹਰਨ ਪਿੰਡ ਹੈਦਰ ਨਗਰ ਵਿੱਚ ਰਹਿੰਦੇ ਕੁਲਜੀਤ ਸਿੰਘ ਗਰੇਵਾਲ ਅਤੇ ਉਹਨਾਂ ਦੀ ਭੈਣ ਜਸਵੀਰ ਕੌਰ ਮਾਨ ਵੱਲੋਂ ਆਪਣੇ ਪਿਤਾ ਜੀ ਦੀ ਮੌਤ ਉਪਰੰਤ ਉਹਨਾਂ ਨੂੰ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਹੈਦਰ ਨਗਰ ਨੂੰ ਇਨਵਾਟਰ ਦਾਨ ਦਿੱਤਾ ਗਿਆ, ਤਾਂ ਜੋ ਸਕੂਲ ਵਿੱਚ ਪੜਦੇ ਬੱਚਿਆਂ ਨੂੰ ਗਰਮੀ ਤੋਂ ਰਾਹਤ ਮਿਲੇ, ਅਤੇ ਬੱਚਿਆਂ ਨੂੰ ਪੜ੍ਹਾਈ ਵਿੱਚ ਕੋਈ ਰੁਕਾਵਟ ਪੈਦਾ ਨਾ ਹੋਵੇ।

ਇਸ ਮੌਕੇ ਜਸਵੀਰ ਕੌਰ ਮਾਨ ਵੱਲੋਂ ਅਤੇ ਕੁਲਜੀਤ ਸਿੰਘ ਗਰੇਵਾਲ ਵੱਲੋਂ ਸਕੂਲ ਦੀ ਹਰ ਬੇਹਤਰੀ ਲਈ ਹਰ ਸਹਿਯੋਗ ਦੇਣ ਦੀ ਗੱਲ ਆਖੀ ਅਤੇ ਬੱਚਿਆਂ ਦੀ ਪੜ੍ਹਾਈ ਨੂੰ ਵੇਖ ਕੇ ਸਮੂਹ ਸਟਾਫ




ਦੀ ਹੌਸਲਾ ਅਫਜ਼ਾਈ ਕੀਤੀ।

ਇਸ ਮੌਕੇ ਸਕੂਲ ਮੁਖੀ ਸ੍ਰੀ ਮੁਹੰਮਦ ਰਮਜ਼ਾਨ ਅਤੇ ਸਮੂਹ ਸਟਾਫ ਨੇ ਗਰੇਵਾਲ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ ਕੀਤਾ ਜਿਨਾਂ ਨੇ ਆਪਣੇ ਪਿਤਾ ਨੂੰ ਇਨਵਾਟਰ ਦਾਨ ਦਿੱਤਾ ਗਿਆ, ਤਾਂ ਜੋ ਸਕੂਲ ਵਿੱਚ ਪੜਦੇ ਬੱਚਿਆਂ ਨੂੰ ਗਰਮੀ ਤੋਂ ਰਾਹਤ ਮਿਲ ਯਾਦ ਰੱਖਦਿਆਂ ਲਗਭਗ 20 ਤੋਂ 25 ਹਜ਼ਾਰ ਦੀ ਰਕਮ ਦਾ ਸਕੂਲ ਨੂੰ ਇਨਵਾਟਰ ਦਾਨ ਕੀਤਾ।

# ਦਿੱਲੀ ਦੇ ਪਿੰਡ ਹੁਣ ਵਿਕਾਸ ਦੀ ਮੁੱਖ ਧਾਰਾ ਵਿੱਚ ਹਨ: ਪਰਵੇਸ਼ ਸਾਹਿਬ ਸਿੰਘ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 27 ਜੂਨ: ਦਿੱਲੀ ਸਰਕਾਰ ਵਿੱਚ ਲੋਕ ਨਿਰਮਾਣ (ਪੀਡਬਲਯੂਡੀ) ਅਤੇ ਜਲ ਮੰਤਰੀ, ਸ਼੍ਰੀ ਪਰਵੇਸ਼ ਸਾਹਿਬ ਸਿੰਘ ਨੇ ਕੱਲ ਛਤਰਪੁਰ ਵਿਧਾਨ ਸਭਾ ਦਾ ਇੱਕ ਵਿਆਪਕ ਦੌਰਾ ਕੀਤਾ। ਇਸ ਦੌਰਾਨ, ਉਨ੍ਹਾਂ ਨੇ ਖੇਤਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਖੇਤਰ ਨਾਲ ਆਪਣੇ ਡੂੰਘੇ ਸਬੰਧ ਨੂੰ ਸਾਂਝਾ ਕਰਦੇ ਹੋਏ, ਮੰਤਰੀ ਨੇ ਕਿਹਾ ਛਤਰਪੁਰ ਮੇਰੇ ਲਈ ਸਿਰਫ਼ ਇੱਕ ਰਾਜਨੀਤਿਕ ਖੇਤਰ ਨਹੀਂ ਹੈ - ਇਹ ਮੇਰੀ ਜ਼ਿੰਦਗੀ ਦਾ ਇੱਕ ਹਿੱਸਾ ਹੈ। ਮੇਰੇ ਪਿਤਾ ਵੀ ਇੱਥੋਂ ਦੇ ਸੰਸਦ ਮੈਂਬਰ ਰਹੇ ਹਨ। ਮੈਂ ਇਸ ਧਰਤੀ, ਇਸਦੇ ਦੁੱਖਾਂ ਅਤੇ ਸੰਘਰਸ਼ਾਂ ਨੂੰ ਨੇੜਿਓਂ ਅਨੁਭਵ ਕੀਤਾ ਹੈ। ਮੇਰੇ ਲਈ, ਇੱਥੇ ਸੇਵਾ ਕਰਨਾ ਰਾਜਨੀਤੀ ਨਹੀਂ ਹੈ, ਸਗੋਂ ਇੱਕ ਪਰਿਵਾਰਕ ਜ਼ਿੰਮੇਵਾਰੀ ਹੈ। ਦੌਰੇ ਦੌਰਾਨ, ਮੰਤਰੀ ਨੇ 100 ਫੁੱਟ ਰੋਡ, ਸੀਡੀਆਰ ਚੌਕ, ਜੋਨਾਪੁਰ ਪਿੰਡ, ਨੇਬ ਸਰਾਏ ਚੌਪਾਲ ਅਤੇ ਮੈਦਾਨਗੜ੍ਹੀ ਪਿੰਡ ਦੇ ਸਥਾਨਕ ਲੋਕਾਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਉਨ੍ਹਾਂ ਨੂੰ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਦਾ ਭਰੋਸਾ ਦਿੱਤਾ।

**ਮੁੱਖ ਐਲਾਨ ਅਤੇ ਪ੍ਰਗਤੀ:**

●ਮੰਡੀ ਰੋਡ ਨੂੰ ©819 (ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ) ਨੂੰ ਸੌਂਪਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਜਿਵੇਂ ਹੀ ਇਹ ਸੜਕਾਂ ©819 ਦੇ ਅਧੀਨ ਆਉਂਦੀਆਂ ਹਨ, ਉਨ੍ਹਾਂ ਨੂੰ ਰਾਸ਼ਟਰੀ ਮਾਪਦੰਡਾਂ ਅਨੁਸਾਰ ਚੌੜਾ ਅਤੇ ਮਜ਼ਬੂਤ ??ਕੀਤਾ ਜਾਵੇਗਾ। ਇਸ ਨਾਲ ਟ?ਰੈਫਿਕ ਜਾਮ ਅਤੇ ਖਰਾਬ ਸੜਕਾਂ ਦੀ ਸਮੱਸਿਆ ਦਾ ਸਥਾਈ ਹੱਲ ਮਿਲੇਗਾ।



●ਛਤਰਪੁਰ ਵਿੱਚ 80 ਐਮਜੀਡੀ ਸਮਰੱਥਾ ਵਾਲਾ ਇੱਕ ਵਾਟਰ ਟ?ਰੀਟਮੈਂਟ ਪਲਾਂਟ (ਡਬਲਯੂਟੀਪੀ) ਬਣਾਇਆ ਜਾ ਰਿਹਾ ਹੈ। ਇਹ ਖੇਤਰ ਵਿੱਚ ਸਾਫ਼ ਅਤੇ ਨਿਰੰਤਰ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਹਿਮਾਚਲ ਪ੍ਰਦੇਸ਼ ਤੋਂ ਕੱਚਾ ਪਾਣੀ ਲਿਆਏਗਾ।

●ਇਲਾਕੇ ਲਈ 85 ਟਿਊਬਵੈੱਲ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਹਨ ਅਤੇ ਉਨ੍ਹਾਂ ਦੀ ਸਥਾਪਨਾ ਦਾ ਕੰਮ ਸ਼ੁਰੂ ਹੋ ਗਿਆ ਹੈ।

●ਯੂਜੀਆਰ (ਅੰਡਰਗਰਾਊਂਡ ਰਿਜ਼ਰਵਾਇਰ) ਤੋਂ ਪਾਣੀ ਦੀ ਸਪਲਾਈ ਨੂੰ ਜੋੜਨ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ।

●ਸੀਵਰ ਪ੍ਰੋਜੈਕਟ ਬਾਰੇ, ਮੰਤਰੀ ਨੇ ਦੱਸਿਆ ਕਿ ਟੈਂਡਰਿੰਗ ਪ੍ਰਕਿਰਿਆ ਪੂਰੀ ਹੋ ਗਈ ਹੈ ਅਤੇ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ।

ਮੰਤਰੀ ਪਰਵੇਸ਼ ਸਾਹਿਬ ਸਿੰਘ ਦਾ ਵਿਜ਼ਨ: ਸਾਡਾ ਇਰਾਦਾ ਸਪੱਸ਼ਟ ਹੈ - ਦਿੱਲੀ ਦੇ ਪਿੰਡ ਹੁਣ ਪਿੱਛੇ ਨਹੀਂ ਰਹਿਣਗੇ। ਭਾਜਪਾ ਦੀ ਅਗਵਾਈ ਹੇਠ, ਪੇਂਡੂ ਵਿਕਾਸ ਸਿਰਫ਼ ਇੱਕ ਨਾਅਰਾ ਨਹੀਂ ਸਗੋਂ ਇੱਕ ਮਿਸ਼ਨ ਹੈ। ਸ਼ਹਿਰੀ ਕਲੋਨੀਆਂ ਨੂੰ ਉਪਲਬਧ ਸਹੂਲਤਾਂ ਹੁਣ ਹਰ ਪਿੰਡ ਤੱਕ ਪਹੁੰਚਣੀਆਂ ਚਾਹੀਦੀਆਂ ਹਨ ਉਹ ਅੱਗੇ ਕਹਿੰਦੇ ਹਨ ਸੜਕਾਂ, ਪਾਣੀ ਜਾਂ ਸੀਵਰੇਜ - ਹਰ ਮੁੱਢਲੀ ਸੇਵਾ ਨੂੰ ਪਹਿਲ ਦਿੱਤੀ ਜਾ ਰਹੀ ਹੈ। ਅਤੇ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ - ਪੇਂਡੂ ਦਿੱਲੀ ਦੇ ਵਿਕਾਸ ਲਈ ਕਦੇ ਵੀ ਫੰਡਾਂ ਦੀ ਕਮੀ ਨਹੀਂ ਹੋਵੇਗੀ। ਅਸੀਂ ਸਿਰਫ਼ ਬੁਨਿਆਦੀ ਢਾਂਚਾ ਹੀ ਨਹੀਂ ਬਣਾ ਰਹੇ, ਸਗੋਂ ਵਿਸ਼ਵਾਸ ਵੀ ਬਣਾ ਰਹੇ ਹਾਂ।ਇਸ ਦੌਰੇ ਦੌਰਾਨ ਉਨ੍ਹਾਂ ਨਾਲ ਲੋਕ ਨਿਰਮਾਣ ਵਿਭਾਗ, ਦਿੱਲੀ ਜਲ ਬੋਰਡ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਸਾਰੇ ਪ੍ਰੋਜੈਕਟ ਨਿਰਧਾਰਤ ਸਮਾਂ ਸੀਮਾ ਦੇ ਅੰਦਰ, ਪੂਰੀ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਪੂਰੇ ਕੀਤੇ ਜਾਣ।

## ਫ਼ਿਰ ਸ਼ੁਰੂ ਹੋਈ ਅਕਾਲੀ-ਭਾਜਪਾ ਗਠਜੋੜ ਦੀ ਚਰਚਾ ! ਇਸ ਗੱਲ 'ਤੇ ਫਸਿਆ ਪੇਚ

**ਕੌਮੀ ਪਤ੍ਰਿਕਾ**

ਲੁਧਿਆਣਾ 27 ਜੂਨ। ਹਲਕਾ ਵੈਸਟ ਦੀ ਉਪ ਚੋਣ ਵਿਚ ਹਾਰ ਦੇ ਬਾਅਦ ਫਿਰ ਅਕਾਲੀ ਭਾਜਪਾ ਗੱਠਜੋੜ ਦੀ ਚਰਚਾ ਸ਼ੁਰੂ ਹੋ ਗਈ ਹੈ ਕਿਉਂਕਿ ਅਕਾਲੀ ਭਾਜਪਾ ਲੰਮੇ ਸਮੇਂ ਤੱਕ ਕੇਂਦਰ ਅਤੇ ਰਾਜ ਦੀ ਰਾਜਨੀਤੀ ਵਿਚ ਇਕੱਠੇ ਰਹੇ ਹਨ ਅਤੇ ਸਰਕਾਰ ਵੀ ਬਣਾਈ ਪਰ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅਕਾਲੀ ਦਲ ਨੇ ਭਾਜਪਾ ਦਾ ਸਾਥ ਛੱਡ ਦਿੱਤਾ ਅਤੇ ਇਸਦੇ ਬਾਅਦ ਤੋਂ ਦੋਵੇਂ ਪਾਰਟੀਆਂ ਅਲੱਗ ਅਲੱਗ ਚੋਣ ਲੜ ਰਹੀਆਂ ਹਨ ਪਰ ਇਸ ਦੌਰਾਨ ਅਕਾਲੀ ਭਾਜਪਾ ਨੂੰ ਕੋਈ ਸਫਲਤਾ ਨਹੀਂ ਮਿਲੀ ਸਗੋਂ ਅਕਾਲੀ ਭਾਜਪਾ ਇਕ ਦੇ ਬਾਅਦ ਇਕ ਚੋਣ ਹਾਰਨ ਦੀ ਵਜ?ਹਾ ਨਾਲ ਪੰਜਾਬ ਦੀ ਸਿਆਸਤ ਦੇ ਹਾਸ਼ੀਏ 'ਤੇ ਜਾ ਰਹੀ ਹੈ। ਇਹੀ ਹਾਲ ਹਲਕਾ ਵੈਸਟ ਦੀ ਉਪ ਚੋਣ ਵਿਚ ਦੇਖਣ ਨੂੰ ਮਿਲ ਰਿਹਾ ਹੈ ਜਦ ਅਕਾਲੀ ਭਾਜਪਾ ਤੀਜੇ ਅਤੇ ਚੌਥੇ ਨੰਬਰ 'ਤੇ ਸੀਮਿਤ ਹੋ ਕੇ ਰਹਿ ਗਏ ਹਨ। ਜਿਸਦੇ ਬਾਅਦ ਇਕ ਵਾਰ ਫਿਰ ਅਕਾਲੀ ਭਾਜਪਾ ਗਠਜੋੜ ਦੀ ਚਰਚਾ ਸੁਣਨ ਨੂੰ ਮਿਲ ਰਹੀ ਹੈ। ਕਿਉਂਕਿ ਅਕਾਲੀ ਭਾਜਪਾ ਦੀ ਵੋਟ ਦਾ ਅੰਕੜਾ 30 ਹਜ਼ਾਰ ਤੋਂ ਪਾਰ ਹੋ ਗਿਆ ਹੈ। ਇਸ ਦੇ ਮੱਦੇਨਜ਼ਰ ਸਿਆਸੀ ਗਲਿਆਰਿਆਂ ਵਿਚ ਚਰਚਾ ਹੋ ਰਹੀ ਹੈ ਕਿ ਜੇਕਰ ਅਕਾਲੀ ਭਾਜਪਾ ਇਕੱਠੇ ਹੋਣ ਤਾਂ 2027 ਦੀਆਂ ਵਿਧਾਨ ਸਭਾ ਚੋਣ ਵਿਚ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਮੁੱਦੇ 'ਤੇ ਅੰਦਰਖਾਤੇ ਕਵਾਇਦ ਕਾਫੀ ਦੇਰ ਤੋਂ ਚੱਲ ਰਹੀ ਹੈ ਪਰ ਅਕਾਲੀ ਦਲ ਦਲ ਗੁਟਬਾਜ਼ੀ ਦੇ ਕਾਰਨ ਭਾਜਪਾ ਹਾਮੀ ਨਹੀਂ ਭਰ ਰਹੀ ਹੈ। ਜਿਵੇਂ ਕਿ 'ਜਗ ਬਾਣੀ' ਵੱਲੋਂ ਪਹਿਲਾਂ ਹੀ ਸਾਫ ਕਰ ਦਿੱਤਾ ਗਿਆ ਸੀ ਕਿ ਹਲਕਾ ਵੈਸਟ ਦੀ ਉਪ ਚੋਣ ਵਿਚ ਅਕਾਲੀ ਦਲ ਨੂੰ ਹੁਣ ਤੱਕ ਦੀ ਸਭ ਤੋਂ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਸ ਖਬਰ 'ਤੇ ਮੋਹਰ ਲੱਗ ਗਈ ਹੈ ਅਤੇ ਲਗਭਗ 8 ਹਜ਼ਾਰ ਵੋਟ ਦੇ ਨਾਲ ਅਕਾਲੀ ਦਲ ਚੌਥੇ ਨੰਬਰ 'ਤੇ ਆ ਗਿਆ ਹੈ

## ਪੰਜਾਬ ਸਰਕਾਰ ਦੀ ਕਿਸਾਨਾਂ ਨੂੰ ਅਪੀਲ

**ਕੌਮੀ ਪਤ੍ਰਿਕਾ**

ਚੰਡੀਗੜ੍ਹ 27 ਜੂਨ। ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਫ਼ਸਲਾਂ ਦੇ ਖ਼ਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 4 ਮੰਤਰੀਆਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਦੀ ਪਹਿਲੀ ਬੈਠਕ ਅੱਜ ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਮਗਰੋਂ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਪੰਜਾਬ 'ਚ ਜਿਹੜੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ, ਉਹਦੇ 'ਚੋਂ ਵੱਡਾ ਹਿੱਸਾ ਕੇਂਦਰ ਸਰਕਾਰ ਕੋਲ ਜਾਂਦਾ ਹੈ। ਇਸ ਦੌਰਾਨ ਕਈ ਵਾਰ ਮੁਸ਼ਕਲਾਂ ਵੀ ਆਉਂਦੀਆਂ ਰਹੀਆਂ ਹਨ। ਇਸ ਲਈ ਪੰਜਾਬ ਸਰਕਾਰ ਵਲੋਂ ਅਹਿਮ ਉਪਰਾਲਾ ਕੀਤਾ ਗਿਆ ਹੈ ਕਿ ਆਉਣ ਵਾਲੀਆਂ ਫ਼ਸਲਾਂ ਦੀ ਸੰਭਾਲ, ਬਿਜਾਈ ਅਤੇ ਵਿਕਰੀ ਦੇ ਪ੍ਰਬੰਧ ਸੁਚੱਜੇ ਢੰਗ ਨਾਲ ਕੀਤੇ ਜਾ ਸਕਣ। ਇਸ ਨੂੰ ਲੈ ਕੇ ਹੀ ਇਹ ਕਮੇਟੀ ਬਣਾਈ ਗਈ ਹੈ। ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ 'ਚ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੀ ਫ਼ਸਲ ਬੀਜੀ ਜਾਂਦੀ ਹੈ ਅਤੇ 31 ਜੁਲਾਈ ਤੱਕ ਝੋਨੇ ਦੀ ਮੀਲਿੰਗ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ ਅਤੇ ਸਾਡੀ ਕੋਸ਼ਿਸ਼ ਰਹੇਗੀ ਅਤੇ ਅਗਲੇ ਸਾਲ ਅਸੀਂ ਇਸ ਨੂੰ ਜੂਨ 'ਚ ਪੂਰਾ ਕਰ ਲਈਏ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਯੂਨੀਵਰਸਿਟੀ ਵਲੋਂ ਪ੍ਰਮਾਣਿਤ ਬੀਜ ਹੀ ਬੀਜਣ ਅਤੇ ਮੰਡੀ 'ਚ ਉਨ੍ਹਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਚੁੱਕਿਆ ਜਾਵੇਗਾ। ਇਸ ਦੇ ਨਾਲ ਹੀ ਕਿਸਾਨਾਂ ਦੇ ਖ਼ਾਤਿਆਂ 'ਚ 24 ਘੰਟਿਆਂ ਅੰਦਰ ਫ਼ਸਲ ਦਾ ਪੈਸਾ ਪਾਉਣ ਦਾ ਸਿਲਸਿਲਾ ਇੰਝ ਹੀ ਜਾਰੀ ਰੱਖਾਂਗੇ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਹੀ ਪੂਰੇ ਇੰਤਜ਼ਾਮ ਕੀਤੇ ਹੋਏ ਹਨ ਅਤੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ 46 ਲੱਖ ਮੀਟ੍ਰਿਕ ਟਨ ਲਈ ਪੰਜਾਬ 'ਚ ਗੋਦਾਮ ਬਣਾਉਣ ਦਾ ਪ੍ਰਸਤਾਵ ਪੂਰਾ ਕਰਕੇ ਪੰਜਾਬ ਸਰਕਾਰ ਵਲੋਂ ਹਾਈ ਲੈਵਲ ਕਮੇਟੀ ਨੂੰ ਭੇਜਿਆ ਗਿਆ ਹੈ ਅਤੇ ਸਾਡੀ ਅਪੀਲ ਹੈ ਕਿ ਕਮੇਟੀ ਇਸ 'ਤੇ ਜਲਦੀ ਪਹਿਲ ਕਦਮੀ ਕਰੇ ਤਾਂ ਜੋ ਆਉਣ ਵਾਲੇ ਸਮੇਂ 'ਚ ਪੰਜਾਬ ਅੰਦਰ ਇਨ੍ਹਾਂ ਗੋਦਾਮਾਂ ਦਾ ਨਿਰਮਾਣ ਕਰਕੇ ਪੱਕੇ ਤੌਰ 'ਤੇ ਜਗ?ਹਾ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕੇ।

# ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਸਬੰਧੀ 34 ਮੈਂਬਰੀ ਕਮੇਟੀ ਦਾ ਗਠਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 27 ਜੂਨ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾ ਨਿਯਮਾਂ ਦੇ ਸਬੰਧ ਵਿਚ ਇਕ ਕਮੇਟੀ ਦਾ ਗਠਨ ਕੀਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕਮੇਟੀ ਵਿਚ ਕੁੱਲ 34 ਮੈਂਬਰ ਸ਼ਾਮਲ ਕੀਤੇ ਗਏ ਹਨ। ਇਸ ਕਮੇਟੀ ਵੱਲੋਂ ਆਪਣੀ ਰਾਏ ਰਿਪੋਰਟ ਦਿੱਤੀ ਜਾਵੇਗੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕਮੇਟੀ ਵਿਚ ਸਿੰਘ ਸਾਹਿਬਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਇਕ ਨੁਮਾਇੰਦਾ, ਪ੍ਰਧਾਨ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਇਕ ਨੁਮਾਇੰਦਾ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਤੇ ਪ੍ਰਧਾਨ ਸੰਤ ਸਮਾਜ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ ਹਰੀਆਂ ਵੇਲਾਂ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ , ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ, ਪ੍ਰਦਮਸ੍ਰੀ ਬਾਬਾ ਸੇਵਾ ਸਿਘ, ਬਾਬਾ ਕਸ਼ਮੀਰ ਸਿੰਘ ਮੁਖੀ ਸੰਪ੍ਰਦਾ ਕਾਰਸੇਵਾ ਭੂਰੀਵਾਲੇ, ਬਾਬਾ ਤੇਜਾ ਸਿੰਘ ਖੁੱਡਾ ਕੁਰਾਲਾ ਨਿਰਮਲੇ ਸੰਪ੍ਰਦਾ, ਮਹੰਤ ਰਮਿੰਦਰ ਦਾਸ ਉਦਾਸੀਨ ਸੰਪ੍ਰਦਾ, ਮਹੰਤ ਪ੍ਰਿਤਪਾਲ ਸਿੰਘ ਮਿੱਠਾ ਟਿਵਾਣਾ ਸੇਵਾਪੰਥੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਪ੍ਰਧਾਨ ਚੀਫ ਖ਼ਾਲਸਾ ਦੀਵਾਨ ਅੰਮ੍ਰਿਤਸਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ ਦਾ ਇਕ ਨੁਮਾਇੰਦਾ, ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ, ਗੁਰਬਾਣੀ ਵਿਆਕਰਣ ਦੇ ਮਾਹਿਰ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ, ਭਾਈ ਮਹਿੰਦਰ ਸਿੰਘ ਗੁਰੂ ਨਾਨਕ



ਨਿਸ਼ਕਾਮ ਸੇਵਕ ਜਥਾ ਯੂ.ਕੇ., ਮਹੰਤ ਮਨਜੀਤ ਸਿੰਘ ਜੰਮੂ ਕਸ਼ਮੀਰ, ਬੀਬੀ ਇੰਦਰਜੀਤ ਕੌਰ ਮੁਖੀ ਭਗਤ ਪੂਰਨ ਸਿੰਘ ਪਿੰਗਲਵਾੜਾ ਸੁਸਾਇਟੀ, ਡਾ. ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ , ਡਾ. ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਪਟਿਆਲਾ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਅਮਰਜੀਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ. ਇੰਦਰਜੀਤ ਸਿੰਘ ਗੋਗੋਆਣੀ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਸਿੱਖ ਵਿਦਵਾਨ ਡਾ. ਹਰਭਜਨ ਸਿੰਘ ਡੇਹਰਾਦੂਨ, ਗਿ: ਬਲਜੀਤ ਸਿੰਘ , ਸਿੱਖ ਵਿਦਵਾਨ ਡਾ. ਗੁਰਚਰਨਜੀਤ ਸਿੰਘ ਲਾਂਬਾ ਅਮਰੀਕਾ, ਡਾ. ਜਤਿੰਦਰਪਾਲ ਸਿੰਘ ਉੱਪਲ ਆਸਟ?ਰੇਲੀਆ, ਰਾਜਬੀਰ ਸਿੰਘ ਕੈਨੇਡਾ, ਇੰਦਰਪਾਲ ਸਿੰਘ ਚੱਢਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਸ਼?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਸ਼?ਰੋਮਣੀ ਕਮੇਟੀ ਵੱਲੋਂ ਇਸ ਮਾਮਲੇ 'ਤੇ ਮੰਗੇ ਸੁਝਾਵਾਂ ਤਹਿਤ ਬਹੁਤ ਸਾਰੀਆਂ ਸੰਪ੍ਰਦਾਵਾਂ, ਜਥੇਬੰਦੀਆਂ ਅਤੇ ਵਿਦਵਾਨਾਂ ਨੇ ਪਹਿਲਾਂ ਹੀ ਆਪਣੇ ਸੁਝਾਅ ਲਿਖਤੀ ਰੂਪ ਵਿਚ ਭੇਜੇ ਹਨ। ਇਨ੍ਹਾਂ ਵਿਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਨਾਂਦੇੜ, ਦਲ ਖਾਲਸਾ, ਅਖੰਡ ਕੀਰਤਨੀ ਜਥਾ, ਪੰਥਕ ਤਾਲਮੇਲ ਸੰਗਠਨ, ਸਿੱਖ ਕੌਂਸਲ ਯੂਕੇ, ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਸ਼?ਰੋਮਣੀ ਖਾਲਸਾ ਪੰਚਾਇਤ, ਸਿੰਘ ਸਭਾਵਾਂ ਸਮੇਤ ਹੋਰ ਜਥੇਬੰਦੀਆਂ ਅਤੇ ਵੱਡੀ ਗਿਣਤੀ ਵਿਚ ਸਿੱਖ ਵਿਦਵਾਨ ਸ਼ਾਮਲ ਹਨ। ਸ਼?ਰੋਮਣੀ ਕਮੇਟੀ ਤਰਫੋਂ ਹੁਣ ਇਸ ਸਬੰਧ ਵਿਚ 34 ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ, ਜੋ ਆਪਣੀ ਰਾਇ ਰਿਪੋਰਟ ਦੇਵੇਗੀ।

## ਜਾਮ 'ਚ ਫਸਣ ਕਾਰਨ ਕਾਰ 'ਚ ਬੈਠੇ ਸ਼ਖਸ ਨੂੰ ਪਿਆ ਦਿਲ ਦਾ ਦੌਰਾ

ਦੇਵਾਸ 27 ਜੂਨ। ਮੱਧ ਪ੍ਰਦੇਸ਼ ਦੇ ਦੇਵਾਸ ਵਿਚ ਲੰਬੇ ਟ?ਰੈਫਿਕ ਜਾਮ ਵਿਚ ਫਸੇ ਇਕ ਸ਼ਖਸ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਮ੍ਰਿਤਕ ਵਿਅਕਤੀ ਆਪਣੇ ਪਰਿਵਾਰ ਨਾਲ ਇੰਦੌਰ ਤੋਂ ਦੇਵਾਸ ਆ ਰਿਹਾ ਸੀ ਪਰ ਲੰਬੇ ਟ?ਰੈਫਿਕ ਜਾਮ ਕਾਰਨ ਉਸ ਨੂੰ ਰਸਤੇ ਵਿਚ ਦਿਲ ਦਾ ਦੌਰਾ ਪੈ ਗਿਆ। ਲਗਭਗ ਇਕ ਘੰਟੇ ਤੱਕ ਜਾਮ ਵਿਚ ਫਸੇ ਰਹਿਣ ਕਾਰਨ ਉਸ ਦੀ ਮੌਤ ਹੋ ਗਈ। ਲੰਬੇ ਟ?ਰੈਫਿਕ ਜਾਮ ਤੋਂ ਬਾਅਦ ਜਦੋਂ ਦੇਵਾਸ ਦੇ ਇਕ ਨਿੱਜੀ ਹਸਪਤਾਲ 'ਚ ਚੈੱਕ ਕਰਵਾਇਆ ਗਿਆ, ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੂੰ ਸਮੇਂ ਸਿਰ ਹਸਪਤਾਲ ਲਿਜਾਇਆ ਜਾਂਦਾ ਤਾਂ ਸ਼ਾਇਦ ਉਨ੍ਹਾਂ ਦੀ ਜਾਨ ਬਚਾਈ ਜਾ ਸਕਦੀ ਸੀ। ਜਾਣਕਾਰੀ ਮੁਤਾਬਕ ਮ੍ਰਿਤਕ ਦਾ ਨਾਮ ਕਮਲ ਪੰਚਾਲ ਹੈ। 62 ਸਾਲਾ ਕਮਲ ਬਿਜਲਪੁਰ ਦੇਵਾਸ ਦਾ ਰਹਿਣ ਵਾਲਾ ਹੈ। ਉਹ ਆਪਣੇ ਪਰਿਵਾਰ ਨਾਲ ਕਾਰ ਰਾਹੀਂ ਇੰਦੌਰ ਜਾ ਰਿਹਾ ਸੀ। ਜਿੱਥੇ ਉਹ ਲਗਭਗ 1 ਘੰਟੇ ਤੱਕ ਟ?ਰੈਫਿਕ ਜਾਮ ਵਿਚ ਫਸਿਆ ਰਿਹਾ। ਇਸ ਦੌਰਾਨ ਉਸ ਨੂੰ ਦਿਲ ਦਾ ਦੌਰਾ ਪਿਆ। ਦੇਵਾਸ ਦੇ ਇਕ ਨਿੱਜੀ ਹਸਪਤਾਲ ਵਿਚ ਲਿਆਉਣ ਤੋਂ ਬਾਅਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਪੁਲ ਨਿਰਮਾਣ ਅਤੇ ਸੜਕ ਨਿਰਮਾਣ ਕਾਰਨ ਦੇਵਾਸ-ਇੰਦੌਰ ਸੜਕ (ਏਬੀ ਰੋਡ) 'ਤੇ ਹਰ ਰੋਜ਼ ਘੰਟਿਆਂਬੱਧੀ ਜਾਮ ਰਹਿੰਦਾ ਹੈ। ਮ੍ਰਿਤਕ ਆਪਣੇ ਪੁੱਤਰ, ਪਤਨੀ ਅਤੇ ਨੂੰਹ ਨਾਲ ਆਪਣੀ ਭੈਣ ਦੀ ਤੇਰ੍ਹਵੀਂ 'ਚ ਸ਼ਾਮਲ ਹੋਣ ਲਈ ਦੇਵਾਸ ਆ ਰਿਹਾ ਸੀ। ਇਸ ਦੌਰਾਨ ਇਹ ਹਾਦਸਾ ਵਾਪਰ ਗਿਆ।

## ਜ਼ਿਮਨੀ ਚੋਣ 'ਤੇ ਹਾਵੀ ਰਿਹਾ ਕਾਂਗਰਸ ਦਾ ਅੰਦਰੂਨੀ ਕਲੇਸ਼

**ਏਜੰਸੀਆਂ**

ਲੁਧਿਆਣਾ 27 ਜੂਨ। ਹਲਕਾ ਪੱਛਮੀ 'ਚ ਹੋਈ ਉਪ ਚੋਣ ਦੌਰਾਨ ਕਾਂਗਰਸ 'ਤੇ ਅੰਦਰੂਨੀ ਕਲੇਸ਼ ਹਾਵੀ ਰਿਹਾ ਅਤੇ ਪ੍ਰਧਾਨ ਰਾਜਾ ਵੜਿੰਗ, ਜੋ ਕਿ ਲੁਧਿਆਣਾ ਦੇ ਸੰਸਦ ਮੈਂਬਰ ਵੀ ਹਨ, ਇਸ ਉਪ ਚੋਣ 'ਚ ਸਿਰਫ 3 ਵਾਰ ਹੀ ਨਜ਼ਰ ਆਏ, ਜਿਸ 'ਚ ਉਨ੍ਹਾਂ ਦੀਆਂ 2 ਪ੍ਰੈੱਸ ਕਾਨਫਰੰਸਾਂ ਅਤੇ ਇਕ ਵਾਰ ਆਸ਼ੂ ਦਾ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਆਉਣਾ ਸ਼ਾਮਲ ਹੈ। ਇਸ ਤੋਂ ਇਲਾਵਾ ਰਾਜਾ ਵੜਿੰਗ ਕਿਤੇ ਵੀ ਆਸ਼ੂ ਲਈ ਪ੍ਰਚਾਰ ਕਰਦੇ ਨਹੀਂ ਦਿਖਾਈ ਦਿੱਤੇ। ਵੜਿੰਗ ਦੇ ਨਾਲ-ਨਾਲ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ, ਸਿਮਰਜੀਤ ਬੈਂਸ ਅਤੇ ਲੁਧਿਆਣਾ ਦੇ ਹੋਰ ਸਾਬਕਾ ਵਿਧਾਇਕਾਂ ਦੀ ਮੌਜੂਦਗੀ ਵੀ ਇਸ ਚੋਣ 'ਚ ਬਹੁਤ ਘੱਟ ਸੀ, ਜਿਸ ਨੇ ਕਾਂਗਰਸ ਦੀ ਧੜੇਬੰਦੀ ਨੂੰ ਹੋਰ ਹਵਾ ਦਿੱਤੀ ਅਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ ਇਕ ਮੁੱਦਾ ਬਣਾ ਦਿੱਤਾ। ਚੋਣ ਹਾਰਨ ਤੋਂ ਬਾਅਦ ਭਾਰਤ ਭੂਸ਼ਣ ਆਸ਼ੂ ਨੇ ਦੁਪਹਿਰ ਸੂਬਾ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਆਸ਼ੂ ਨੇ ਆਪਣਾ ਅਸਤੀਫਾ ਕਾਂਗਰਸ ਹਾਈ ਕਮਾਂਡ ਨੂੰ ਭੇਜ ਦਿੱਤਾ ਹੈ। ਪੰਜਾਬ 'ਚ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਹਾਰ ਤੋਂ ਬਾਅਦ ਅਪ੍ਰੈਲ 'ਚ ਆਸ਼ੂ ਨੂੰ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪ੍ਰਧਾਨ ਬਣਾਇਆ ਗਿਆ ਸੀ। ਸੰਸਦ ਮੈਂਬਰ ਕਿਸ਼ੋਰੀ ਲਾਲ, ਹਿਮਾਚਲ ਦੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ, ਮਹਿਲਾ ਕਾਂਗਰਸ ਪ੍ਰਧਾਨ ਅਲਕਾ ਲਾਂਬਾ, ਸਾਬਕਾ ਮੁੱਖ ਮੰਤਰੀ ਚੰਨੀ, ਵਿਧਾਇਕ ਰਾਣਾ ਗੁਰਜੀਤ ਸਿੰਘ, ਪਰਗਟ ਸਿੰਘ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਮੁਹੰਮਦ ਸਦੀਕ, ਈਸ਼ਵਰਜੋਤ ਸਿੰਘ ਚੀਮਾ ਅਤੇ ਹੋਰ ਕਈ ਚੋਟੀ ਦੇ ਆਗੂ ਆਸ਼ੂ ਲਈ ਗਲੀ-ਗਲੀ 'ਚ ਪ੍ਰਚਾਰ ਕਰਦੇ ਦਿਖਾਈ ਦਿੱਤੇ।

### ਪੰਕਜ ਕੁਮਾਰ ਸਿੰਘ ਨੇ ਉੱਤਰ-ਪੱਛਮੀ ਦਿੱਲੀ . . . .

Contd........Front page

ਡਾ: ਪੰਕਜ ਕੁਮਾਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਸਰਕਾਰ ਰਾਜਧਾਨੀ ਦੀ ਸਿਹਤ ਪ੍ਰਣਾਲੀ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਦਿੱਲੀ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਐਮਰਜੈਂਸੀ ਸੇਵਾਵਾਂ, ਦਵਾਈ ਸਪਲਾਈ ਅਤੇ ਹੋਰ ਮਹੱਤਵਪੂਰਨ ਪ੍ਰਬੰਧਾਂ ਵਿੱਚ ਹੋਰ ਸੁਧਾਰ ਕੀਤਾ ਜਾ ਰਿਹਾ ਹੈ। ਪਿਛਲੀਆਂ ਸਰਕਾਰਾਂ ਦੀਆਂ ਗਲਤੀਆਂ ਕਾਰਨ ਸਰਕਾਰੀ ਹਸਪਤਾਲਾਂ ਦੀ ਹਾਲਤ ਬਹੁਤ ਮਾੜੀ ਹੈ। ਪਿਛਲੀਆਂ ਸਰਕਾਰਾਂ ਨੇ ਜਾਣਬੁੱਝ ਕੇ ਬੁਨਿਆਦੀ ਢਾਂਚੇ ਨਾਲ ਸਬੰਧਤ ਟੈਂਡਰਾਂ ਵਿੱਚ ਦੇਰੀ ਕੀਤੀ, ਜਿਸ ਕਾਰਨ ਓਟੀ ਸਮੇਤ ਹੋਰ ਮੈਡੀਕਲ ਬੁਨਿਆਦੀ ਢਾਂਚੇ ਦੇ ਕੰਮ ਵਿੱਚ ਦੇਰੀ ਹੋ ਰਹੀ ਹੈ। ਸਾਡੀ ਸਰਕਾਰ ਬਣਨ ਤੋਂ ਬਾਅਦ, ਇਹ ਬੁਨਿਆਦੀ ਢਾਂਚੇ ਨਾਲ ਸਬੰਧਤ ਤਕਨੀਕੀ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ ਤਾਂ ਜੋ ਹਸਪਤਾਲਾਂ ਦਾ ਸਿਵਲ ਕੰਮ ਜਲਦੀ ਪੂਰਾ ਕੀਤਾ ਜਾ ਸਕੇ।

# ਖਾਣ-ਪੀਣ ਵਾਲੀਆਂ ਵਸਤੂਆਂ 'ਚ ਕੰਮ ਕਰਨ ਦੇ ਸ਼ੌਕੀਨਾਂ ਲਈ ਫੂਡ ਕਮੇਟੀ ਬਣਾਉਣ ਦਾ ਐਲਾਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 27 ਜੂਨ। ਫਿਊਚਰ ਟਾਈਕੂਨ (ਭਵਿੱਖ ਦੇ ਕਾਰੋਬਾਰੀ) ਅੰਮ੍ਰਿਤਸਰ ਇਕ ਵੱਖਰੀ ਪਹਿਲ ਹੈ ਜੋ ਸ਼ਹਿਰ ਵਿਚ ਉੱਦਮੀ ਭਾਵਨਾ ਨੂੰ ਖੋਜਣ, ਵਿਕਸਤ ਕਰਨ ਲਈ ਸਮਰਪਿਤ ਹੈ। ਜਿੱਥੇ ਚਾਹਵਾਨ ਕਾਰੋਬਾਰੀ ਆਗੂ ਆਪਣੇ ਨਵੀਨਕਾਰੀ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਉੱਦਮਾਂ ਵਿਚ ਬਦਲ ਸਕਦੇ ਹਨ। ਫਿਊਚਰ ਟਾਈਕੂਨ ਇਕ ਵਿਹਾਰਕ ਸਿਖਲਾਈ, ਮਾਹਰ ਸਲਾਹ, ਅਤੇ ਅਸਲ-ਸੰਸਾਰ ਵਪਾਰਕ ਚੁਣੌਤੀਆਂ ਦੇ ਸੰਪਰਕ ਨੂੰ ਜੋੜ ਕੇ, ਇਹ ਪਹਿਲ ਕੱਚੀ ਪ੍ਰਤਿਭਾ ਅਤੇ ਉੱਦਮੀ ਸਫਲਤਾ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ। ਇਸ ਦਾ ਆਯੋਜਿਨ ਡਿਪਟੀ ਕਮਿਸ਼ਨਰ ਸ਼ਾਕਸੀ ਸਾਹਨੀ ਨੇ ਕੀਤਾ, ਜਿਸ ਵਿਚ 6 ਕੈਟਾਗਿਰੀਆਂ ਵਿਚ ਲਗਭਗ 1300 ਦੇ ਕਰੀਬ ਲੋਕਾਂ ਨੇ ਅਪਲਾਈ ਕੀਤਾ, ਜਿਸ ਵਿਚ ਹਰੇਕ ਕੈਟਾਗਰੀ ਪਹਿਲੇ, ਦੂਜੇ ਅਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਪ੍ਰਾਰਥੀਆਂ ਨੂੰ ਨਗਦ ਇਨਾਮ ਦਿੱਤੇ ਜਾਣਗੇ। ਅੰਮ੍ਰਿਤਸਰ ਟੂਰਜ਼ਿਮ ਦੀ ਹੱਬ ਹੈ ਅਤੇ ਖਾਣ-ਪਾਨ ਦੇ ਸ਼ੌਕੀਨਾਂ ਲਈ ਲਾਜਵਾਬ ਜਗ?ਹਾ ਹੈ, ਜਿਸ ਤਹਿਤ ਖਾਲਸਾ ਕੁਲਚੇ ਅੰਮ੍ਰਿਤਸਰ ਵੱਲੋਂ ਚੌਥੀ ਪੀੜ੍ਹੀ ਕੇਵਲ ਅੰਮ੍ਰਿਤਸਰ ਸ਼ਹਿਰ ਵਿਚ ਹੀ ਨਹੀਂ ਪੂਰੇ ਦੇਸ਼ਾਂ-ਵਿਦੇਸ਼ਾਂ ਵਿਚ ਪ੍ਰਸਿੱਧੀ ਪ੍ਰਾਪਤ ਕਰ ਰਹੇ ਹਨ, ਜਿਸ ਦੀ ਜਿਊਂਦਾ ਜਾਗਦਾ ਮਿਸਾਲ ਅਮਨਜਿੰਦਰ ਸਿੰਘ ਆਪਣੀ ਬੇਟੀ ਅਤੇ ਦੋ ਬੇਟਿਆਂ ਸਮੇਤ ਇਸ ਕੰਮ ਨੂੰ ਅੱਗੇ ਵਧਾ ਰਹੇ ਹਨ, ਜਿਸ ਤਹਿਤ ਡੀ. ਸੀ. ਸ਼ਾਕਸੀ ਸਾਹਨੀ ਵਲੋਂ ਖਾਲਸਾ ਕੁਲਚਾ ਅਮਨਜਿੰਦਰ ਸਿੰਘ ਨੂੰ ਉਚੇਚੇ ਤੌਰ ਤੇ ਬੁਲਾ ਕੇ ਭਵਿੱਖ ਦੇ ਕਾਰੋਬਾਰੀ ਦੇ ਰੂਪ ਵਿਚ



ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਜ਼ਿਲੇ ਦੇ ਖਾਣ-ਪੀਣ ਵਾਲੀਆਂ ਵਸਤੂਆਂ ਵਿਚ ਕੰਮ ਕਰਨ ਦੇ ਸ਼ੌਕੀਨਾਂ ਲਈ ਇਕ ਜ਼ਿਲਾ ਪੱਧਰੀ ਫੂਡ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਸ ਵਿਚ ਜ਼ਿਲੇ ਦੇ ਖਾਣ-ਪੀਣ ਨਾਲ ਸਬੰਧਿਤ ਕਾਰੋਬਾਰੀਆਂ ਨਾਲ ਮੀਟਿੰਗ ਕਰ ਕੇ ਸੂਝਵਾਨ ਵਿਅਕਤੀਆਂ ਨੂੰ ਇਸ ਫੂਡ ਕਮੇਟੀ ਵਿਚ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨੌਜਵਾਨ ਆਪਣੇ ਦੇਸ਼ ਵਿਚ ਰਹਿ ਕੇ ਆਪਣਾ ਕਾਰੋਬਾਰ ਸਥਾਪਿਤ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਦੇਸ਼ ਵਿਚ ਕੰਮ ਕਰਨ ਨੂੰ ਤਰਜੀਹ ਦੇਣ। ਇਸ ਮੌਕੇ ਖਾਲਸਾ ਕੁਲਚੇ ਵਾਲੇ ਅਮਨਜਿੰਦਰ ਸਿੰਘ ਵੱਲੋਂ ਦੱਸਿਆ ਗਿਆ ਕਿ ਇਹ ਕੰਮ ਉਨ੍ਹਾਂ ਦੇ ਦਾਦਾ ਜੀ ਨੇ ਸ਼ੁਰੂ ਕੀਤਾ ਸੀ ਅਤੇ ਅੱਜ ਚੌਥੀ ਪੀੜ੍ਹੀ ਤੱਕ ਦਾਖ਼ਲ ਹੋ ਗਿਆ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦੇ ਬੱਚੇ ਵੀ ਬਾਹਰ ਜਾਣਾ ਚਾਹੁੰਦੇ ਹਨ ਅਤੇ ਵਿਦੇਸ਼ਾਂ ਵਿਚ ਕੰਮ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਪ੍ਰੇਰਨਾ ਸਦਕਾ ਅੱਜ ਬਿਜ਼ਨਸ ਫ?ਰੈਂਚ ਆਈ.ਜੀ ਮਾਡਲ ਤੇ ਕੰਮ ਕਰਨਾ ਸ਼ੁਰੂ ਕਰ ਲਿਆ ਹੈ। ਉਨ੍ਹਾਂ ਦੇ ਬਣਾਏ ਹੋਏ ਕੁਲਚੇ ਦੇਸ਼ਾਂ-ਵਿਦੇਸ਼ਾਂ ਵਿਚ ਮੁਹੱਈਆ ਕਰਵਾਏ ਜਾਂਦੇ ਹਨ। ਉਨ੍ਹਾਂ ਨੇ ਹੋਰ ਜਾਣਕਾਰੀ ਲਈ ਦੱਸਿਆ ਕਿ ਕੁਲਚੇ 60 ਘੰਟੇ ਤੱਕ ਤਾਜ਼ੇ ਰਹਿ ਸਕਦੇ ਹਨ। ਇਸ ਮੌਕੇ ਡੀ. ਸੀ. ਨੇ ਉਨ੍ਹਾਂ ਦੇ ਕੰਮ ਦੀ ਸਲਾਘਾਯੋਗ ਪ੍ਰਸ਼ੰਸਾ ਕੀਤੀ ਕਿ ਭਵਿੱਖ ਅਤੇ ਕਾਰੋਬਾਰੀ ਵਿਚ ਵੀ ਨੌਜਵਾਨਾਂ ਨੂੰ ਆਪਣੇ ਤਜਰਬੇ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰੇਰਿਤ ਕਰਦੇ ਰਹਿਣਗੇ। ਇਸ ਮੌਕੇ ਰੁਜ਼ਗਾਰ ਅਧਿਕਾਰੀ ਮੁਕੇਸ਼ ਸਾਰੰਗਲ, ਡਿਪਟੀ ਸੀ. ਓ. ਤੀਰਥਪਾਲ ਸਿੰਘ ਅਤੇ ਡੀ. ਡੀ. ਐੱਫ. ਮੁਹੰਦਮ ਬਿਲਾਲ ਅਤੇ ਜਤਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਨੇ ਗੁਰਦਾਸਪੁਰ ਦੇ ਕੀਟਨਾਸ਼ਕ ਵਿਕਰੇਤਾਵਾਂ ਦੀਆਂ ਦੁਕਾਨਾਂ ਤੋਂ 16 ਕੀਟ ਨਾਸ਼ਕਾਂ ਦੇ ਨਮੂਨੇ ਭਰੇ

**ਕੌਮੀ ਪਤ੍ਰਿਕਾ**

ਗੁਰਦਾਸਪੁਰ 27 ਜੂਨ। ਕਿਸਾਨਾਂ ਨੂੰ ਚਾਲੂ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਅਤੇ ਨਦੀਨਨਾਸ਼ਕ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਬਲਾਕ ਗੁਰਦਾਸਪੁਰ ਦੇ ਪਿੰਡ ਜੌੜਾ ਛੱਤਰਾਂ ਅਤੇ ਮੁਕੰਦਪੁਰ ਵਿੱਚ ਕੀਟਨਾਸ਼ਕ ਵਿਕ੍ਰੇਤਾਵਾਂ ਦੇ ਕਾਰੋਬਾਰੀ ਅਦਾਰਿਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਜਿਸ ਦੀ ਅਗਵਾਈ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕੀਤੀ । ਟੀਮ ਵਿਚ ਹੋਰਨਾਂ ਤੋਂ ਇਲਾਵਾ ਡਾਕਟਰ ਗਗਨਦੀਪ ਸਿੰਘ ਖ਼ੇਤੀਬਾੜੀ ਅਫ਼ਸਰ ਡਾ.ਹਰਮਨਦੀਪ ਸਿੰਘ, ਡਾ.ਮਨਜੀਤ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ ਸ਼ਾਮਲ ਸਨ। ਟੀਮ ਵੱਲੋਂ ਵੱਖ-ਵੱਖ ਦੁਕਾਨਾਂ ਤੋਂ ਕੀਟਨਾਸ਼ਕਾਂ ਦੇ 4 ਨਮੂਨੇ ਭਰ ਕੇ ਪਰਖ ਲਈ ਪ੍ਰਯੋਗਸ਼ਾਲਾ ਵਿਚ ਭੇਜ ਦਿੱਤੇ ਗਏ। ਇਸ ਤੋਂ ਇਲਾਵਾ ਬਲਾਕ ਫਤਿਹਗੜ ਚੂੜੀਆਂ ਕਲਾਨੌਰ ,ਦੀਨਾਨਗਰ ਅਤੇ ਡੇਰਾ ਬਾਬਾ ਨਾਨਕ ਵਿਚੋਂ ਖਾਦਾਂ ਦੇ 12 ਨਮੂਨੇ ਵੀ ਭਰੇ ਗਏ। ਅੱਜ ਦੀ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਵਿੱਚ ਝੋਨੇ ਦੀ ਫ਼ਸਲ ਦੀ ਪਨੀਰੀ ਵਿਚ ਨਦੀਨਾਂ ਦੀ ਰੋਕਥਾਮ ਲਈ ਕਿਸਾਨਾਂ ਵਲੋਂ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ ,ਇਸ ਤੋਂ ਇਲਾਵਾ ਛੋਟੇ ਖੁਰਾਕੀ ਤੱਤਾਂ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਖਾਦਾਂ ਖਾਸ ਕਰਕੇ ਛੋਟੇ ਖੁਰਾਕੀ ਤੱਤਾਂ



ਜਿਵੇਂ ਲੋਹਾ ਦਾ ਛਿੜਕਾਅ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਿਆਰੀ ਨਦੀਨ ਨਾਸ਼ਕ ਅਤੇ ਹੋਰ ਖੇਤੀ ਸਮੱਗਰੀ ਮੁਹੱਈਆ ਕਰਵਾਉਣ ਖੇਤੀਬਾੜੀ ਅਤੇ ਕਿਸਾਨ ਭਲਾਈ ਦਾ ਮੁਢਲਾ ਫਰਜ਼ ਹੈ। ਉਨ੍ਹਾਂ ਦੱਸਿਆ ਕਿ ਝੋਨੇ ਦੀ ਫ਼ਸਲ ਵਿਚੋਂ ਨਦੀਨਾਂ ਦੀ ਰੋਕਥਾਮ ਲਈ ਪ੍ਰੇਟਿਲਾਕਲੋਰ ਨਾਮਕ ਨਦੀਨ ਨਾਸ਼ਕ ਦੀ ਵਰਤੋਂ ਕੀਤੀ ਜਾ ਰਹੀ ਹੈ ਜੋਂ ਦੋ ਤਾਕਤਾਂ ਵਿਚ ਬਾਜ਼ਾਰ ਵਿਚ ਉਪਲਬਧ ਹੈ ਅਤੇ ਪ੍ਰਤੀ ਏਕੜ ਮਾਤਰਾ ਵੀ ਅਲੱਗ ਅਲੱਗ ਹੈ। ਉਨ੍ਹਾਂ ਦੱਸਿਆ ਕਿ 750 ਮਿਲੀ ਲਿਟਰ ਪ੍ਰੇਟਿਲਾਕਲੋਰ 37 ਈ.ਸੀ ਅਤੇ 600 ਮਿਲੀ ਲਿਟਰ ਪ੍ਰੇਟਿਲਾਕਲੋਰ 50 ਈ.ਸੀ ਪ੍ਰਤੀ ਏਕੜ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਉਨ੍ਹਾਂ ਦੱਸਿਆ ਕਿ ਫੀਲਡ ਵਿਚ ਕੀਤੇ ਦੌਰਿਆਂ ਦੌਰਾਨ ਦੇਖਿਆ ਗਿਆ ਹੈ ਕਿ ਕਿਸਾਨਾਂ ਵਲੋਂ 750 ਮਿਲੀ ਲਿਟਰ ਪ੍ਰੇਟਿਲਾਕਲੋਰ 37 ਈ.ਸੀ ਪ੍ਰਤੀ ਏਕੜ ਦੀ ਬਿਜਾਏ 600 ਮਿਲੀ ਲਿਟਰ ਪ੍ਰਤੀ ਏਕੜ ਹੀ ਵਰਤੀ ਜਾ ਰਹੀ ਹੈ ਜਿਸ ਨਾਲ ਨਦੀਨ ਪੂਰੀ ਤਰਾਂ ਖਤਮ ਨਹੀਂ ਹੋਣਗੇ ਅਤੇ ਝੋਨੇ ਦੀ ਪੈਦਾਵਾਰ ਪ੍ਰਭਾਵਤ ਹੋ ਸਕਦੀ ਹੈ । ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਿਫਾਰਸ਼ਾਂ ਅਨੁਸਾਰ ਹੀ 750 ਮਿਲੀ ਲਿਟਰ ਪ੍ਰੇਟਿਲਾਕਲੋਰ 37 ਈ.ਸੀ ਪ੍ਰਤੀ ਏਕੜ ਨੂੰ 60 ਕਿਲੋ ਰੇਤ ਜਾਂ ਮਿੱਟੀ ਵਿਚ ਰਲਾ ਕੇ ਇਕਸਾਰ ਛੱਟਾ ਦਿੱਤਾ ਜਾਵੇ ਤਾਂ ਜੋ ਨਦੀਨਾਂ ਦੀ ਸਹੀ ਰੋਕਥਾਮ ਹੋ ਸਕੇ ।ਉਨ੍ਹਾਂ ਕੀਟਨਾਸ਼ਕ ਵਿਕ੍ਰੇਤਾਵਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਆਪਣੇ ਲਾਇਸੰਸ ਅਤੇ ਹੋਰ ਜ਼ਰੂਰੀ ਦਸਤਾਵੇਜ ਪੂਰੇ ਕਰਕੇ ਰੱਖਣ ਅਤੇ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਵਰਤੀ ਜਾਵੇ ਅਤੇ ਖਾਦ ਦੀ ਹੋਈ ਵਿਕਰੀ ਦਾ ਸਟਾਕ ਪੋਸ ਮਸ਼ੀਨਾਂ ਵਿਚੋਂ ਰੋਜ਼ਾਨਾ ਕੱਢਿਆ ਜਾਵੇ ਤਾਂ ਖਾਦ ਦੀ ਸਪਲਾਈ ਵਿਚ ਕੋਈ ਵਿਗਨ ਨਾ ਪਵੇ । ਉਨ੍ਹਾਂ ਕਿਹਾ ਕਿ ਡੀਲਰਾਂ /ਸਹਿਕਾਰੀ ਸਭਾਵਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ , ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ । ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ,ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਫ਼ਸਲਾਂ ਵਿਚ ਯੂਰੀਆ ਖਾਦ ਦੀ ਵਰਤੋਂ ਸਿਫਾਰਸ਼ਾਂ ਅਨੁਸਾਰ ਹੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਯੂਰੀਆ ਖਾਦ ਦੀ ਕਾਲਾਬਜ਼ਾਰੀ ਅਤੇ ਜਮਾਂ ਖੋਰੀ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋਂ ਕਿਸਾਨਾਂ ਨੂੰ ਯੂਰੀਆ ਖਾਦ ਜ਼ਰੂਰਤ ਅਨੁਸਾਰ ਮਿਲਣ ਵਿਚ ਕੋਈ ਮੁਸ਼ਕਲ ਪੇਸ਼ ਨਾਂ ਆਵੇ। ਉਨ੍ਹਾਂ ਦੱਸਿਆ ਕਿ ਖਾਦ ਵਿਕਰੇਤਾਵਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਰੋਜ਼ਾਨਾ ਦੁਕਾਨ ਤੇ ਯੂਰੀਆ ਖਾਦ ਦਾ ਸਟਾਕ ਬੋਰਡ ਵਿਚ ਸਟਾਕ ਵਿਚ ਮੌਜੂਦ ਖਾਦ ਦੀ ਮਾਤਰਾ ਅਤੇ ਕੀਮਤ ਲਿਖੀ ਹੋਣੀ ਚਾਹੀਦੀ ਹੈ ਡਾਕਟਰ ਗਗਨਦੀਪ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਖਾਦ,ਕੀਟਨਾਸ਼ਕ ਰਸਾਇਣ ਜਾਂ ਬੀਜ ਖ?ਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ ਅਤੇ ਜੇਕਰ ਕੋਈ ਡੀਲਰ ਬਿੱਲ ਦੇਣ ਤੋਂ ਇਨਕਾਰੀ ਹੁੰਦਾ ਹੈ ਤਾਂ ਉਸ ਦੀ ਲਿਖਤੀ ਤੌਰ 'ਤੇ ਸ਼ਿਕਾਇਤ ਸੰਬੰਧਤ ਖੇਤੀਬਾੜੀ ਅਧਿਕਾਰੀ ਜਾਂ ਮੁੱਖ ਖੇਤੀਬਾੜੀ ਅਫਸਰ ਨੂੰ ਕਰਨ।